Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: **Gurjatinder Singh Randhawa**
Punjab Mail USA




Vol. 18, Issue- 798, 18 to 24 April, 2024, Ph: 916-320-9444, E-mail: punjabmailusa@yahoo.com, Web: punjabmailusa.com

## ਲੋਕ ਸਭਾ ਚੋਣਾਂ : ਪੰਜਾਬ 'ਚ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰਾਂ ਦਾ ਐਲਾਨ

**ਚੰਡੀਗੜ੍ਹ, (ਪੰਜਾਬ ਮੇਲ)-** ਲੋਕ ਸਭਾ ਚੋਣਾਂ ਲਈ ਪੰਜਾਬ 'ਚ ਵੱਖ-ਵੱਖ ਪਾਰਟੀਆਂ ਨੇ ਆਪੋ-ਆਪਣੇ ਉਮੀਦਵਾਰਾਂ ਦੀਆਂ ਸੂਚੀਆਂ ਜਾਰੀ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ, ਜਿਸ ਕਰਕੇ ਇਥੇ ਚੋਣ ਪ੍ਰਚਾਰ ਸ਼ੁਰੂ ਹੋ ਚੁੱਕਾ ਹੈ। ਪੰਜਾਬ 'ਚ 1 ਜੂਨ ਨੂੰ ਲੋਕ ਸਭਾ ਦੀਆਂ ਚੋਣਾਂ ਹੋਣੀਆਂ ਹਨ। ਵੱਖ-ਵੱਖ ਪਾਰਟੀਆਂ ਵੱਲੋਂ ਹੁਣ ਤੱਕ ਐਲਾਨੇ ਉਮੀਦਵਾਰਾਂ 'ਚ ਅੰਮ੍ਰਿਤਸਰ ਤੋਂ ਕਾਂਗਰਸ ਪਾਰਟੀ ਨੇ ਗੁਰਜੀਤ ਸਿੰਘ ਔਜਲਾ ਨੂੰ ਟਿਕਟ ਦਿੱਤੀ ਹੈ। ਭਾਜਪਾ ਵੱਲੋਂ ਅਮਰੀਕਾ 'ਚ ਭਾਰਤ ਦੇ ਸਾਬਕਾ ਅੰਬੈਸਡਰ ਤਰਨਜੀਤ ਸਿੰਘ ਸੰਧੂ ਨੂੰ ਅਜ਼ਮਾਇਆ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ (ਬ) ਵੱਲੋਂ ਅਨਿਲ ਜੋਸ਼ੀ ਨੂੰ ਉਮੀਦਵਾਰ ਬਣਾਇਆ ਗਿਆ ਹੈ, ਜਦਕਿ ਮੌਜੂਦਾ ਸੱਤਾਧਾਰੀ ਆਮ ਆਦਮੀ ਪਾਰਟੀ ਵੱਲੋਂ ਕੁਲਦੀਪ ਸਿੰਘ ਧਾਲੀਵਾਲ ਨੂੰ ਮੈਦਾਨ ਵਿਚ ਉਤਾਰਿਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਮਾਨ (ਅੰਮ੍ਰਿਤਸਰ) ਨੇ ਇਮਾਨ ਸਿੰਘ ਮਾਨ ਨੂੰ ਟਿਕਟ ਦਿੱਤੀ ਹੈ।




ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਵੱਲੋਂ ਅਮਨਸ਼ੇਰ ਸਿੰਘ ਕਲਸੀ, ਭਾਜਪਾ ਵੱਲੋਂ ਦਿਨੇਸ਼ ਬੱਬੂ, ਸ਼੍ਰੋਮਣੀ ਅਕਾਲੀ ਦਲ ਵੱਲੋਂ ਦਲਜੀਤ ਸਿੰਘ ਚੀਮਾ ਚੋਣ ਮੈਦਾਨ ਵਿਚ ਹਨ।

ਫਿਰੋਜ਼ਪੁਰ ਤੋਂ ਹਾਲੇ ਦੋ ਪਾਰਟੀਆਂ ਨੇ ਹੀ ਆਪਣੇ ਉਮੀਦਵਾਰ ਐਲਾਨੇ ਹਨ, ਜਿਨ੍ਹਾਂ ਵਿਚ ਆਮ ਆਦਮੀ ਪਾਰਟੀ ਵੱਲੋਂ ਜਗਦੀਪ ਸਿੰਘ ਬਰਾੜ ਅਤੇ ਸ਼੍ਰੋਮਣੀ ਅਕਾਲੀ ਦਲ ਮਾਨ (ਅੰਮ੍ਰਿਤਸਰ) ਨੇ ਭੁਪਿੰਦਰ ਸਿੰਘ ਭੁੱਲਰ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ।

ਜਲੰਧਰ ਲੋਕ ਸਭਾ ਹਲਕੇ ਤੋਂ ਕਾਂਗਰਸ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਇਥੋਂ ਆਪਣਾ ਉਮੀਦਵਾਰ ਐਲਾਨਿਆ ਹੈ, ਜਦਕਿ ਪਵਨ ਕੁਮਾਰ ਟੀਨੂੰ ਆਮ ਆਦਮੀ ਪਾਰਟੀ ਵੱਲੋਂ ਉਮੀਦਵਾਰ ਹੋਣਗੇ। ਭਾਜਪਾ ਵੱਲੋਂ ਸੁਸ਼ੀਲ ਕੁਮਾਰ ਰਿੰਕੂ ਅਤੇ ਬਸਪਾ ਵੱਲੋਂ ਬਲਵਿੰਦਰ ਕੁਮਾਰ ਨੂੰ ਆਪਣਾ ਉਮੀਦਵਾਰ ਐਲਾਨਿਆ ਗਿਆ ਹੈ। ਲੁਧਿਆਣਾ ਤੋਂ ਕਾਂਗਰਸ ਛੱਡ ਕੇ ਆਏ ਮੌਜੂਦਾ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਇਸ ਵਾਰ ਭਾਜਪਾ ਵੱਲੋਂ ਉਮੀਦਵਾਰ ਹੋਣਗੇ, ਜਦਕਿ 'ਆਪ' ਵੱਲੋਂ ਅਸ਼ੋਕ ਪਰਾਸ਼ਰ ਨੂੰ ਆਪਣਾ ਉਮੀਦਵਾਰ ਨਾਮਜ਼ਦ ਕੀਤਾ ਗਿਆ ਹੈ।

ਪਟਿਆਲਾ ਲੋਕ ਸਭਾ ਹਲਕੇ ਤੋਂ ਕਾਂਗਰਸ ਛੱਡ ਕੇ ਆਈ ਬੀਬੀ ਪਰਨੀਤ ਕੌਰ ਭਾਜਪਾ ਦੀ ਉਮੀਦਵਾਰ ਹੋਵੇਗੀ। ਕਾਂਗਰਸ ਵੱਲੋਂ ਡਾ. ਧਰਮਵੀਰ ਸਿੰਘ ਗਾਂਧੀ, ਸ਼੍ਰੋਮਣੀ ਅਕਾਲੀ ਦਲ (ਬ) ਦੇ ਐੱਨ.ਕੇ. ਸ਼ਰਮਾ, 'ਆਪ' ਵੱਲੋਂ ਡਾ. ਬਲਬੀਰ ਸਿੰਘ ਅਤੇ ਬਸਪਾ ਵੱਲੋਂ ਜਗਜੀਤ ਸਿੰਘ ਛੜਬੜ ਨੂੰ ਟਿਕਟਾਂ ਦਿੱਤੀਆਂ ਗਈਆਂ ਹਨ।

ਬਠਿੰਡਾ ਤੋਂ 'ਆਮ ਆਦਮੀ ਪਾਰਟੀ' ਦੇ ਮੌਜੂਦਾ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਸ਼੍ਰੋਮਣੀ ਅਕਾਲੀ ਦਲ (ਬ) ਵੱਲੋਂ ਹਰਸਿਮਰਤ ਕੌਰ ਬਾਦਲ, ਉਮੀਦਵਾਰ ਕਾਂਗਰਸ ਵੱਲੋਂ ਜੀਤ ਮਹਿੰਦਰ ਸਿੰਘ ਸਿੱਧੂ, ਭਾਜਪਾ ਵੱਲੋਂ ਪਰਮਪਾਲ ਕੌਰ ਸਿੱਧੂ ਅਤੇ ਸ਼੍ਰੋਮਣੀ ਅਕਾਲੀ ਦਲ ਮਾਨ (ਅੰਮ੍ਰਿਤਸਰ) ਵੱਲੋਂ ਸਮਾਜ ਸੇਵਕ ਲੱਖਾ ਸਿਧਾਣਾਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ।

■ ਬਾਕੀ ਖਬਰ ਸਫਾ 17 'ਤੇ

## ਅਮਰੀਕਾ 'ਚ ਬੈਕਲਾਗ ਖਤਮ ਕਰਨ 'ਚ ਲੱਗ ਸਕਦੇ ਨੇ 195 ਸਾਲ !

**ਵਾਸ਼ਿੰਗਟਨ, ਡੀ.ਸੀ. (ਪੰਜਾਬ ਮੇਲ)-** ਯੂ.ਐੱਸ. ਸਿਟੀਜ਼ਨਸ਼ਿਪ ਅਤੇ ਇਮੀਗ੍ਰੇਸ਼ਨ ਸਰਵਿਸਿਜ਼ ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ 10 ਲੱਖ ਤੋਂ ਵੱਧ ਭਾਰਤੀ ਹੁਣ ਰੁਜ਼ਗਾਰ-ਅਧਾਰਤ ਇਮੀਗ੍ਰੇਸ਼ਨ ਬੈਕਲਾਗ ਦੀ ਉਡੀਕ ਕਰ ਰਹੇ ਹਨ। ਇਹ ਦਰਸਾਉਂਦਾ ਹੈ ਕਿ ਭਾਰਤ ਦੇ ਬਹੁਤ ਸਾਰੇ ਉੱਚ ਹੁਨਰਮੰਦ ਪੇਸ਼ੇਵਰਾਂ ਨੂੰ ਪ੍ਰਤੀ-ਦੇਸ਼ ਸੀਮਾ ਅਤੇ ਘੱਟ ਸਾਲਾਨਾ ਕੋਟੇ ਕਾਰਨ ਗ੍ਰੀਨ ਕਾਰਡ ਪ੍ਰਾਪਤ ਕਰਨ ਲਈ ਸੰਭਾਵਤ ਤੌਰ 'ਤੇ ਦਹਾਕਿਆਂ-ਲੰਬੀਆਂ ਉਡੀਕਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਅਮਰੀਕਾ 'ਚ ਆਸ਼ਰਿਤਾਂ ਸਮੇਤ 12 ਲੱਖ ਤੋਂ ਵੱਧ ਭਾਰਤੀ ਰੁਜ਼ਗਾਰ-ਆਧਾਰਿਤ ਗ੍ਰੀਨ ਕਾਰਡ ਸ਼੍ਰੇਣੀਆਂ ਵਿਚ ਪਹਿਲੇ, ਦੂਜੇ ਅਤੇ ਤੀਜੇ ਦਰਜੇ ਦੀ ਉਡੀਕ ਕਰ ਰਹੇ ਹਨ।

ਨੈਸ਼ਨਲ ਫਾਊਂਡੇਸ਼ਨ ਫਾਰ ਅਮਰੀਕਨ ਪਾਲਿਸੀ ਨੇ ਯੂ.ਐੱਸ.ਸੀ.ਆਈ.ਐੱਸ. ਦੇ

**■ 12 ਲੱਖ ਤੋਂ ਵੱਧ ਭਾਰਤੀ ਗ੍ਰੀਨ ਕਾਰਡ ਦੀ ਉਡੀਕ 'ਚ**



ਅੰਕੜਿਆਂ ਦੇ ਵਿਸ਼ਲੇਸ਼ਣ ਵਿਚ ਕਿਹਾ ਗਿਆ ਹੈ ਕਿ 51,249 ਅਰਜ਼ੀਆਂ ਰੋਜ਼ਗਾਰ-ਆਧਾਰਿਤ ਪਹਿਲੀ ਤਰਜੀਹ ਵਿਚ ਹਨ, ਜਿਸਨੂੰ ਈ.ਬੀ.-1 ਵੀਜ਼ਾ ਵੀ ਕਿਹਾ ਜਾਂਦਾ ਹੈ। ਐੱਨ.ਐੱਫ.ਏ.ਪੀ. ਨੇ ਪਹਿਲੀ ਤਰਜੀਹ ਬੈਕਲਾਗ ਵਿਚ ਕੁੱਲ 143,497 ਭਾਰਤੀਆਂ ਲਈ ਵਾਧੂ 92,248 ਆਸ਼ਰਿਤਾਂ ਦਾ ਅਨੁਮਾਨ ਲਗਾਇਆ ਹੈ। ਈ.ਬੀ.-1 ਵਿਚ ਅਸਾਧਾਰਨ ਯੋਗਤਾ ਵਾਲੇ ਕਰਮਚਾਰੀ, ਉੱਤਮ ਪ੍ਰੋਫੈਸਰ ਅਤੇ ਖੋਜਕਰਤਾ

■ ਬਾਕੀ ਖਬਰ ਸਫਾ 17 'ਤੇ

## ਚੋਣਾਂ ਤੋ ਪਹਿਲਾਂ ਟਰੰਪ ਨੂੰ ਝਟਕਾ; ਅਪਰਾਧਿਕ ਮੁਕੱਦਮਾ ਸ਼ੁਰੂ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਸਾਬਕਾ ਅਮਰੀਕੀ



ਰਾਸ਼ਟਰਪਤੀ ਡੋਨਾਲਡ ਟਰੰਪ ਖਿਲਾਫ ਅਪਰਾਧਿਕ ਮੁਕੱਦਮਾ ਸ਼ੁਰੂ ਹੋ ਗਿਆ ਹੈ। ਯਾਨੀ ਉਸ ਨੂੰ ਅਪਰਾਧਿਕ ਜੁਰਮ ਵਿਚ ਅਦਾਲਤ ਵਿਚ ਪੇਸ਼ ਹੋਣਾ ਪੈਣਾ ਹੈ। ਅਮਰੀਕਾ ਦੇ ਇਤਿਹਾਸ 'ਚ ਇਹ ਪਹਿਲੀ ਵਾਰ ਹੈ ਕਿ ਕਿਸੇ ਸਾਬਕਾ ਰਾਸ਼ਟਰਪਤੀ 'ਤੇ ਅਪਰਾਧਿਕ ਮਾਮਲੇ 'ਚ ਮੁਕੱਦਮਾ ਚਲਾਇਆ ਗਿਆ ਹੈ। ਇਹ ਮੁਕੱਦਮਾ ਟਰੰਪ 'ਤੇ ਆਪਣੇ ਸੈਕਸ ਸਕੈਂਡਲ ਨੂੰ ਲੁਕਾਉਣ ਲਈ ਕਾਰੋਬਾਰੀ ਰਿਕਾਰਡ ਨਾਲ ਛੇੜਛਾੜ ਕਰਨ ਦੇ ਦੋਸ਼ ਹੇਠ ਹੈ। ਡੋਨਾਲਡ ਟਰੰਪ ਇਸ ਸਾਲ ਦੁਬਾਰਾ ਰਾਸ਼ਟਰਪਤੀ ਲਈ ਚੋਣ ਲੜਨ ਲਈ

**■ ਸੈਕਸ ਸਕੈਂਡਲ ਨੂੰ ਲੁਕਾਉਣ ਲਈ ਕਾਰੋਬਾਰੀ ਰਿਕਾਰਡ ਨਾਲ ਛੇੜਛਾੜ ਕਰਨ ਦੇ ਦੋਸ਼ ਹੇਠ ਚਲਾਇਆ ਜਾ ਰਿਹੈ ਮੁਕੱਦਮਾ**

ਤਿਆਰ ਹਨ ਅਤੇ ਦੁਨੀਆਂ ਦਾ ਸਭ ਤੋਂ ਸ਼ਕਤੀਸ਼ਾਲੀ ਆਦਮੀ ਬਣਨ ਦਾ ਟੀਚਾ ਰੱਖਦੇ ਹਨ। ਇਹ ਅਪਰਾਧਿਕ ਮੁਕੱਦਮਾ ਉਸ ਦੀ ਸਾਖ ਨੂੰ ਖਰਾਬ ਕਰਨਾ ਯਕੀਨੀ ਹੈ। ਸਮੱਸਿਆ ਇਹ ਹੈ ਕਿ ਟਰੰਪ ਹੁਣ ਚੋਣ ਪ੍ਰਚਾਰ ਕਰ ਰਹੇ ਹਨ ਅਤੇ ਚੋਣ ਪ੍ਰਚਾਰ ਦੇ ਨਾਲ ਟਰੰਪ ਨੂੰ ਅਦਾਲਤ ਵਿਚ ਕੇਸ ਵੀ ਲੜਨਾ ਪਵੇਗਾ। ਡੋਨਾਲਡ ਟਰੰਪ ਨੇ ਜੱਜ ਜੁਆਨ ਮਰਸੇਨ ਨੂੰ ਕੇਸ ਤੋਂ ਹਟਾਉਣ ਦੀ ਕੋਸ਼ਿਸ਼ ਵੀ ਕੀਤੀ ਸੀ। ਪਰ ਉਹ ਅਸਫਲ ਰਹੇ। ਜੱਜ ਨੇ ਐਲਾਨ ਕੀਤਾ ਕਿ ਉਹ ਇਸ ਕੇਸ ਨੂੰ ਜਾਰੀ ਰੱਖੇਗਾ। ਟਰੰਪ ਨੇ ਜੱਜ ਦੀ ਧੀ ਨੂੰ ਇਹ ਕਹਿ ਕੇ ਕੇਸ ਤੋਂ ਹਟਾਉਣ ਦੀ ਅਸਫਲ ਕੋਸ਼ਿਸ਼ ਕੀਤੀ ਕਿ ਉਹ ਡੈਮੋਕ੍ਰੇਟਿਕ ਪਾਰਟੀ ਦੀ ਸਿਆਸੀ ਸਲਾਹਕਾਰ ਹੈ। ਜੱਜ ਦਾ ਕਹਿਣਾ ਹੈ ਕਿ ਟਰੰਪ ਦੇ ਵਿਰੋਧੀਆਂ ਲਈ ਕੰਮ ਕਰਨ ਵਾਲੀ ਆਪਣੀ ਧੀ ਨਾਲ ਉਸਦਾ ਕੋਈ ਲੈਣਾ-ਦੇਣਾ ਨਹੀਂ ਹੈ। ਇਸ ਦਾ ਮਤਲਬ ਹੈ ਕਿ ਉਨ੍ਹਾਂ ਦਾ ਟਰੰਪ ਖਿਲਾਫ ਕੋਈ ਲੁਕਵਾਂ ਏਜੰਡਾ ਨਹੀਂ ਹੈ। ਟਰੰਪ ਦੇ ਖਿਲਾਫ ਕੇਸ ਦੀ ਸੁਣਵਾਈ ਲਈ ਹੁਣ ਇੱਕ ਜਿਊਰੀ ਦੀ ਚੋਣ ਕੀਤੀ ਜਾਵੇਗੀ, ਜਿਸ ਵਿਚ ਦੋ ਹਫ਼ਤੇ ਲੱਗ ਸਕਦੇ ਹਨ। ਇਸ ਤੋਂ ਬਾਅਦ ਸੁਣਵਾਈ ਜੂਨ 'ਚ ਸ਼ੁਰੂ ਹੋ ਸਕਦੀ ਹੈ। ਡੋਨਾਲਡ ਟਰੰਪ ਲਈ ਇਹ ਬਹੁਤ ਸ਼ਰਮਨਾਕ ਸਥਿਤੀ ਹੋਵੇਗੀ ਕਿਉਂਕਿ ਉਹ ਜਿਸ ਅਤੀਤ ਨੂੰ ਦਫਨਾਉਣਾ ਚਾਹੁੰਦਾ ਸੀ, ਉਹ

■ ਬਾਕੀ ਖਬਰ ਸਫਾ 17 'ਤੇ

## ਪੰਜਾਬੀ ਸਾਹਿਤ ਸਭਾ ਦੀ ਐਗਜ਼ੈਕਟਿਵ ਕਮੇਟੀ ਦੀ ਮੀਟਿੰਗ ਦੌਰਾਨ 19 ਮਈ ਦੀ ਕਾਨਫਰੰਸ ਬਾਰੇ ਕੀਤੇ ਗਏ ਵਿਚਾਰ-ਵਟਾਂਦਰੇ



ਮੀਟਿੰਗ ਦੌਰਾਨ ਪੰਜਾਬੀ ਸਾਹਿਤ ਸਭਾ ਦੀ ਐਗਜ਼ੈਕਟਿਵ ਕਮੇਟੀ ਦੇ ਮੈਂਬਰ।

**ਫਰਿਜ਼ਨੋ, (ਪੰਜਾਬ ਮੇਲ)-** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਐਗਜ਼ੈਕਟਿਵ ਕਮੇਟੀ ਦੀ ਮੀਟਿੰਗ ਗੁਰਜਤਿੰਦਰ ਸਿੰਘ ਰੰਧਾਵਾ ਦੇ ਗ੍ਰਹਿ ਵਿਖੇ ਹੋਈ। ਮੀਟਿੰਗ ਵਿਚ ਐਗਜ਼ੈਕਟਿਵ ਕਮੇਟੀ ਦੇ ਮੈਂਬਰਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿਚ ਪ੍ਰਧਾਨ ਦਲਵੀਰ ਦਿਲ ਨਿੱਜਰ, ਗੁਰਜਤਿੰਦਰ ਸਿੰਘ ਰੰਧਾਵਾ, ਡਾ. ਪਰਗਟ ਸਿੰਘ ਹੁੰਦਲ, ਹਰਭਜਨ ਸਿੰਘ ਢੇਰੀ, ਜੋਤੀ ਸਿੰਘ, ਰਾਠੇਸ਼ਵਰ ਸਿੰਘ ਸੂਰਾਪੁਰੀ, ਮੇਜਰ ਭੁਪਿੰਦਰ ਦਲੇਰ, ਮਨਜੀਤ ਕੌਰ ਸੇਖੋਂ, ਜੀਵਨ ਰੱਤੂ, ਗੁਰਦੀਪ ਕੌਰ ਤੇ ਫਕੀਰ ਸਿੰਘ ਮੱਲ੍ਹੀ ਸ਼ਾਮਲ ਸਨ। ਮੀਟਿੰਗ ਦੌਰਾਨ ਸਭਾ ਦੀ 19 ਮਈ, 2024 ਨੂੰ ਹੋਣ ਵਾਲੀ 20ਵੀਂ ਕਾਨਫਰੰਸ ਬਾਰੇ ਖੁੱਲ੍ਹ ਕੇ ਵਿਚਾਰ-ਵਟਾਂਦਰੇ ਕੀਤੇ ਗਏ। ਇਸ ਦੌਰਾਨ ਫੈਸਲਾ ਕੀਤਾ ਗਿਆ ਕਿ ਅਮਰ ਸੂਫੀ (ਇੰਡੀਆ), ਦਲਬੀਰ ਕਥੂਰੀਆ (ਟੋਰਾਂਟੋ) ਤੇ ਪ੍ਰੀਤਮ ਸਿੰਘ ਭਰੋਵਾਲ (ਇੰਡੀਆ) ਕਾਨਫਰੰਸ ਦੀ ਪ੍ਰਧਾਨਗੀ ਕਰਨਗੇ। ਇਸ ਮੌਕੇ ਇਕ ਸੋਵੀਨੀਰ ਰਿਲੀਜ਼ ਕੀਤਾ ਜਾਵੇਗਾ, ਜਿਸ ਵਿਚ ਸਭਾ ਦੇ ਮੈਂਬਰਾਂ ਦੀਆਂ ਲਿਖਤਾਂ ਪੇਸ਼ ਕੀਤੀਆਂ ਜਾਣਗੀਆਂ। ਗੁਲਾਟੀ ਪਬਲੀਕੇਸ਼ਨਜ਼ ਵੱਲੋਂ ਕਿਤਾਬਾਂ ਦੀ ਪ੍ਰਦਰਸ਼ਨੀ ਲਗਾਈ ਜਾਵੇਗੀ।

ਪੂਜਾ ਰੈਸਟੋਰੈਂਟ, ਵੈਸਟ ਸੈਕਰਾਮੈਂਟੋ ਵਿਖੇ ਹੋਣ ਵਾਲੀ ਇਸ ਕਾਨਫਰੰਸ ਵਿਚ ਜਿੱਥੇ ਪੰਜਾਬੀ ਭਾਸ਼ਾ ਬਾਰੇ ਵਿਚਾਰ-ਵਟਾਂਦਰੇ ਹੋਣਗੇ, ਉਥੇ ਕਵੀ ਸੰਮੇਲਨ ਵੀ ਹੋਵੇਗਾ। ਛੋਟੇ ਬੱਚਿਆਂ ਦੇ ਪੰਜਾਬੀ ਭਾਸ਼ਾ ਬਾਰੇ ਮੁਕਾਬਲੇ ਕਰਵਾਏ ਜਾਣਗੇ। ਇਸ ਮੌਕੇ ਪ੍ਰਸਿੱਧ ਗਾਇਕ ਪੰਮੀ ਬਾਈ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਜਾਵੇਗਾ। ਕਾਨਫਰੰਸ ਨੂੰ ਲੈ ਕੇ ਮੈਂਬਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਹੋਰ ਜਾਣਕਾਰੀ ਲਈ ਸਭਾ ਦੇ ਪ੍ਰਧਾਨ ਦਿਲ ਨਿੱਜਰ ਨੂੰ ਫੋਨ ਨੰਬਰ : 916-628-2210 ਜਾਂ ਜਨਰਲ ਸਕੱਤਰ ਗੁਰਜਤਿੰਦਰ ਸਿੰਘ ਰੰਧਾਵਾ ਨੂੰ 916-320-9444 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## APCA ਦਾ ਸਾਲਾਨਾ ਟਰੇਡ ਸ਼ੋਅ 8 ਮਈ ਨੂੰ ਫਰਿਜ਼ਨੋ ਵਿਖੇ

**ਫਰਿਜ਼ਨੋ, (ਪੰਜਾਬ ਮੇਲ)-** ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨੀਅੰਸ ਸਟੋਰ ਐਸੋਸੀਏਸ਼ਨ ਵੱਲੋਂ ਆਪਣਾ 10ਵਾਂ ਸਾਲਾਨਾ ਟਰੇਡ ਸ਼ੋਅ 8 ਮਈ, 2024, ਦਿਨ ਬੁੱਧਵਾਰ ਨੂੰ ਦੁਪਹਿਰੇ 12.30 ਵਜੇ ਤੋਂ 5.30 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਸ ਟਰੇਡ ਸ਼ੋਅ ਵਿਚ 100 ਤੋਂ ਵੱਧ ਵੈਂਡਰਸ ਆਪਣੇ ਨਵੇਂ ਪ੍ਰੋਡਕਟਸ ਅਤੇ ਸਪੈਸ਼ਲ ਡੀਲਾਂ ਲੈ ਕੇ ਪਹੁੰਚਣਗੇ। ਸ਼ਾਮ ਨੂੰ 6.30 ਵਜੇ ਤੋਂ ਲੈ ਕੇ 9.00 ਵਜੇ ਤੱਕ ਪੰਜਾਬੀ ਲਾਈਵ ਕੰਸਰਟ ਹੋਵੇਗਾ, ਜਿਸ ਵਿਚ ਪੰਜਾਬੀ ਦੇ ਉੱਘੇ ਗਾਇਕ ਹਰਭਜਨ ਮਾਨ ਆਪਣੇ ਗੀਤਾਂ ਰਾਹੀਂ APCA ਦੇ ਮੈਂਬਰਾਂ ਦਾ ਮਨੋਰੰਜਨ ਕਰਨਗੇ।

ਇਸ ਸ਼ੋਅ ਵਿਚ ਸ਼ਾਮਲ ਹੋਣ ਲਈ APCA ਦੇ ਮੈਂਬਰ ਬਣੋ। ਆਪਣੇ ਹਰ ਸਟੋਰ ਦੀ ਮੈਂਬਰਸ਼ਿਪ ਫੀਸ ਭਰੋ। APCA ਦੇ ਹਰ ਪੇਡ ਸਟੋਰ ਮੈਂਬਰ ਨੂੰ 100 ਡਾਲਰ ਦੀਆਂ 2 ਵੈਲਿਊ ਟਿਕਟ ਫਰੀ ਦਿੱਤੀਆਂ ਜਾਣਗੀਆਂ।

Fresno Area Retailers visit SM Bros. at 186 S. West Ave, Fresno to become APCA member and get 2 Free Tickets 50 ਡਾਲਰ ਦੀ ਛੋਟੀ ਜਿਹੀ ਕੀਮਤ 'ਤੇ ਐਡੀਸ਼ਨਲ ਟਿਕਟ ETIX.com 'ਤੇ ਆਨਲਾਈਨ ਜਾਂ ਤੁਸੀਂ ਟਰੇਡ ਸ਼ੋਅ ਤੋਂ ਵੀ ਖਰੀਦ ਸਕਦੇ ਹੋ।

ਇਸ ਲਾਈਵ ਸ਼ੋਅ ਵਿਚ ਸ਼ਾਮਲ ਹੋਣ ਲਈ ਮੈਂਬਰਾਂ ਦਾ ਟਰੇਡ ਸ਼ੋਅ 'ਚ ਹਿੱਸਾ ਲੈਣਾ ਜ਼ਰੂਰੀ ਹੈ।

ਵਧੇਰੇ ਜਾਣਕਾਰੀ ਲਈ ਜਸਬੀਰ ਸਰਾਏ : 209-675-0866 ਜਾਂ APCA ਦਫਤਰ : 916-627-1170 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਕੈਨੇਡਾ 'ਚ 24 ਸਾਲਾ ਭਾਰਤੀ ਵਿਦਿਆਰਥੀ ਦੀ ਗੋਲੀ ਮਾਰ ਕੇ ਹੱਤਿਆ

**ਵੈਨਕੂਵਰ, (ਰਾਜ ਗੋਗਨਾ/ ਪੰਜਾਬ ਮੇਲ)-** ਕੈਨੇਡਾ ਦੇ ਵੈਨਕੂਵਰ 'ਚ ਸਨਸੈਟ ਇਲਾਕੇ 'ਚ ਇਕ 24 ਸਾਲਾ ਭਾਰਤੀ ਵਿਦਿਆਰਥੀ ਦੀ ਉਸ ਦੀ ਕਾਰ 'ਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਵੈਨਕੂਵਰ ਦੀ ਪੁਲਿਸ ਨੇ ਇੱਕ ਬਿਆਨ ਵਿਚ ਕਿਹਾ ਕਿ ਚਿਰਾਗ ਅੰਤਿਲ (24) ਖੇਤਰ ਵਿਚ ਇੱਕ ਵਾਹਨ ਦੇ ਅੰਦਰ ਮ੍ਰਿਤਕ ਪਾਇਆ ਗਿਆ।



ਚਿਰਾਗ ਅੰਤਿਲ ਦੀ ਪੁਰਾਣੀ ਤਸਵੀਰ।

ਗੋਲੀਬਾਰੀ ਦੀ ਆਵਾਜ਼ ਸੁਣਨ ਤੋਂ ਬਾਅਦ, ਆਸ-ਪਾਸ ਦੇ ਵਸਨੀਕਾਂ ਨੇ ਐਮਰਜੈਂਸੀ ਪੁਲਿਸ ਨੂੰ ਬੁਲਾਇਆ। ਪੁਲਿਸ ਬੁਲਾਰੇ ਤਾਨੀਆ ਵਿਸਿੰਟਿਨ ਦੇ ਹਵਾਲੇ ਨਾਲ ਇਸ ਦੀ ਹੱਤਿਆ ਦੀ ਰਿਪੋਰਟ ਕੀਤੀ। ਵੈਨਕੂਵਰ ਪੁਲਿਸ ਨੇ ਕਿਹਾ, ਬੀਤੀ 12 ਅਪ੍ਰੈਲ ਦੀ ਰਾਤ ਨੂੰ 11 ਵਜੇ ਦੇ ਆਸਪਾਸ ਪੂਰਬੀ 55ਵੇਂ ਐਵੇਨਿਊ ਅਤੇ ਮੇਨ ਸਟਰੀਟ 'ਤੇ ਪੁਲਿਸ ਅਧਿਕਾਰੀਆਂ ਨੂੰ ਫੋਨ ਕਰਕੇ ਬੁਲਾਇਆ ਗਿਆ, ਜਦੋਂ ਨਿਵਾਸੀਆਂ ਨੇ ਬੰਦੂਕ ਦੀਆਂ ਗੋਲੀਆਂ ਦੀ ਆਵਾਜ਼ ਸੁਣੀ। ਚਿਰਾਗ ਅੰਤਿਲ ਨੂੰ ਖੇਤਰ ਵਿਚ ਇੱਕ ਵਾਹਨ ਦੇ ਅੰਦਰ ਹੀ ਮ੍ਰਿਤਕ ਪਾਇਆ ਗਿਆ।

■ ਬਾਕੀ ਖਬਰ ਸਫਾ 17 'ਤੇ

APCA is excited to announce its

# 10TH ANNUAL BUYER'S TRADE SHOW IN FRESNO

on

Wednesday, May 8th, 2024
at Industrial Commerce Building
The Big Fresno Fair,
Fresno, CA 93702

**FREE ADMISSION**

*Special Vendor Deals + New Items*

- 100+Vendor Booths and 600+ Retailers From All Over California.
- Cash Prizes A GRAND PRIZE and free Raffle Prizes are being given Away

10 YEARS ANNIVERSARY

# APCA

AMERICAN PETROLEUM AND CONVENIENCE STORE ASSOCIATION

*APCA has always been committed in offering both our exhibitors and attendees the best possible avenue to ensure a successful experience at our Trade Show events.*

## May 8th, 2024 From 12:30pm to 5:30pm at Industrial Commerce Building, The Big Fresno Fair, Fresno, CA 93702

## ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ

## 10ਵਾਂ ਸਾਲਾਨਾ ਖਰੀਦਦਾਰਾਂ ਦਾ ਟਰੇਡ ਸ਼ੋਅ

## 8 ਮਈ 2024, 12.30 ਤੋਂ 5.30 ਵਜੇ ਤੱਕ

ਜੇ ਆਪਣੇ ਬਿਜਨੈਸ ਦਾ ਫਾਇਦਾ ਕਰਨਾ ਚਾਹੁੰਦੇ ਹੋ ਤਾਂ ਇਸ ਟਰੇਡ ਸ਼ੋਅ ਵਿਚ ਹਿੱਸਾ ਲਵੋ।



ਜੱਗ ਜਿਉਂਦਿਆ ਦੇ ਮੇਲੇ
ਹਰਭਜਨ ਮਾਨ

ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ ਗੈਸ ਸਟੇਸ਼ਨ, ਸੀ ਸਟੋਰ, ਤੰਬਾਕੂ ਅਤੇ ਲੀਕਰ ਸਟੋਰ ਦੇ ਮਾਲਕਾਂ ਲਈ 10ਵਾਂ ਸਾਲਾਨਾ ਟਰੇਡ ਸ਼ੋਅ ਕਰਵਾਇਆ ਜਾ ਰਿਹਾ ਹੈ। ਇਸ ਸ਼ੋਅ ਵਿਚ 100 ਤੋਂ ਵੱਧ ਵੈਂਡਰਸ ਆਪਣੇ ਨਵੇਂ ਪ੍ਰੋਡਕਟਸ ਅਤੇ ਸਪੈਸ਼ਲ ਡੀਲਸ ਲਿਆ ਰਹੇ ਹਨ। ਆਪ ਸਭ ਨੂੰ ਬੇਨਤੀ ਹੈ ਕਿ ਸ਼ੋਅ ਦੀਆਂ ਡੀਲਸ ਦਾ ਫਾਇਦਾ ਚੁੱਕੋ।

Copyright @ Punjab Mail USA

*Live Performance*

## *Harbhajan Mann*

*Venue: PAUL PAUL THEATER*
*1121, S Chance Ave, Fresno, CA 93702*
*Wednesday, May 8th*
*From 6:30pm to 9:00pm*

Platinum Sponsor

Flamingo Catering & Banquet Hall

Media Partners

PUNJAB MAIL USA TV Channel · SPACE RADIO FM 94.3 · PTC PUNJABI · JUS TV · Punjabi Radio USA · Gurdeep Shergill

*FOR FREE TICKET POLICY & PRICING INFORMATION*

- C-STORE OWNERS: BECOME AN APCA MEMBER AND ATTEND SHOW FOR FREE
- EXISTING MEMBERS: ENSURE YOUR 2024 MEMBERSHIP DUES ARE CURRENT
- MULTIPLE STORE OWNERS: ENROLL ALL STORES WITH APCA TO GET TWO ADDITIONAL FREE TICKETS PER STORE
- TO RECEIVE YOUR TWO FREE TICKETS, MUST ATTEND APCA TRADE SHOW ON MAY 8TH AT "THE BIG FRESNO FAIR, FRESNO"
- ADDITIONAL TICKETS: OF DISCOUNTED PRICE OF $50 CAN BE PURCHASED AT ETIX.COM OR AT TRADE SHOW

*For More Information*

ANDY CHHIKARA: 559-259-4006 | BALWINDER SINGH: 559-718-9339 | PUNEET BAINS: 559-347-7728 | ROCKY MALHI: 916-792-8023
JASBIR SARAI: 209-675-0866 | AMRIT DHALIWAL: 209-598-6980 | PAUL HAYER: 707-290-8530 | KEWAL KRISHAN: 510-290-7144

# ਦਿਲਦੀਪ ਸਿੰਘ ਅਤੇ ਏਕਜੋਤ ਕੌਰ ਵਿਆਹ ਦੇ ਬੰਧਨ 'ਚ ਬੱਝੇ



## ■ ਕੈਲੇ ਅਤੇ ਬੈਂਸ ਪਰਿਵਾਰ ਨੂੰ ਮਿਲ ਰਹੀਆਂ ਵਧਾਈਆਂ





















**ਸੈਕਰਾਮੈਂਟੋ, (ਪੰਜਾਬ ਮੇਲ)-** ਉੱਘੇ ਬਿਜ਼ਨਸਮੈਨ ਤੇ ਸਮਾਜ ਸੇਵਕ ਮੁਹੱਬਤਪਾਲ ਸਿੰਘ ਕੈਲੇ ਅਤੇ ਗੁਰਦੀਪ ਕੌਰ ਕੈਲੇ ਦੇ ਸਪੁੱਤਰ ਦਿਲਦੀਪ ਸਿੰਘ ਦਾ ਵਿਆਹ ਏਕਜੋਤ ਕੌਰ ਸਪੁੱਤਰੀ ਅਪਨੀਤ ਸਿੰਘ ਬੈਂਸ ਅਤੇ ਬਲਜੀਤ ਕੌਰ ਬੈਂਸ ਨਾਲ ਗੁਰਮਰਿਆਦਾ ਅਨੁਸਾਰ ਹੋਇਆ। ਵਿਦੇਸ਼ਾਂ ਵਿਚ ਜੰਮੀ-ਪਲੀ ਇਹ ਵਿਆਹ ਵਾਲੀ ਜੋੜੀ ਪੂਰਨ ਗੁਰਸਿੱਖ ਹੈ। ਇਸ ਆਨੰਦ ਕਾਰਜ ਮੌਕੇ ਦੂਰੋਂ-ਨੇੜਿਓਂ ਆਣ ਕੇ ਰਿਸ਼ਤੇਦਾਰਾਂ ਅਤੇ ਦੋਸਤਾਂ-ਮਿੱਤਰਾਂ ਨੇ ਸੁਭਾਗ ਜੋੜੀ ਅਤੇ ਦੋਵਾਂ ਦੇ ਪਰਿਵਾਰਾਂ ਨੂੰ ਵਧਾਈ ਦਿੱਤੀ ਅਤੇ ਖੁਸ਼ੀ ਸਾਂਝੀ ਕੀਤੀ।

# ਸੈਲਮਾ ਵਿਖੇ 30ਵੇਂ ਸਾਲਾਨਾ ਨਗਰ ਕੀਰਤਨ ਨੇ ਸਿਰਜਿਆ ਖਾਲਸਾਈ ਰੰਗ



**ਫਰਿਜ਼ਨੋ, (ਪੰਜਾਬ ਮੇਲ)-** ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਸੈਲਮਾ ਦੇ ਗੁਰਦੁਆਰਾ "ਸਿੱਖ ਸੈਂਟਰ ਆਫ ਪੈਸੀਫਿਕ ਕੋਸਟ" ਵਿਖੇ ਵਿਸਾਖੀ ਨੂੰ ਸਮਰਪਿਤ 30ਵਾਂ ਵਿਸ਼ਾਲ ਨਗਰ ਕੀਰਤਨ ਹੋਇਆ, ਜਿਸ ਵਿਚ ਸਿੱਖ ਸੰਗਤਾਂ ਅਤੇ ਰਾਗੀ-ਢਾਡੀ, ਕਥਾਵਾਚਕ, ਕੀਰਤਨੀ ਜੱਥਿਆਂ ਨੇ ਸ਼ਿਰਕਤ ਕੀਤੀ। ਇਸੇ ਤਰ੍ਹਾਂ ਇਲਾਕੇ ਦੇ ਸੰਬੰਧਤ ਅਧਿਕਾਰੀਆਂ ਅਤੇ ਰਾਜਨੀਤਿਕ ਪ੍ਰਤੀਨਿਧੀਆਂ ਨੇ ਹਾਜ਼ਰੀ ਭਰੀ। ਸਵੇਰ ਸਮੇਂ ਗੁਰੂਘਰ ਵਿਖੇ ਕੀਰਤਨ ਅਤੇ ਗੁਰਮਤਿ ਵਿਚਾਰਾਂ ਆਦਿਕ ਤੋਂ ਇਲਾਵਾ ਇਲਾਕੇ ਦੇ ਅਧਿਕਾਰੀਆਂ ਅਤੇ ਗੁਰੂਘਰ ਮੁੱਖ ਪ੍ਰਬੰਧਕਾਂ ਨੇ ਵਿਚਾਰਾਂ ਦੀ ਸਾਂਝ ਪਾਈ।

ਨਗਰ ਕੀਰਤਨ ਦੀ ਸ਼ੁਰੂਆਤ ਅਰਦਾਸ ਕਰਨ ਉਪਰੰਤ ਅਮਰੀਕਾ ਦੇ ਰਾਸ਼ਟਰੀ ਝੰਡੇ ਅਤੇ ਕੈਲੀਫੋਰਨੀਆ ਸਟੇਟ ਦੇ ਝੰਡੇ ਮਗਰ ਪੰਜਾਂ ਪਿਆਰਿਆਂ ਦੀ ਅਗਵਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਜੇ ਫਲੋਟ ਮਗਰ ਅਨੇਕਾਂ ਸਿੱਖ ਧਰਮ ਨਾਲ ਸੰਬੰਧਿਤ ਝਾਕੀਆਂ ਇਕ ਨਵੇਂ ਵਸੇ ਅਮਰੀਕਨ ਪੰਜਾਬ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਜਿਸ ਦੌਰਾਨ ਜੈਕਾਰਿਆ ਦੀ ਗੂੰਜ ਵਿਚ ਨਗਰ ਕੀਰਤਨ ਦੀ ਗੁਰੂਘਰ ਤੋਂ ਰਵਾਨਗੀ ਹੋਈ। ਇਸੇ ਤਰ੍ਹਾਂ ਨਗਰ ਕੀਰਤਨ ਦੌਰਾਨ ਪ੍ਰਫੁੱਲਿਤ ਹੋਈ ਸਿੱਖੀ ਦੀ ਮੂੰਹ ਬੋਲਦੀ ਤਸਵੀਰ ਚਾਰ ਚੁਫੇਰੇ ਲਿਸ਼ਕਦੀਆਂ ਕੇਸਰੀ ਅਤੇ ਰੰਗ-ਬਰੰਗੀਆਂ ਪੱਗਾਂ ਅਤੇ ਚੁੰਨੀਆਂ ਦੁਆਰਾ ਆਮ ਦਿਸ ਰਹੀ ਸੀ, ਜਿਸ ਵਿਚ ਬੱਚਿਆਂ, ਬਜ਼ੁਰਗਾਂ ਤੋਂ ਇਲਾਵਾ ਸਮੂਹ ਧਰਮਾਂ ਦੀਆਂ ਸੰਗਤਾਂ ਨੇ ਰਲ ਕੇ ਹਾਜ਼ਰੀ ਭਰੀ। ਨਗਰ ਕੀਰਤਨ ਦਾ ਦ੍ਰਿਸ਼ ਬਹੁਤ ਹੀ ਅਲੌਕਿਕ ਅਤੇ ਰੂਹਾਨੀ ਭਰਿਆ ਸੀ। ਸੰਗਤਾਂ ਪਾਲਕੀ ਸਾਹਿਬ ਦੇ ਮਗਰ ਵਾਹਿਗੂਰੂ ਸਿਮਰਨ ਅਤੇ ਸ਼ਬਦ ਗਾਇਨ ਕਰਦੀਆਂ ਜਾ ਰਹੀਆਂ ਸਨ, ਜਦਕਿ ਨਗਰ ਕੀਰਤਨ ਦੇ ਨਾਲ ਹੋਰ ਵੀ ਬਹੁਤ ਸਾਰੇ ਫਲੋਟ ਚੱਲ ਰਹੇ ਸਨ।

ਸੰਗਤਾਂ ਵਿਚ ਭਾਰੀ ਉਤਸ਼ਾਹ ਹੋਣ ਕਰਕੇ ਨਗਰ ਕੀਰਤਨ ਵਿਚ ਭਾਰੀ ਇਕੱਤਰਤਾ ਜੁੜੀ ਹੋਈ ਸੀ। ਨਗਰ ਕੀਰਤਨ ਦੌਰਾਨ ਗੁਰੂਘਰ ਅੰਦਰ ਵੱਖ-ਵੱਖ ਸੁਆਦਿਸ਼ਟ ਖਾਣਿਆਂ ਦੇ ਸਟਾਲ ਲੱਗੇ ਹੋਏ ਸਨ, ਜਿਨ੍ਹਾਂ ਦਾ ਸੰਗਤਾਂ ਨੇ ਖੂਬ ਅਨੰਦ ਮਾਣਿਆ। ਗੁਰੂਘਰ ਅੰਦਰ ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਅਤੇ ਹੋਰ ਅਨੇਕਾਂ ਬੂਥ ਲੱਗੇ ਹੋਏ ਸਨ। ਇਸ ਤੋਂ ਇਲਾਵਾ ਬਸਤਾ ਅਤੇ ਰਸਤਾ ਦੀਆਂ ਦੁਕਾਨਾਂ ਵੀ ਭਾਰਤੀ ਮੇਲੇ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਇਸ ਸਮੁੱਚੇ ਨਗਰ ਕੀਰਤਨ ਵਿਚ ਸੰਗਤਾਂ ਦੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਦੇ ਭਾਰੀ ਇਕੱਠ ਨੇ ਆਪਣੇ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਹਾਜ਼ਰੀਆਂ ਭਰੀਆਂ।

# ਸਟਾਕਟਨ ਗੁਰਦੁਆਰਾ ਸਾਹਿਬ ਵਿਖੇ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗਦਰੀ ਬਾਬਿਆਂ ਦੀ ਇਤਿਹਾਸਿਕ ਧਰਤੀ ਸਟਾਕਟਨ ਕੈਲੀਫੋਰਨੀਆ ਵਿਖੇ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਵੱਖ-ਵੱਖ ਦੀਵਾਨ ਸਜਾਏ ਗਏ। ਜਿਨ੍ਹਾਂ ਦਾ ਪ੍ਰਬੰਧ ਕਈ ਹਫਤਿਆਂ ਤੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸੇਵਾਦਾਰਾਂ ਵੱਲੋਂ ਚੱਲ ਰਿਹਾ ਸੀ। ਇਸ 25ਵੇਂ ਮਹਾਨ ਨਗਰ ਕੀਰਤਨ 'ਤੇ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ 5 ਅਪ੍ਰੈਲ ਤੋਂ 14 ਅਪ੍ਰੈਲ ਤੱਕ ਸ਼ਾਮਾਂ ਦੇ ਦੀਵਾਨ ਸਜਾਏ ਗਏ। ਇਨ੍ਹਾਂ ਸਜਾਏ ਗਏ ਦੀਵਾਨਾਂ ਵਿਚ ਭਾਈ ਸਰਬਜੀਤ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਰਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਗਿਆਨੀ ਪਿੰਦਰਪਾਲ ਸਿੰਘ ਜੀ, ਭਾਈ ਮਹਿਲ ਸਿੰਘ ਜੀ ਕਵੀਸਰੀ ਜੱਥੇ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜੀ ਰੱਖਿਆ। ਇਸ ਦੌਰਾਨ 13 ਅਪ੍ਰੈਲ ਸਵੇਰੇ 9 ਵਜੇ ਗੁਰਦੁਆਰਾ ਸਾਹਿਬ ਵਿਚ ਅੰਮ੍ਰਿਤ ਸੰਚਾਰ ਹੋਇਆ। ਸ਼ਨੀਵਾਰ ਰਾਤ ਨੂੰ ਦੀਵਾਨ ਸਜਾਏ ਗਏ, ਜਿਸ ਵਿਚ ਸਥਾਨਕ ਸਿੱਖ ਆਗੂਆਂ ਨੇ ਆਪਣੇ-ਆਪਣੇ ਵਿਚਾਰ ਰੱਖੇ। ਐਤਵਾਰ ਸਵੇਰੇ ਜਿੱਥੇ ਵੱਖ-ਵੱਖ ਸਿੱਖ ਆਗੂਆਂ ਨੇ ਤਕਰੀਰਾਂ ਕੀਤੀਆਂ, ਉਸ ਦੇ ਨਾਲ ਹੀ ਅਮਰੀਕਨ ਆਫੀਸ਼ਲਜ਼ ਨੇ ਆਪਣੇ-ਆਪਣੇ ਵਿਚਾਰ ਰੱਖੇ। ਉਨ੍ਹਾਂ ਵਿਚ ਸੈਨੇਟਰਜ਼ ਦੇ ਨੁਮਾਇੰਦਿਆਂ, ਕਾਂਗਰਸਮੈਨ, ਮੇਅਰ ਤੇ ਸਿਟੀ ਕੌਂਸਲ ਨੇ ਆਪਣੇ-ਆਪਣੇ ਵਿਚਾਰ ਰੱਖੇ। ਇਸ ਤੋਂ ਇਲਾਵਾ ਵੋਟਾਂ ਵਿਚ ਖੜ੍ਹੇ ਨਵੇਂ ਨੁਮਾਇੰਦਿਆਂ ਨੇ ਵੀ ਸੰਖੇਪ ਵਿਚਾਰ ਰੱਖੇ। ਸਿੱਖ ਭਾਈਚਾਰੇ 'ਚੋਂ ਡਾ. ਪ੍ਰਿਤਪਾਲ ਸਿੰਘ, ਮੇਅਰ ਲੈਥਰੋਪ ਸੁਖਮਿੰਦਰ ਸਿੰਘ ਧਾਲੀਵਾਲ, ਮੇਅਰ ਮਨਟੀਕਾ ਗੈਰੀ ਸਿੰਘ, ਮੁਖਤਾਰ ਚੀਮਾ, ਹਰਪ੍ਰੀਤ ਸਿੰਘ ਸੰਧੂ, ਕੁਲਜੀਤ ਸਿੰਘ ਨਿੱਝਰ, ਮਨਜੀਤ ਸਿੰਘ ਉਪਲ, ਬਿਜਲੀਨ ਕੌਰ ਖਾਲਸਾ ਆਦਿ ਨੇ ਸੰਬੋਧਨ ਕੀਤਾ। ਇਨ੍ਹਾਂ ਭਾਰੀ ਦੀਵਾਨਾਂ ਤੋਂ ਬਾਅਦ ਪੰਜਾਂ ਪਿਆਰਿਆਂ ਦੀ ਰਹਿਨੁਮਾਈ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੋ ਕਿ ਬਹੁਤ ਹੀ ਖੂਬਸੂਰਤ ਫਲੋਟ ਵਿਚ ਸੁਸ਼ੋਭਿਤ ਸਨ, ਦੀ ਛਤਰ-ਛਾਇਆ ਹੇਠ ਨਗਰ ਕੀਰਤਨ ਸਜਾਇਆ ਗਿਆ। ਇਸ ਤੋਂ ਇਲਾਵਾ ਵੱਖ-ਵੱਖ ਫਲੋਟਾਂ ਦੇ ਵਿਚ ਪੰਜਾਬ ਦੀ ਇਤਿਹਾਸਿਕ ਤ੍ਰਾਸਦੀ ਨੂੰ ਦਿਖਾਇਆ ਗਿਆ। ਇਸ ਵਾਰ ਵੀ ਇਸ ਵਿਸ਼ਾਲ ਨਗਰ ਕੀਰਤਨ ਵਿਚ ਸੰਗਤਾਂ ਦਾ ਭਾਰੀ ਇਕੱਠ ਵੇਖਣ ਨੂੰ ਮਿਲਿਆ।

# 9 ਮਹੀਨੇ ਪਹਿਲਾਂ ਕੈਨੇਡਾ ਗਏ ਨੌਜਵਾਨ ਦੀ ਟਰੱਕ ਹਾਦਸੇ 'ਚ ਮੌਤ



**ਬਰੈਂਪਟਨ, (ਰਾਜ ਗੋਗਨਾ/ ਪੰਜਾਬ ਮੇਲ)-** ਬਰੈਂਪਟਨ 'ਚ ਸੜਕ ਪਾਰ ਕਰਦੇ ਸਮੇਂ ਟਰੱਕ ਨਾਲ ਟਕਰਾ ਜਾਣ ਕਾਰਨ ਭਾਰਤੀ ਮੂਲ ਦੇ ਨੌਜਵਾਨ ਦੀ ਮੌਤ ਹੋ ਗਈ ਹੈ। ਮ੍ਰਿਤਕ ਨੌਜਵਾਨ ਦੀ ਪਛਾਣ ਗੁਜਰਾਤ ਦੇ ਦੇਹੇਗਾਮ ਦੇ ਸ਼ਿਆਵਾੜਾ ਪਿੰਡ ਦੇ ਮੀਤ ਪਟੇਲ ਵਜੋਂ ਹੋਈ ਹੈ। ਮ੍ਰਿਤਕ ਮੀਤ ਪਟੇਲ 12ਵੀਂ ਪਾਸ ਕਰਨ ਤੋਂ ਬਾਅਦ 9 ਮਹੀਨੇ ਪਹਿਲਾਂ ਹੀ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਗਿਆ ਸੀ। ਮੀਤ ਕੈਨੇਡਾ ਦੇ ਬਰੈਂਪਟਨ ਸ਼ਹਿਰ ਵਿਚ ਰਹਿੰਦਾ ਸੀ। ਕੈਨੇਡਾ ਵਿਚ ਪੜ੍ਹਾਈ ਦੇ ਨਾਲ-ਨਾਲ ਉਹ ਵਾਲਮਾਰਟ ਵਿਚ ਕੰਮ ਵੀ ਕਰਦਾ ਸੀ। ਜਦੋਂ ਸਵੇਰੇ ਉਹ ਵਾਲਮਾਰਟ 'ਤੇ ਕੰਮ ਲਈ ਜਾ ਰਿਹਾ ਸੀ, ਤਾਂ ਸੜਕ ਪਾਰ ਕਰਦੇ ਸਮੇਂ ਟਰੱਕ ਦੀ ਲਪੇਟ ਵਿਚ ਆਉਣ ਨਾਲ ਉਹ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਉਸ ਨੂੰ ਇਲਾਜ ਲਈ ਕ੍ਰੈਡਿਟ ਵੈਲੀ ਨਾਂ ਦੇ ਹਸਪਤਾਲ ਲਿਜਾਇਆ ਗਿਆ। ਜਿੱਥੇ ਥੋੜ੍ਹੇ ਸਮੇਂ ਦੇ ਇਲਾਜ ਤੋ ਬਾਅਦ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

ਸੱਦਾ ਪੱਤਰ

ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਰਜਿ.)
ਸੈਕਰਾਮੈਂਟੋ/ਯੂਬਾ ਸਿਟੀ
ਵੱਲੋਂ 20ਵੀਂ
ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ
ਮਈ 19, ਐਤਵਾਰ, 2024, ਸਵੇਰੇ 9 ਵਜੇ ਤੋਂ 6 ਵਜੇ ਤੱਕ
ਸਥਾਨ : Pooja Restaurant, 1223 Merkely Ave. West Sacramento, 95691

ਪ੍ਰੋਗਰਾਮ
- ਉਦਘਾਟਨ : 9.00 ਵਜੇ ਸਵੇਰੇ
- ਕਵੀ ਸੰਮੇਲਨ : 11.00 ਵਜੇ
- ਦੁਪਹਿਰ ਦਾ ਖਾਣਾ : 1.30 ਵਜੇ
- ਪੰਜਾਬੀ ਸਾਹਿਤ ਵਿਚਾਰ ਵਟਾਂਦਰਾ : 2.00 ਵਜੇ
- ਗੀਤ ਸੰਗੀਤ : 5.00 ਵਜੇ ਸ਼ਾਮ

ਆਪ ਜੀ ਨੂੰ ਬੇਨਤੀ ਹੈ ਕਿ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ 20ਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਮਿਤੀ 19 ਮਈ, 2024 ਨੂੰ ਹੋ ਰਹੀ ਹੈ। ਇਸ ਮੌਕੇ ਪੰਜਾਬੀ ਸਾਹਿਤ ਬਾਰੇ ਪਰਚੇ ਪੜ੍ਹੇ ਜਾਣਗੇ। ਕਵੀ ਸੰਮੇਲਨ ਹੋਵੇਗਾ। ਪੰਜਾਬੀ ਮਾਂ ਬੋਲੀ ਬਾਰੇ ਵਿਚਾਰ ਚਰਚਾ ਹੋਵੇਗੀ। ਇਸ ਤੋਂ ਇਲਾਵਾ ਗੀਤ-ਸੰਗੀਤ ਹੋਵੇਗਾ। ਆਪ ਜੀ ਨੂੰ ਬੇਨਤੀ ਹੈ ਕਿ ਆਪ ਇਸ ਮੌਕੇ ਪਹੁੰਚ ਕੇ ਕਾਨਫਰੰਸ ਦੀ ਰੌਣਕ ਨੂੰ ਵਧਾਉ।

ਦਲਵੀਰ 'ਦਿਲ' ਨਿੱਜਰ
ਪ੍ਰਧਾਨ
916-628-2210

ਉਡੀਕਵਾਨ :
ਸਮੁੱਚੀ ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ

ਗੁਰਜਤਿੰਦਰ ਸਿੰਘ ਰੰਧਾਵਾ
ਜਨਰਲ ਸਕੱਤਰ
916-320-9444

# ਐੱਫ.ਬੀ.ਆਈ. ਵੱਲੋਂ ਜਾਰੀ ਮੋਸਟ ਵਾਂਟੇਡ ਸੂਚੀ 'ਚ ਭਾਰਤੀ ਨੌਜਵਾਨ ਦਾ ਨਾਂ ਵੀ ਸ਼ਾਮਲ

■ ਢਾਈ ਲੱਖ ਡਾਲਰ ਦਾ ਇਨਾਮ ਰੱਖਿਆ ਗਿਆ



**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਯੂਨਾਈਟਿਡ ਸਟੇਟਸ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐੱਫ.ਬੀ. ਆਈ.) ਨੇ ਚੋਟੀ ਦੇ 10 ਸਭ ਤੋਂ ਵੱਧ ਲੋੜੀਂਦੇ ਵਿਅਕਤੀਆਂ ਦੀ ਸੂਚੀ ਜਾਰੀ ਕੀਤੀ ਹੈ। ਇਸ ਸੂਚੀ ਵਿਚ ਗੁਜਰਾਤ ਸੂਬੇ ਦੇ ਸ਼ਹਿਰ ਅਹਿਮਦਾਬਾਦ ਦੇ ਵੀਰਮਗਾਮ ਦੇ ਵਸਨੀਕ ਭਾਰਤੀ ਨਾਗਰਿਕ ਭਦਰੇਸ਼ ਕੁਮਾਰ ਪਟੇਲ ਦਾ ਨਾਮ ਵੀ ਸ਼ਾਮਲ ਹੈ। ਅਮਰੀਕਾ ਦੀ ਐੱਫ.ਬੀ.ਆਈ. ਨੇ ਉਸ 'ਤੇ ਢਾਈ ਲੱਖ ਡਾਲਰ ਦਾ ਇਨਾਮ ਵੀ ਰੱਖਿਆ ਹੈ। ਐੱਫ.ਬੀ.ਆਈ. ਨੇ ਐਕਸ 'ਤੇ ਪੋਸਟ ਕਰਕੇ ਇਸ ਬਾਰੇ ਜਾਣਕਾਰੀ ਦਿੱਤੀ ਹੈ। ਅਮਰੀਕਾ ਵਿਚ ਰਹਿੰਦੇ ਭਦਰੇਸ਼ ਕੁਮਾਰ ਪਟੇਲ ਨਾਮੀਂ ਇਸ ਨੌਜਵਾਨ ਨੇ 2015 ਵਿਚ ਆਪਣੀ ਪਤਨੀ ਪਲਕ ਪਟੇਲ ਦਾ ਕਤਲ ਕੀਤਾ ਸੀ ਅਤੇ ਉਦੋਂ ਉਹ ਭਗੌੜਾ ਹੈ।

ਮੀਡੀਆ ਰਿਪੋਰਟਾਂ ਅਨੁਸਾਰ ਉਸ ਸਮੇਂ ਭਦਰੇਸ਼ ਕੁਮਾਰ ਪਟੇਲ ਦੀ ਉਮਰ 24 ਸਾਲ ਸੀ। ਭਦਰੇਸ਼ ਅਤੇ ਉਸ ਦੀ ਪਤਨੀ ਪਲਕ ਦੋਵੇਂ ਅਮਰੀਕਾ ਦੇ ਹੈਨੋਵਰ, ਮੈਰੀਲੈਂਡ ਸੂਬੇ ਵਿਚ ਸਥਿਤ ਇੱਕ ਡੰਕਿਨ ਡੋਨਟਸ (ਕੌਫੀ ਸ਼ਾਪ) ਵਿਚ ਇਕੱਠੇ ਕੰਮ ਕਰਦੇ ਸਨ। ਭਦਰੇਸ਼ ਨੇ ਡੰਕਿਨ ਡੋਨਟਸ ਦੀ ਰਸੋਈ ਵਿਚ ਹੀ ਆਪਣੀ 21 ਸਾਲਾ ਪਤਨੀ ਪਲਕ ਪਟੇਲ 'ਤੇ ਤੇਜ਼ਧਾਰ ਚਾਕੂ ਨਾਲ ਹਮਲਾ ਕਰਕੇ ਉਸ ਦਾ ਕਤਲ ਕਰ ਦਿੱਤਾ ਸੀ। ਘਟਨਾ ਦੇ ਸਮੇਂ ਬਹੁਤ ਸਾਰੇ ਗਾਹਕ ਸਮੇਂ ਮੌਕੇ 'ਤੇ ਮੌਜੂਦ ਸਨ। ਕਤਲ ਤੋਂ ਲਗਭਗ ਇੱਕ ਮਹੀਨਾ ਪਹਿਲਾਂ ਇਸ ਜੋੜੇ ਦੇ ਵੀਜ਼ੇ ਦੀ ਮਿਆਦ ਵੀ ਖ਼ਤਮ ਹੋ ਗਈ ਸੀ ਅਤੇ ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਭਦਰੇਸ਼ ਦੀ ਪਤਨੀ ਪਲਕ ਭਾਰਤ ਜਾਣਾ ਚਾਹੁੰਦੀ ਸੀ ਪਰ ਉਸ ਦੇ ਪਤੀ ਨੇ ਇਸ ਦਾ ਵਿਰੋਧ ਕੀਤਾ। ਜ਼ਿਕਰਯੋਗ ਹੈ ਕਿ ਐੱਫ.ਬੀ.ਆਈ. ਭਦਰੇਸ਼ ਨੂੰ ਹਥਿਆਰਬੰਦ ਅਤੇ ਬੇਹੱਦ ਖ਼ਤਰਨਾਕ ਅਪਰਾਧੀ ਮੰਨਦੀ ਹੈ। ਇਸ ਤੋਂ ਪਹਿਲਾਂ ਵੀ 2017 ਵਿਚ ਐੱਫ.ਬੀ.ਆਈ. ਨੇ ਭਦਰੇਸ਼ ਨੂੰ ਗ੍ਰਿਫ਼ਤਾਰ ਕਰਨ ਵਿਚ ਮਦਦ ਕਰਨ ਲਈ 1 ਲੱਖ ਡਾਲਰ ਦੇ ਇਨਾਮ ਦਾ ਐਲਾਨ ਕੀਤਾ ਸੀ ਪਰ ਉਹ ਅਜੇ ਵੀ ਫਰਾਰ ਹੈ।

# ਇੰਡੀਅਨ ਕੌਂਸਲੇਟ ਜਨਰਲ ਆਫ਼ ਨਿਊਯਾਰਕ 'ਚ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਅੰਬੇਡਕਰ ਦੇ 133ਵੇਂ ਜਨਮ ਦਿਨ 'ਤੇ ਉੱਚ ਪੱਧਰੀ ਸਮਾਗਮ ਕਰਵਾਇਆ

















**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਬੀਤੇ ਦਿਨੀਂ ਭਾਰਤੀ ਸੰਵਿਧਾਨ ਦੇ ਨਿਰਮਾਤਾ, ਮਨੁੱਖਤਾ ਦੇ ਮਸੀਹਾ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਦੇ 133ਵੇਂ ਜਨਮ ਦਿਨ 'ਤੇ ਇੰਡੀਅਨ ਕੌਂਸਲੇਟ ਜਨਰਲ ਆਫ਼ ਨਿਊਯਾਰਕ 'ਚ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ ਦੇ ਸਹਿਯੋਗ ਨਾਲ ਬਹੁਤ ਹੀ ਵੱਡੇ ਪੱਧਰ 'ਤੇ ਇਕ ਸਮਾਗਮ ਕਰਵਾਇਆ ਗਿਆ। ਕੌਂਸਲੇਟ ਜਨਰਲ ਵਿਨੇ ਸ਼੍ਰੀਕਾਂਤਾ ਨਿਊਯਾਰਕ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਡਾ. ਅੰਬੇਡਕਰ ਦੀ ਭਾਰਤ ਦੇਸ਼ ਨੂੰ ਮਹਾਨਤਾ ਦੇਣ ਦੇ ਬਾਰੇ ਆਪਣੇ ਵਿਚਾਰ ਰੱਖੇ ਤੇ ਕਿਹਾ ਕਿ ਨਿਊਯਾਰਕ ਸਿਟੀ ਦਾ ਬਾਬਾ ਡੀ.ਆਰ. ਅੰਬੇਡਕਰ ਦੇ ਨਾਲ ਖ਼ਾਸ ਰਿਸ਼ਤਾ ਹੈ। ਅਤੇ ਲਗਭਗ ਇਕ ਸਦੀ ਪਹਿਲਾ ਉਹ ਕੋਲੰਬੀਆ ਯੂਨੀਵਰਸਿਟੀ ਨਿਊਯਾਰਕ ਵਿਖੇ ਪੜ੍ਹੇ ਸਨ। ਉਨ੍ਹਾਂ ਆਪਣੀ ਮਾਸਟਰ ਅਤੇ ਡਾਕਟੋਰਲ ਡਿਗਰੀਆਂ ਇੱਥੋਂ ਪ੍ਰਾਪਤ ਕੀਤੀਆਂ ਸਨ। ਉਪਰੰਤ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦੇ ਸਟੇਜ ਸਕੱਤਰ ਬਲਵਿੰਦਰ ਭੌਰਾ ਨੇ ਮੰਚ ਦੀ ਕਾਰਵਾਈ ਸੰਭਾਲਦਿਆਂ ਵੱਖ-ਵੱਖ ਬੁਲਾਰਿਆਂ ਨੂੰ ਆਪਣੇ ਵਿਚਾਰ ਪੇਸ਼ ਕਰਨ ਦਾ ਸੱਦਾ ਦਿੱਤਾ। ਜਿਨ੍ਹਾਂ ਵਿਚ ਗੁਰੂ ਰਵਿਦਾਸ ਟੈਂਪਲ ਆਫ ਨਿਊਯਾਰਕ ਦੇ ਹੈੱਡ ਗ੍ਰੰਥੀ ਸਿੰਘ ਗਿਆਨੀ ਓਂਕਾਰ ਸਿੰਘ, ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ ਵਲੋਂ ਪ੍ਰਧਾਨ ਜਸਵਿੰਦਰ ਸਿੰਘ ਬਿੱਲਾ, ਚੇਅਰਮੈਨ ਪਰਮਜੀਤ ਲਾਲ ਕਮਾਮ, ਸਾਬਕਾ ਚੇਅਰਮੈਨ ਪਿੰਦਰਪਾਲ ਅਤੇ ਡਾ. ਬੀ.ਆਰ. ਅੰਬੇਡਕਰ ਕਲੱਬ ਯੂ.ਐੱਸ.ਏ. ਵਲੋਂ ਸਪੋਕਸਮੈਨ ਧੀਰਜ ਕੁਮਾਰ ਛੋਕਰਾਂ ਨਿਊਯਾਰਕ ਨੇ ਡਾ. ਬੀ.ਆਰ. ਅੰਬੇਡਕਰ ਜੀ ਦੇ ਜੀਵਨ ਅਤੇ ਸੰਘਰਸ਼ ਬਾਰੇ ਵਿਸਥਾਰ 'ਚ ਵਿਚਾਰ ਪੇਸ਼ ਕੀਤੇ। ਸਾਰੇ ਭਾਈਚਾਰੇ ਨੂੰ ਡਾ. ਬੀ.ਆਰ. ਅੰਬੇਡਕਰ ਜੀ ਦੇ ਜਨਮ ਦਿਨ ਦੀਆਂ ਵਧਾਈਆਂ ਪੇਸ਼ ਕੀਤੀਆਂ ਗਈਆਂ। ਉਨ੍ਹਾਂ ਡਾ. ਬੀ.ਆਰ. ਅੰਬੇਡਕਰ ਕਲੱਬ ਯੂ.ਐੱਸ.ਏ. ਵਲੋਂ ਇਹ ਸਮਾਗਮ ਕਰਵਾਉਣ ਲਈ ਜਿੱਥੇ ਇੰਡੀਅਨ ਕੌਂਸਲੇਟ ਜਨਰਲ ਆਫ ਨਿਊਯਾਰਕ ਦਾ ਧੰਨਵਾਦ ਕੀਤਾ, ਉੱਥੇ ਪੀ.ਐੱਮ.ਓ. ਆਫਿਸ ਨਵੀਂ ਦਿੱਲੀ ਅਤੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ। ਇਸ ਸਮਾਗਮ ਵਿਚ ਡਾਕਟਰ ਬੀ.ਆਰ. ਅੰਬੇਦਕਰ ਕਲੱਬ ਯੂ.ਐੱਸ.ਏ. ਦੇ ਪ੍ਰਧਾਨ ਸ਼੍ਰੀ ਅਸ਼ੋਕ ਮਾਹੀ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਾਮਲ ਹੋਏ। ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦੇ ਜੁਆਇੰਟ ਕੈਸ਼ੀਅਰ ਕਿਰਪਾਲ ਸਿੰਘ, ਮੈਂਬਰ ਸੂਰਜ ਪ੍ਰਕਾਸ਼, ਬੂਟਾ ਸਿੰਘ, ਮਹਿੰਦਰ ਲੋਧੀਪੁਰ, ਸਾਬਕਾ ਚੇਅਰਮੈਨ ਬਲਵੀਰ ਚੌਹਾਨ, ਚੂਹੜ ਸਿੰਘ, ਮੱਖਣ ਫਰਾਲਾ, ਸੋਹਨ ਲਾਲ ਝਿੱਕਾ ਅਤੇ ਕੌਲ ਭਰਾ ਵੀ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ। ਅੰਤ ਵਿਚ ਆਏ ਹੋਏ ਸਾਰੇ ਮਹਿਮਾਨਾਂ ਦੀ ਇੰਡੀਅਨ ਕੌਂਸਲੇਟ ਜਨਰਲ ਆਫ਼ ਨਿਊਯਾਰਕ ਪ੍ਰਸ਼ਾਸਨ ਵਲੋਂ ਚਾਹ-ਪਾਣੀ ਨਾਲ ਸੇਵਾ ਕੀਤੀ ਗਈ। ਇੱਥੇ ਦੱਸਣਯੋਗ ਹੈ ਕਿ ਇੰਡੀਅਨ ਕੌਂਸਲੇਟ ਜਨਰਲ ਆਫ਼ ਨਿਊਯਾਰਕ ਪਹੁੰਚਣ ਲਈ ਲਗਭਗ ਸਾਰੇ ਮਹਿਮਾਨਾਂ ਲਈ ਡਾ. ਅੰਬੇਡਕਰ ਕਲੱਬ ਯੂ.ਐੱਸ.ਏ. ਵਲੋਂ ਟਰਾਂਸਪੋਰਟੇਸ਼ਨ ਦੀ ਸੇਵਾ ਕਰਵਾਈ ਗਈ ਸੀ। ਸਮਾਗਮ ਦੌਰਾਨ ਅੰਤਰਰਾਸ਼ਟਰੀ ਮੀਡੀਏ ਵੱਲੋਂ ਵੀ ਇਸ ਵਿਸ਼ੇਸ਼ ਪ੍ਰੋਗਰਾਮ ਨੂੰ ਕਵਰ ਕੀਤਾ ਗਿਆ।

# ਭਾਰਤੀ-ਅਮਰੀਕੀ ਰਿਧੀ ਪਟੇਲ ਕੌਂਸਲ ਮੈਂਬਰਾਂ ਤੇ ਮੇਅਰ ਨੂੰ ਧਮਕੀਆਂ ਦੇਣ ਦੇ ਮਾਮਲੇ 'ਚ ਗ੍ਰਿਫ਼ਤਾਰ

■ ਬੇਕਰਸਫੀਲਡ ਸਿਟੀ ਕੌਂਸਲ ਮੀਟਿੰਗ ਦੌਰਾਨ ਕੀਤੀਆਂ ਟਿੱਪਣੀਆਂ ਕਾਰਨ ਪੈਦਾ ਹੋਇਆ ਵਿਵਾਦ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਰਾਜ ਗੋਗਨਾ/ਪੰਜਾਬ ਮੇਲ)**- ਬੇਕਰਸਫੀਲਡ (ਕੈਲੀਫੋਰਨੀਆ) ਸਿਟੀ ਕੌਂਸਲ ਦੀ ਮੀਟਿੰਗ ਦੌਰਾਨ ਇਤਰਾਜ਼ਯੋਗ ਟਿੱਪਣੀਆਂ ਕਰਨ ਕਾਰਨ ਭਾਰਤੀ ਅਮਰੀਕੀ ਰਿਧੀ ਪਟੇਲ ਨੂੰ ਗ੍ਰਿਫਤਾਰ ਕਰਨ ਦੀ ਸੂਚਨਾ ਹੈ। ਉਸ ਨੂੰ ਕੌਂਸਲ ਮੀਟਿੰਗ ਦੌਰਾਨ ਕੌਂਸਲ ਮੈਂਬਰਾਂ ਤੇ ਮੇਅਰ ਕਰੇਨ ਗੋਹ ਨੂੰ ਮਾਰ ਦੇਣ ਦੀਆਂ ਧਮਕੀਆਂ ਦੇਣ ਸਮੇਤ 18 ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ। ਕੌਂਸਲ ਮੀਟਿੰਗ ਵਿਚ ਜਨਤਕ ਮੁੱਦਿਆਂ ਸਬੰਧੀ ਚਰਚਾ ਦੌਰਾਨ ਬੋਲਦਿਆਂ ਪਟੇਲ (28) ਨੇ ਇਸਰਾਈਲ 'ਤੇ ਸ਼ਬਦੀ ਹਮਲਾ ਕੀਤਾ। ਮਹਾਤਮਾ ਗਾਂਧੀ ਤੇ ਹਿੰਦੂ ਉਤਸਵ ਚੇਤਰ ਨਵਰਾਤਿਆਂ ਦੀ ਗੱਲ ਕੀਤੀ। ਉਪਰੰਤ ਉਸ ਦੇ ਭਾਸ਼ਣ ਕਾਰਨ ਉਸ ਵੇਲੇ ਵਿਵਾਦ ਪੈਦਾ ਹੋ ਗਿਆ, ਜਦੋਂ ਉਸ ਨੇ ਮੇਅਰ ਗੋਹ ਸਮੇਤ ਕੌਂਸਲ ਮੈਂਬਰਾਂ ਨੂੰ ਹਿੰਸਕ ਧਮਕੀਆਂ ਦਿੱਤੀਆਂ। ਪਟੇਲ ਦੀਆਂ ਟਿੱਪਣੀਆਂ ਵੀਡੀਓ ਵਿਚ ਰਿਕਾਰਡ ਹੋ ਗਈਆਂ ਤੇ ਵੱਡੀ ਪੱਧਰ ਉਪਰ ਆਨਲਾਈਨ ਫੈਲ ਗਈਆਂ, ਜਿਸ ਦੀ ਕਈ ਪਾਸਿਆਂ ਤੋਂ ਆਲੋਚਨਾ ਹੋਈ। ਪਟੇਲ ਦੀ ਅਦਾਲਤ 'ਚ ਅਗਲੀ ਪੇਸ਼ੀ 24 ਅਪ੍ਰੈਲ ਨੂੰ ਹੋਵੇਗੀ। ਇਕ ਜਨਤਕ ਬਚਾਅ ਪੱਖ ਦੇ ਵਕੀਲ ਨੇ ਪਟੇਲ ਦੀ ਤਰਫੋਂ ਪਟੀਸ਼ਨ ਦਾਇਰ ਕੀਤੀ ਹੈ, ਜਿਸ ਵਿਚ ਕਿਹਾ ਹੈ ਕਿ ਉਹ ਨਿਰਦੋਸ਼ ਹੈ।

# ਜੇ ਮੈਂ ਰਾਸ਼ਟਰਪਤੀ ਹੁੰਦਾ, ਤਾਂ ਈਰਾਨ ਨੇ ਇਜ਼ਰਾਈਲ 'ਤੇ ਹਮਲਾ ਨਾ ਕੀਤਾ ਹੁੰਦਾ: ਟਰੰਪ



**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)**- ਅਮਰੀਕੀ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਜ਼ਰਾਈਲ ਵਿਰੁੱਧ ਈਰਾਨ ਦੇ ਬਦਲੇ ਦੀ ਨਿੰਦਾ ਕੀਤੀ ਹੈ। ਸੋਸ਼ਲ ਮੀਡੀਆ 'ਤੇ ਟਰੰਪ ਨੇ ਕਿਹਾ, 'ਜੇ ਮੈਂ ਅਮਰੀਕਾ ਦਾ ਰਾਸ਼ਟਰਪਤੀ ਹੁੰਦਾ ਤਾਂ ਇਜ਼ਰਾਈਲ 'ਤੇ ਹਮਲਾ ਨਾ ਹੁੰਦਾ। ਇਜ਼ਰਾਈਲ ਦੇ ਹਮਲੇ ਨੂੰ ਰੋਕਣ ਦੀ ਲੋੜ ਸੀ।' ਟਰੰਪ ਨੇ ਇਜ਼ਰਾਈਲ ਦਾ ਸਮਰਥਨ ਕਰਨ ਵਾਲੇ ਸੰਦੇਸ਼ ਵਿਚ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੀ ਆਲੋਚਨਾ ਕੀਤੀ। ਟਰੰਪ ਨੇ ਕਿਹਾ, 'ਇਰਾਨ ਹਮਲੇ 'ਤੇ ਬਾਇਡਨ ਦਾ ਰਾਸ਼ਟਰੀ ਸੰਬੋਧਨ ਪਹਿਲਾਂ ਹੀ ਰਿਕਾਰਡ ਕਰ ਲਿਆ ਗਿਆ ਸੀ। ਹੁਣ ਰਿਕਾਰਡ ਕੀਤੇ ਭਾਸ਼ਣ ਸੁਣਨ ਦਾ ਸਮਾਂ ਹੀ ਨਹੀਂ ਹੈ। ਹੋ ਸਕਦਾ ਹੈ ਕਿ ਹੁਣ ਬਾਇਡਨ ਦੇ ਸਲਾਹਕਾਰ ਉਨ੍ਹਾਂ ਨੂੰ ਪਹਿਲਾਂ ਤੋਂ ਰਿਕਾਰਡ ਕੀਤੇ ਭਾਸ਼ਣਾਂ ਨੂੰ ਪ੍ਰਸਾਰਿਤ ਨਾ ਕਰਨ ਲਈ ਮਨਾ ਲੈਣ।' ਟਰੰਪ ਨੇ ਅੱਗੇ ਕਿਹਾ ਅਮਰੀਕਾ ਇਜ਼ਰਾਈਲ ਦਾ ਸਮਰਥਨ ਕਰਦਾ ਹੈ ਅਤੇ ਮੈਂ ਕਹਿਣਾ ਚਾਹੁੰਦਾ ਹਾਂ, 'ਪ੍ਰਮਾਤਮਾ ਇਜ਼ਰਾਈਲ ਦੇ ਲੋਕਾਂ ਦਾ ਭਲਾ ਕਰੇ।'

# ਅਮਰੀਕਾ ਦੇ ਕਈ ਸੂਬਿਆਂ 'ਚ ਬਰਡ ਫਲੂ ਦੀ ਦਸਤਕ

**ਮੈਨਹਟਨ, (ਪੰਜਾਬ ਮੇਲ)**- ਅਮਰੀਕਾ ਦੇ ਕਈ ਸੂਬਿਆਂ 'ਚ ਬਰਡ ਫਲੂ ਦੇ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਸਿਹਤ ਮਾਹਿਰਾਂ ਨੇ ਨਿਊਯਾਰਕ ਵਾਸੀਆਂ ਨੂੰ ਜੰਗਲੀ ਜੀਵਾਂ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਹੈ। ਮੀਡੀਆ ਰਿਪੋਰਟਾਂ ਦੇ ਅਨੁਸਾਰ ਮੈਨਹਟਨ ਦੇ ਮਾਰਕਸ ਗਾਰਵੇ ਪਾਰਕ 'ਚ ਜੰਗਲੀ ਪੰਛੀਆਂ, ਇਕ ਪੈਰੇਗ੍ਰੀਨ ਬਾਜ ਤੇ ਇਕ ਲਾਲ ਪੂਛ ਵਾਲੇ ਬਾਜ਼ 'ਚ ਬਰਡ ਫਲੂ ਪਾਜ਼ੇਟਿਵ ਪਾਇਆ ਗਿਆ ਹੈ। ਹਾਲਾਂਕਿ ਅਮਰੀਕਾ ਦੇ ਸਿਹਤ ਵਿਭਾਗ ਨੇ ਕਿਹਾ ਹੈ ਕਿ ਫਿਲਹਾਲ ਲੋਕਾਂ 'ਚ ਬਰਡ ਫਲੂ ਫੈਲਣ ਦਾ ਕੋਈ ਸੰਕੇਤ ਨਹੀਂ ਹੈ। ਰਿਪੋਰਟ 'ਚ ਈਕਾਨ ਸਕੂਲ ਆਫ਼ ਮੈਡੀਸਨ ਦੇ ਇਕ ਪੋਸਟ-ਡਾਕਟੋਰਲ ਫੈਲੋ ਫਿਲਿਪ ਮੀਡੇ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਉਸੇ ਹਰੇ ਸਥਾਨ 'ਚ ਇਕ ਮੁਰਗਾ ਵੀ ਬੀਮਾਰੀ ਤੋਂ ਪੀੜਤ ਪਾਇਆ ਗਿਆ ਸੀ। ਇਸ ਤੋਂ ਇਲਾਵਾ ਘਰੇਲੂ ਮੁਰਗੇ-ਮੁਰਗੀਆਂ 'ਚ ਵੀ ਇਹ ਬੀਮਾਰੀ ਪਾਈ ਗਈ ਹੈ।

# ਅਮਰੀਕਾ 'ਚ ਵਿਸ਼ਵ ਦੇ ਸਭ ਤੋਂ ਵੱਡੀ ਉਮਰ ਦੇ ਜੁੜਵੇਂ ਬੱਚਿਆਂ ਦੀ ਮੌਤ



ਜੁੜਵੀਆਂ ਭੈਣਾਂ ਦੀ ਪੁਰਾਣੀ ਤਸਵੀਰ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਵਿਚ ਵਿਸ਼ਵ ਦੇ ਸਭ ਤੋਂ ਵੱਡੀ ਉਮਰ ਦੇ ਦੋ ਜੁੜਵੇਂ ਬੱਚਿਆਂ ਦੀ 62 ਸਾਲ ਦੀ ਉਮਰ ਵਿਚ ਮੌਤ ਹੋ ਗਈ।


ਗਿੰਨੀਜ਼ ਵਰਲਡ ਰਿਕਾਰਡ ਨੇ ਜੁੜਵੇਂ ਬੱਚਿਆਂ ਜੋ ਦੋਨੋਂ ਭੈਣਾਂ ਸਨ, ਦੀ ਮੌਤ ਹੋਣ ਦੀ ਪੁਸ਼ਟੀ ਕੀਤੀ ਹੈ। ਸਿਰ ਤੋਂ ਜੁੜੀਆਂ ਲੌਰੀ ਸ਼ੈਪਲ ਤੇ ਜਾਰਜ ਸ਼ੈਪਲ ਦੀ ਮੌਤ ਯੂਨੀਵਰਸਿਟੀ ਆਫ ਪੈਨਸਿਲਵੇਨੀਆ ਹਸਪਤਾਲ ਵਿਚ ਹੋਈ।

18 ਸਤੰਬਰ, 1961 ਵਿਚ ਪੈਦਾ ਹੋਈਆਂ ਲੌਰੀ ਤੇ ਜਾਰਜ ਦੀ ਖੋਪੜੀ ਆਪਸ ਵਿਚ ਜੁੜੀ ਹੋਈ ਸੀ ਤੇ ਉਨ੍ਹਾਂ ਦੀਆਂ ਖ਼ੂਨ ਦੀਆਂ ਨਾੜੀਆਂ ਤੇ ਦਿਮਾਗ ਦਾ 30 ਫੀਸਦੀ ਹਿੱਸਾ ਜੁੜਿਆ ਹੋਇਆ ਸੀ। 18 ਅਕਤੂਬਰ, 2023 ਨੂੰ ਦਾਅਵਾ ਕੀਤਾ ਗਿਆ ਸੀ ਕਿ ਇਹ ਵਿਸ਼ਵ ਦੇ ਸਭ ਤੋਂ ਵੱਡੀ ਉਮਰ ਦੇ ਜੁੜਵੇਂ ਬੱਚੇ ਹਨ।


For Sale & Purchase of Any Kind of Property
Agriculture land, Commercial Land, Home

ਮਡੇਰਾ ਕਾਉਂਟੀ ਵਿਚ 783 ਏਕੜ ਖੇਤੀਬਾੜੀ ਦੀ ਜਮੀਨ ਵਿਕਾਊ ਹੈ

1. 783.3 Acres of well taken care good producing Almonds and all drip system, under $25000.00 per Acre.
2. 70 Acres, 30 acres of Almonds, 40 acres of Thompson Grapes, all drip system on good location.
3. 72.16 Acres of well taken care and good producing young Almonds, all drip system, with two sources of water and solar system for farm Pump and house, best price in the area.
4. 60 Acres of young Almonds, all drip system, and close to the sphere of influence in City of Selma.
5. 38.2 Acres of good producing Thompson Grapes and all drip system with two sources of water in Selma.
6. Beautiful 5 bed, 3 bath House with 10 Acres of producing Almonds in Selma and all drip system.
7. 14.3 Acres with house and young Almonds in Selma with two sources of water and all drip system.
8. 1.44 Acres of M2 commercial zoning in Selma.



783.3 Acres of well taken care good producing Almonds and all drip system, under $25000.00 per Acre.

ਹਰ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਤੇ ਵੇਚਣ ਲਈ ਸੰਪਰਕ ਕਰੋ:

Gurnek S. Nagra (Realtor)
DRE Lic# 01488551
RE/MAX Gold
1948 High St, Suite #106
Selma, Ca 93662
Cell# 559-288-2780



E-Mail: gurneknagra@yahoo.com Web Page: gurneknagra.com

# ਅਮਰੀਕਾ ’ਚ ਗੋਲੀਬਾਰੀ ਦੌਰਾਨ 2 ਪੁਲਿਸ ਅਫਸਰਾਂ ਦੀ ਮੌਤ

**■ ਮੁਕਾਬਲੇ ’ਚ ਇਕ ਸ਼ੱਕੀ ਹਮਲਾਵਰ ਵੀ ਮਾਰਿਆ ਗਿਆ**



**ਮਾਰੇ ਗਏ ਪੁਲਿਸ ਅਫਸਰਾਂ ਦੀਆਂ ਪੁਰਾਣੀਆਂ ਤਸਵੀਰ।**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਰਾਜ ਗੋਗਨਾ/ਪੰਜਾਬ ਮੇਲ)-** ਸਿਰਾਕੂਜ, ਨਿਊਯਾਰਕ ਨੇੜੇ ਪੁਲਿਸ ਤੇ ਸ਼ੱਕੀਆਂ ਵਿਚਾਲੇ ਹੋਏ ਮੁਕਾਬਲੇ ਵਿਚ 2 ਲਾਅ ਇਨਫੋਰਸਮੈਂਟ ਅਫਸਰਾਂ ਦੀ ਮੌਤ ਹੋਣ ਦੀ ਖਬਰ ਹੈ। ਇਕ ਟਰੈਫਿਕ ਸਟਾਪ ਤੋਂ ਸ਼ੁਰੂ ਹੋਏ ਇਸ ਮੁਕਾਬਲੇ ਵਿਚ ਇਕ ਸ਼ੱਕੀ ਹਮਲਾਵਰ ਦੀ ਵੀ ਮੌਤ ਹੋ ਗਈ। ਚੀਫ ਜੋਸਫ ਸੀਸਿਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਸਿਰਕੂਜ ਪੁਲਿਸ ਵਿਭਾਗ ਦੇ 2 ਅਫਸਰਾਂ ਨੇ ਇਕ ਸ਼ੱਕੀ ਵਾਹਣ ਨੂੰ ਰੋਕਣ ਦਾ ਯਤਨ ਕੀਤਾ ਪਰੰਤੂ ਡਰਾਈਵਰ ਵਾਹਣ ਭਜਾ ਕੇ ਲੈ ਲਿਆ। ਬਾਅਦ ਵਿਚ ਵਾਹਣ ਦੀ ਲਾਇਸੰਸ ਪਲੇਟ ਤੋਂ ਉਸ ਨੂੰ ਲਿਵਰਪੂਲ ਨੇੜੇ ਇਕ ਘਰ ਵਿਚ ਲੱਭ ਲਿਆ ਗਿਆ। ਜਦੋਂ ਪੁਲਿਸ ਅਫਸਰ ਘਰ ਦੇ ਬਾਹਰ ਖੜ੍ਹੇ ਵਾਹਣ ਦੀ ਜਾਂਚ ਕਰ ਰਹੇ ਸਨ, ਤਾਂ ਘਰ ਦੇ ਅੰਦਰੋਂ ਚੱਲੀਆਂ ਗੋਲੀਆਂ ਨਾਲ ਦੋ ਪੁਲਿਸ ਅਫਸਰ ਮਾਰੇ ਗਏ। ਘੱਟੋ-ਘੱਟ ਇਕ ਸ਼ੱਕੀ ਵੀ ਮੁਕਾਬਲੇ ਦੌਰਾਨ ਢੇਰ ਹੋ ਗਿਆ। ਮੇਅਰ ਬੇਨ ਵਾਲਸ਼ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ “ਸਿਰਾਕੂਜ ਦੇ ਇਤਿਹਾਸ ਵਿਚ ਇਹ ਕਾਲਾ ਦਿਨ ਹੈ। ਸਾਡੀ ਹਮਦਰਦੀ ਮਾਰੇ ਗਏ 2 ਅਫਸਰਾਂ ਦੇ ਪਰਿਵਾਰਾਂ ਨਾਲ ਹੈ, ਜੋ ਸਾਡੇ ਹੀਰੋ ਸਨ।”

ਇਸ ਘਟਨਾ ਵਿਚ ਮਰਨ ਵਾਲੇ ਪੁਲਿਸ ਅਫ਼ਸਰਾਂ ਵਿਚੋਂ ਇੱਕ ਨੇ ਸਿਰਫ਼ ਤਿੰਨ ਸਾਲ ਪਹਿਲਾਂ ਹੀ ਪੁਲਿਸ ਸੇਵਾ ਜੁਆਇਨ ਕੀਤੀ ਸੀ। ਸਿਰਾਕੂਜ ਦੇ ਮੇਅਰ ਬੇਨ ਵਾਲਸ਼ ਨੇ ਇਸ ਘਟਨਾ ’ਤੇ ਅਫਸੋਸ ਪ੍ਰਗਟ ਕੀਤਾ, ਇਸ ਨੂੰ ਸ਼ਹਿਰ ਦੀ ਹੁਣ ਤੱਕ ਦੀ ਸਭ ਤੋਂ ਮੰਦਭਾਗੀ ਘਟਨਾ ਵੀ ਦੱਸਿਆ। ਅਮਰੀਕਾ ਵਿਚ ਹਰ ਵਾਰ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਅਤੇ ਬੰਦੂਕ ਸੱਭਿਆਚਾਰ ’ਤੇ ਸਵਾਲ ਵੀ ਉਠਾਏ ਜਾਂਦੇ ਹਨ ਪਰ ਅਜੇ ਤੱਕ ਕੋਈ ਵੀ ਸਰਕਾਰ ਇਸ ਨੂੰ ਰੋਕਣ ਲਈ ਠੋਸ ਕਦਮ ਨਹੀਂ ਚੁੱਕ ਸਕੀ। ਬੰਦੂਕ ਅਪਰਾਧਾਂ ਵਿਚ ਹਰ ਸਾਲ ਕਿੰਨੇ ਹੀ ਲੋਕ ਮਰਦੇ ਹਨ। ਅੰਕੜਿਆਂ ਅਨੁਸਾਰ, ਸਾਲ 2021 ’ਚ ਅਮਰੀਕਾ ਵਿਚ 81 ਫੀਸਦੀ ਕਤਲ ਬੰਦੂਕ ਅਪਰਾਧ ਨਾਲ ਸਬੰਧਤ ਸਨ ਅਤੇ ਇਹ ਗਿਣਤੀ 26,031 ਸੀ। ਹਾਲਾਂਕਿ 2023 ’ਚ ਇਹ ਅੰਕੜਾ 40 ਹਜ਼ਾਰ ਨੂੰ ਪਾਰ ਕਰ ਗਿਆ ਸੀ। ਇੱਕ ਰਿਪੋਰਟ ਅਨੁਸਾਰ 01 ਜਨਵਰੀ, 2023 ਤੋਂ 07 ਦਸੰਬਰ 2023 ਤੱਕ ਅਮਰੀਕਾ ਵਿਚ ਬੰਦੂਕ ਹਿੰਸਾ ਵਿਚ 40,000 ਲੋਕਾਂ ਦੀ ਜਾਨ ਚਲੀ ਗਈ, ਜਿਸ ਦਾ ਮਤਲਬ ਹੈ ਕਿ ਸਾਲ 2023 ’ਚ ਅਮਰੀਕਾ ਵਿਚ ਹਰ ਰੋਜ਼ 118 ਲੋਕਾਂ ਦੀ ਗੋਲੀਆਂ ਲੱਗਣ ਕਾਰਨ ਮੌਤ ਹੋਈ।

# ਸ਼ਿਕਾਗੋ ’ਚ ਹੋਈ ਗੋਲੀਬਾਰੀ ਦੌਰਾਨ ਇਕ ਬੱਚੀ ਦੀ ਮੌਤ; 7 ਜ਼ਖਮੀ

**■ ਜ਼ਖਮੀਆਂ ’ਚੋਂ 2 ਬੱਚਿਆਂ ਦੀ ਹਾਲਤ ਗੰਭੀਰ**



**ਸ਼ਿਕਾਗੋ ਦੇ ਪੁਲਿਸ ਅਫਸਰ ਘਟਨਾ ਸਬੰਧੀ ਜਾਣਕਾਰੀ ਦਿੰਦੇ ਹੋਏ।**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਸ਼ਿਕਾਗੋ (ਇਲੀਨੋਇਸ) ਵਿਚ ਇਕ ਪਰਿਵਾਰਕ ਸਮਾਗਮ ਦੌਰਾਨ ਬਾਹਰ ਖੜ੍ਹੇ ਬੱਚਿਆਂ ਉਪਰ ਚਲਾਈਆਂ ਗੋਲੀਆਂ ਦੇ ਸਿੱਟੇ ਵਜੋਂ ਇਕ 8 ਸਾਲਾ ਲੜਕੀ ਦੀ ਮੌਤ ਹੋਣ ਤੇ 7 ਹੋਰਨਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਜ਼ਖਮੀਆਂ ਵਿਚ ਇਕ ਤੇ ਸੱਤ ਸਾਲ ਦੇ ਦੋ ਲੜਕੇ ਵੀ ਸ਼ਾਮਲ ਹਨ। ਪੁਲਿਸ ਅਨੁਸਾਰ ਲੜਕੀ ਜਿਸ ਦੇ ਸਿਰ ਵਿਚ ਗੋਲੀ ਵੱਜੀ ਸੀ, ਮੌਕੇ ਉਪਰ ਹੀ ਦਮ ਤੋੜ ਗਈ। ਸ਼ਿਕਾਗੋ ਪੁਲਿਸ ਡਿਪਟੀ ਚੀਫ ਡਾਨ ਜਰੋਮ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਇਕ ਤੇ ਸੱਤ ਸਾਲ ਦੇ ਲੜਕਿਆਂ ਦੇ ਇਕ ਤੋਂ ਵਧ ਗੋਲੀਆਂ ਵੱਜੀਆਂ ਹਨ, ਜਿਨ੍ਹਾਂ ਦੀ ਹਾਲਤ ਗੰਭੀਰ ਹੈ। ਬਾਕੀ 5 ਜ਼ਖਮੀਆਂ ਵਿਚ 19 ਤੋਂ 40 ਸਾਲਾਂ ਦੇ ਵਿਅਕਤੀ ਸ਼ਾਮਲ ਹਨ, ਜਿਨ੍ਹਾਂ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਜਰੋਮ ਨੇ ਕਿਹਾ ਹੈ ਕਿ ਇਹ ਅਚਾਨਕ ਵਾਪਰੀ ਘਟਨਾ ਨਹੀਂ ਹੈ। ਉਨ੍ਹਾਂ ਕਿਹਾ ਕਿ ਘਟਨਾ ਦਾ ਕਾਰਨ ਸਪੱਸ਼ਟ ਨਹੀਂ ਹੈ ਪਰੰਤੂ ਇਸ ਵਿਚ 3 ਨਿਰਦੋਸ਼ ਬੱਚਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ, ਜਿਨ੍ਹਾਂ ਵਿਚੋਂ ਇਕ ਦੀ ਮੌਤ ਹੋ ਗਈ ਹੈ। ਉਨ੍ਹਾਂ ਕਿਹਾ ਕਿ ਮੌਕੇ ਦੇ ਗਵਾਹਾਂ ਅਨੁਸਾਰ 2 ਸ਼ੂਟਰ ਪੈਦਲ ਹੀ ਆਏ ਸਨ। ਅਜੇ ਤੱਕ ਸ਼ੱਕੀ ਹਮਲਾਵਰਾਂ ਦੀ ਪਛਾਣ ਨਹੀਂ ਹੋਈ ਤੇ ਨਾ ਹੀ ਕਿਸੇ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਪੁਲਿਸ ਵਿਭਾਗ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਵੀ ਘਟਨਾ ਸਬੰਧੀ ਕੋਈ ਜਾਣਕਾਰੀ ਹੈ, ਤਾਂ ਉਹ ਪੁਲਿਸ ਨਾਲ ਸੰਪਰਕ ਕਰੇ।

**ਸ਼ੋਕ ਸਮਾਚਾਰ**

# ਸੈਂਗਰ ਨਿਵਾਸੀ ਜਸਵੀਰ ਸਿੰਘ ਢੰਡਾ ਦੇ ਅਕਾਲ ਚਲਾਣੇ ’ਤੇ ਢੰਡਾ ਪਰਿਵਾਰ ਨੂੰ ਭਾਰੀ ਸਦਮਾ



**ਸਵ. ਜਸਵੀਰ ਸਿੰਘ ਢੰਡਾ**

**ਫਰਿਜ਼ਨੋ, (ਧਾਲੀਆਂ/ਮਾਛੀਕੇ/ਪੰਜਾਬ ਮੇਲ)-** ਬੀਤੇ ਦਿਨੀਂ ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਸੈਂਗਰ ਨਿਵਾਸੀ ਜਸਵੀਰ ਸਿੰਘ ਢੰਡਾ (ਸਪੁੱਤਰ ਸਵ. ਗੁਰਦੇਵ ਸਿੰਘ) ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਚਾਨਕ ਅਕਾਲ ਚਲਾਣਾ ਕਰ ਗਏ। ਇਸ ਸਮੇਂ ਉਨ੍ਹਾਂ ਦੀ ਉਮਰ ਲਗਭਗ 43 ਸਾਲ ਦੇ ਲਗਭਗ ਸੀ। ਉਹ ਪਿਛਲੇ ਲਗਭਗ 24 ਸਾਲਾਂ ਤੋਂ ਕੈਲੀਫੋਰਨੀਆ ਆਪਣੇ ਪਰਿਵਾਰ ਸਮੇਤ ਰਹਿ ਰਹੇ ਸਨ। ਉਹ ਇੱਕ ਚੰਗੇ ਕਾਰੋਬਾਰੀ ਅਤੇ ਮਿਲਣਸਾਰ ਇਨਸਾਨ ਸਨ। ਉਨ੍ਹਾਂ ਦਾ ਪੰਜਾਬ ਤੋਂ ਪਿਛਲਾ ਪਿੰਡ ਢੰਡਾ, ਜ਼ਿਲ੍ਹਾਂ ਜਲੰਧਰ ਸੀ।

ਉਨ੍ਹਾਂ ਦਾ ਅੰਤਿਮ ਸੰਸਕਾਰ ਅਤੇ ਸ਼ਰਧਾਂਜਲੀਆਂ ਦੀ ਰਸਮ ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ, 4800 E. Clayton Avenue, Fowler CA 93625 ਵਿਖੇ 16 ਅਪ੍ਰੈਲ, 2024, ਦਿਨ ਮੰਗਲਵਾਰ ਨੂੰ ਸਵੇਰੇ 11 ਵਜੇ ਤੋਂ 1 ਵਜੇ ਤੱਕ ਹੋਵੇਗੀ। ਇਸ ਉਪਰੰਤ ਪਾਠ ਦਾ ਭੋਗ ਅਤੇ ਅੰਤਮ ਅਰਦਾਸ ਗੁਰਦੁਆਰਾ ਗੁਰੂ ਕਲਗੀਧਰ ਸਾਹਿਬ, ਸੈਲਮਾ 10011 S Golden State Blvd, Selma, CA 93662 ਵਿਖੇ ਹੋਵੇਗੀ।

ਇਸ ਦੁੱਖ ਦੀ ਘੜੀ ਵਿਚ ਦੁੱਖ ਸਾਂਝਾ ਕਰਨ ਜਾਂ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਪਰਿਵਾਰ ਜਾਂ ਵੱਡੇ ਭਰਾ ਅਵਤਾਰ ਸਿੰਘ ਢੰਡਾ (ਬਿੱਲਾ ਡਿਨੂਬਾ) ਨਾਲ ਫੋਨ ਨੰਬਰ (559) 709-2225 ’ਤੇ ਸੰਪਰਕ ਕਰ ਸਕਦੇ ਹੋ। ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਸਵ. ਜਸਵੀਰ ਸਿੰਘ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com


TAKHAR URGENT CARE
& Family Medicine



Paramjit S. Takhar, M.D.
Board Certified Family Medicine
Originally from Shankar/Nakodar/Jalandhar
Extensive experience in Family Practice and Primary Care Over 25 years of Family Medicine experience with Kaiser Permanente

Onsite Services



EKG (Electrocardiogram), Blood Work, Pregnancy Test, Urine Analysis, TB Testing, Ear Irrigation, In-grown Toe Nail Removal

$100 First Office Visit
2nd Visit is ONLY $75
By appointment only. Please mention offer when scheduling appointment. Must present coupon at time of visit. Expires 12/31/17

- Men's & Women's Health
- Adult Physicals with Labs Drawn on Premises
- Well Woman Exams Including PAP Smears
- Pregnancy Testing
- School /College / Camp Physicals
- Diabetes & Diabetic Foot Care

- High Cholesterol
- Hypertension
- Heart Disease
- Headaches
- Thyroid Problems
- Asthma & Allergies
- Upper Respiratory Infections

- Urinary Tract Infection
- Sexual Dysfuntion
- Back & Neck Pain
- Immigration Physical
- Pre-Employment Physical
- DOT /Non-DOT Physicals
- Breath Alcohol Testing

www.takharfamilymedicine.com

We Speak : English, Hindi, Punjabi, Farsi & Spanish

916-688-8888
8191 Timberlake Way #400
Sacramento, CA 95823

We Accept Medicare, Medical & Cash Pay




Designed By Punjab Mail USA

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਡਾ. ਓਬਰਾਏ ਦੇ 69ਵੇਂ ਜਨਮਦਿਨ 'ਤੇ ਪਿੰਡਾਂ ਵਿਚ ਖੋਲ੍ਹੀਆਂ ਲਾਇਬ੍ਰੇਰੀਆਂ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਸੇਵੀਅਰ ਸਿੰਘ, ਬਿਨਾਂ ਕਿਸੇ ਤੋਂ ਕੋਈ ਪੈਸਾ ਲਿਆ, ਬਿਨਾਂ ਕਿਸੇ ਵੀ ਭੇਦਭਾਵ ਤੋਂ ਮਨੁੱਖਤਾ ਦੀ ਸੇਵਾ ਵਿਚ ਲੱਗੇ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ 69ਵਾਂ ਜਨਮਦਿਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਪਿੰਡ ਗੁਲਾਬੇ ਵਾਲਾ ਅਤੇ ਗੁਰਦੁਆਰਾ ਸਾਹਿਬ ਪਿੰਡ ਮਾਂਗਟ ਕੇਰ ਵਿਚ ਲੋਕਾਂ ਨੂੰ ਗਿਆਨ ਦਾ ਪ੍ਰਕਾਸ਼ ਕਰਵਾਉਣ ਲਈ ਮੁਫ਼ਤ ਲਾਇਬ੍ਰੇਰੀਆਂ ਖੋਲ੍ਹ ਕੇ ਮਨਾਇਆ ਗਿਆ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਨ੍ਹਾਂ ਲਾਇਬ੍ਰੇਰੀਆਂ ਵਿਚ ਧਾਰਮਿਕ, ਸਮਾਜਿਕ, ਇਤਿਹਾਸਕ, ਰਾਜਨੀਤਿਕ ਅਤੇ ਹੋਰ ਕਈ



ਟਰੱਸਟ ਮੁੱਖੀ ਡਾ. ਐੱਸ.ਪੀ. ਸਿੰਘ ਓਬਰਾਏ।

ਵਿਸ਼ਿਆਂ ਨਾਲ ਸਬੰਧਤ ਕਿਤਾਬਾਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮੁਫ਼ਤ ਭੇਜੀਆਂ ਗਈਆਂ ਹਨ, ਤਾਂ ਜੋ ਨੌਜਵਾਨ ਪੀੜ੍ਹੀ ਇਨ੍ਹਾਂ ਨੂੰ ਪੜ੍ਹਨ ਉਪਰੰਤ ਚੰਗੇ ਇਨਸਾਨ ਬਨਣ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਰਦਾਸ ਕੀਤੀ ਗਈ ਅਤੇ ਹੁਕਮਨਾਮੇ ਲੈਣ ਉਪਰੰਤ ਇਹ ਲਾਇਬ੍ਰੇਰੀਆਂ ਡਾਕਟਰ ਓਬਰਾਏ ਦੇ ਜਨਮਦਿਨ 'ਤੇ ਪਿੰਡਾਂ ਵਾਸੀਆਂ ਨੂੰ ਸਮਰਪਿਤ ਕੀਤੀਆਂ ਗਈਆਂ। ਦੋਹਾਂ ਪਿੰਡਾਂ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਡਾਕਟਰ ਓਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ ਅਤੇ ਪੰਚਾਇਤਾਂ ਵੱਲੋਂ ਵੀ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ, ਬਲਵਿੰਦਰ ਸਿੰਘ ਬਰਾੜ ਰਿਟਾਇਰਡ ਪ੍ਰਿੰਸੀਪਲ, ਚਰਨਜੀਤ ਸਿੰਘ, ਮਲਕੀਤ ਸਿੰਘ ਰਿਟਾਇਰਡ ਬੈਂਕ ਮੈਨੇਜਰ, ਸੁਖਬੀਰ ਸਿੰਘਾਂ ਜੈਲਦਾਰ, ਜਸਬੀਰ ਸਿੰਘ ਰਿਟਾਇਰਡ ਏ.ਐੱਸ.ਆਈ., ਗੁਰਦੁਆਰਾ ਸਾਹਿਬ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਪਿੰਡ ਵਾਸੀ ਹਾਜ਼ਰ ਸਨ।

# ਈਦ ਤੋਂ ਪਹਿਲਾਂ ਆਪਣੇ ਘਰ ਪਹੁੰਚੇ ਪਾਕਿਸਤਾਨੀ ਨੌਜਵਾਨ ਨੇ ਕੀਤਾ ਡਾ. ਓਬਰਾਏ ਦਾ ਧੰਨਵਾਦ

**■ ਕਤਲ ਹੋਏ ਭਾਰਤੀ ਨੌਜਵਾਨ ਦੇ ਮਾਪਿਆਂ ਕੋਲੋਂ ਵੀ ਕੀਤੀ ਖਿਮਾਯਾਚਨਾ**

**ਅੰਮ੍ਰਿਤਸਰ, (ਪੰਜਾਬ ਮੇਲ)-** ਹਮੇਸ਼ਾਂ ਲੋੜਵੰਦਾਂ ਦੀ ਬਾਂਹ ਫੜਨ ਵਾਲੇ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐੱਸ.ਪੀ. ਸਿੰਘ ਓਬਰਾਏ ਦੀ ਬਦੌਲਤ ਸ਼ਾਰਜਾਹ 'ਚੋਂ ਫਾਂਸੀ ਦੀ ਸਜ਼ਾ ਤੋਂ ਬਚ ਕੇ ਵਾਪਸ ਘਰ ਪਰਤੇ ਪਾਕਿਸਤਾਨੀ ਨੌਜਵਾਨ ਰਾਓ ਆਦਿਲ ਨੇ ਜਿੱਥੇ ਡਾ. ਐੱਸ.ਪੀ. ਸਿੰਘ ਓਬਰਾਏ ਦਾ ਵਿਸ਼ੇਸ਼ ਧੰਨਵਾਦ ਕੀਤਾ, ਉੱਥੇ ਹੀ ਕਤਲ ਹੋਏ ਭਾਰਤੀ ਨੌਜਵਾਨ ਦੇ ਮਾਪਿਆਂ ਕੋਲੋਂ ਖਿਮਾਯਾਚਨਾ ਕੀਤੀ ਹੈ। ਪਾਕਿਸਤਾਨੀ ਪੰਜਾਬ ਦੇ ਸਰਗੋਧਾ ਜ਼ਿਲ੍ਹੇ ਦਾ ਰਹਿਣ ਵਾਲਾ ਰਾਓ ਆਦਿਲ ਉਨ੍ਹਾਂ ਚਾਰ ਨੌਜਵਾਨਾਂ ਵਿਚ ਸ਼ਾਮਲ ਸੀ, ਜਿਨ੍ਹਾਂ ਨੂੰ ਭਾਰਤੀ ਪੰਜਾਬ ਦੇ ਗੁਰਪ੍ਰੀਤ ਗੋਗਾ ਦੇ ਕਤਲ ਦੇ ਦੋਸ਼ ਤਹਿਤ ਸ਼ਾਰਜਾਹ ਦੀ ਸ਼ਰੀਅਤ ਅਦਾਲਤ ਨੇ ਸਾਲ 2020 ਵਿਚ ਫਾਂਸੀ ਦੀ ਸਜ਼ਾ ਸੁਣਾਈ ਸੀ। ਕਤਲ ਹੋਣ ਵਾਲਾ



**ਪਾਕਿਸਤਾਨੀ ਨੌਜਵਾਨ ਰਾਓ ਆਦਿਲ ਦੀ ਪਾਕਿਸਤਾਨ ਪਹੁੰਚਣ ਮੌਕੇ ਦੀ ਤਸਵੀਰ।**

ਗੁਰਪ੍ਰੀਤ ਗੋਗਾ ਪੰਜਾਬ ਦੇ ਨਵਾਂ ਸ਼ਹਿਰ ਦੀ ਬਲਾਚੌਰ ਤਹਿਸੀਲ ਦੇ ਕੌਲਗੜ੍ਹ ਪਿੰਡ ਦਾ ਵਸਨੀਕ ਸੀ। ਤਕਰੀਬਨ ਚਾਰ ਸਾਲ ਕੇਸ ਲੜਨ ਉਪਰੰਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਡਾ. ਐੱਸ.ਪੀ. ਸਿੰਘ ਓਬਰਾਏ ਨੇ ਕਰੀਬ 48 ਲੱਖ ਰੁਪਏ ਬਤੌਰ ਬਲੱਡ ਮਨੀ ਦੇ ਕੇ ਇਨ੍ਹਾਂ ਚਾਰੇ ਨੌਜਵਾਨਾਂ ਨੂੰ ਫਾਂਸੀ ਦੇ ਫੰਦੇ ਤੋਂ ਬਚਾਇਆ ਸੀ। ਇਸ ਰਕਮ ਵਿਚ ਦੋਸ਼ੀਆਂ ਦੇ ਪਰਿਵਾਰਾਂ ਨੇ ਵੀ ਯੋਗਦਾਨ ਪਾਇਆ ਸੀ। ਇਨ੍ਹਾਂ ਵਿਚੋਂ ਭਾਰਤੀ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਸ਼ੇਖੂਪੁਰਾ ਪਿੰਡ ਦਾ ਗੁਰਪ੍ਰੀਤ ਸਿੰਘ ਪਿਛਲੇ ਮਹੀਨੇ ਘਰ ਪਰਤ ਆਇਆ ਸੀ।

ਪਾਕਿਸਤਾਨ ਦਾ ਰਾਓ ਆਦਿਲ ਵੀ ਈਦ-ਉਲ-ਫਿਤਰ ਦੇ ਤਿਉਹਾਰ ਤੋਂ ਪਹਿਲਾਂ ਹੀ ਸਰਗੋਧਾ ਵਿਖੇ ਆਪਣੇ ਘਰ ਪੁੱਜ ਗਿਆ ਸੀ। ਰਾਓ ਨੇ ਕਿਹਾ ਕਿ ਡਾ. ਓਬਰਾਏ, ਉਸ ਵਾਸਤੇ ਅੱਲ੍ਹਾ ਤੋਂ ਬਾਅਦ ਦੂਸਰੇ ਸਥਾਨ 'ਤੇ ਹਨ, ਜਿਨ੍ਹਾਂ ਨੇ ਉਸਨੂੰ ਦੂਸਰਾ ਜੀਵਨ ਦਿੱਤਾ ਹੈ ਅਤੇ ਇਸ ਲਈ ਉਹ ਤੇ ਉਸਦਾ ਪਰਿਵਾਰ ਸਦਾ ਹੀ ਡਾ. ਓਬਰਾਏ ਦਾ ਅਹਿਸਾਨਮੰਦ ਰਹੇਗਾ। ਆਦਿਲ ਨੇ ਆਪਣੇ ਕੀਤੇ ਜੁਰਮ ਲਈ ਅਫ਼ਸੋਸ ਪ੍ਰਗਟ ਕਰਦਿਆਂ ਕਿਹਾ ਕਿ ਉਸ ਦੀ ਜ਼ਿੰਦਗੀ ਦੇ ਦੋ ਹੀ ਮਕਸਦ ਰਹਿ ਗਏ ਹਨ, ਇੱਕ ਤਾਂ ਆਪਣੇ ਪਿਤਾ ਤੇ ਪਰਿਵਾਰ ਦੀ ਸਾਂਭ ਸੰਭਾਲ ਕਰਨੀ ਤੇ ਦੂਸਰਾ ਮਾਰੇ ਗਏ ਗੁਰਪ੍ਰੀਤ ਗੋਗਾ ਦੇ ਪਰਿਵਾਰ ਕੋਲੋਂ ਮੁਆਫ਼ੀ ਮੰਗਣੀ। ਉਸਨੇ ਕਿਹਾ ਕਿ ਉਹ ਗੁਰਪ੍ਰੀਤ ਗੋਗਾ ਦੇ ਮਾਪਿਆਂ ਨੂੰ ਕਹਿਣਾ ਚਾਹੇਗਾ ਕਿ ਉਨ੍ਹਾਂ ਦਾ ਦੂਜਾ ਪੁੱਤਰ ਰਾਓ ਆਦਿਲ ਦੇ ਰੂਪ ਵਿਚ ਪਾਕਿਸਤਾਨ ਵੱਸਦਾ ਹੈ।

# 'ਸਰਬਜੀਤ ਸਿੰਘ ਦਾ ਕਤਲ ਕਰਨ ਵਾਲਾ 'ਤਾਂਬਾ' ਅਜੇ ਜਿਊਂਦਾ' !

**■ ਲਹਿੰਦੇ ਪੰਜਾਬ ਦੇ ਸੀਨੀਅਰ ਪੁਲਿਸ ਅਧਿਕਾਰੀ ਵੱਲੋਂ ਦਾਅਵਾ**

**ਲਾਹੌਰ, (ਪੰਜਾਬ ਮੇਲ)-** ਇੱਥੋਂ ਦੀ ਇਕ ਜੇਲ੍ਹ ਅੰਦਰ ਸਾਲ 2013 'ਚ ਭਾਰਤੀ ਨਾਗਰਿਕ ਸਰਬਜੀਤ ਸਿੰਘ ਦੀ ਹੱਤਿਆ ਕਰਨ ਵਾਲੇ ਆਮਿਰ ਸਰਫ਼ਰਾਜ਼ ਤਾਂਬਾ ਦੀ ਗੋਲੀਆਂ ਮਾਰ ਕੇ ਹੱਤਿਆ ਕੀਤੇ ਜਾਣ ਦੇ ਮਾਮਲੇ ਨੇ ਉਸ ਵੇਲੇ ਨਵਾਂ ਮੋੜ ਲੈ ਲਿਆ, ਜਦੋਂ ਲਹਿੰਦੇ ਪੰਜਾਬ ਦੀ ਪੁਲਿਸ ਦੇ ਇਕ ਸੀਨੀਅਰ ਅਧਿਕਾਰੀ ਨੇ ਦਾਅਵਾ ਕੀਤਾ ਕਿ ਤਾਂਬਾ ਅਜੇ ਵੀ ਜਿਊਂਦਾ ਹੈ।

ਮੀਡੀਆ ਦੀਆਂ ਖ਼ਬਰਾਂ ਮੁਤਾਬਕ ਅੱਤਵਾਦੀ ਜਥੇਬੰਦੀ ਲਸ਼ਕਰ-ਏ-ਤਇਬਾ ਦੇ ਸੰਸਥਾਪਕ ਹਾਫ਼ਿਜ਼ ਸਈਦ ਦੇ ਨੇੜਲੇ ਸਾਥੀ ਤਾਂਬਾ 'ਤੇ ਇੱਥੇ ਸਨੰਤ ਨਗਰ ਵਿਚ ਸਥਿਤ ਉਸ ਦੀ ਰਿਹਾਇਸ਼ ਵਿਖੇ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਹਮਲਾ ਕਰ ਦਿੱਤਾ ਸੀ। ਉਸ ਨੂੰ ਗੰਭੀਰ ਹਾਲਤ ਵਿਚ ਇਕ ਹਸਪਤਾਲ ਲਿਜਾਇਆ ਗਿਆ ਸੀ, ਜਿੱਥੇ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਉਸ ਦੀ ਮੌਤ ਹੋ ਗਈ ਸੀ, ਪਰ ਲਾਹੌਰ ਦੇ ਐੱਸ.ਐੱਸ.ਪੀ. (ਆਪ੍ਰੇਸ਼ਨਜ਼) ਸਈਦ ਅਲੀ ਰਜ਼ਾ ਨੇ 'ਦਿ ਡਾਅਨ' ਅਖ਼ਬਾਰ ਨਾਲ ਗੱਲਬਾਤ ਦੌਰਾਨ ਕਿਹਾ ਕਿ ਤਾਂਬਾ ਅਜੇ ਜਿਊਂਦਾ ਹੈ ਪਰ ਗੰਭੀਰ ਜ਼ਖ਼ਮੀ ਹਾਲਤ ਵਿਚ ਹੈ।




# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਕੋਰਸ ਪੂਰੇ ਹੋਣ ਉਪਰੰਤ ਲਈਆ ਪ੍ਰੀਖਿਆਵਾਂ

■ **ਗੁਰਬਿੰਦਰ ਸਿੰਘ ਬਰਾੜ ਨੂੰ ਸਾਊਥ ਵੈਸਟ (ਮਾਲਵਾ ਜੋਨ) ਦੁਬਾਰਾ ਪ੍ਰਧਾਨ ਬਣਨ 'ਤੇ ਦਿੱਤੀ ਵਧਾਈ**



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸੰਨੀ ਓਬਰਾਏ ਸਵੈ ਰੋਜ਼ਗਾਰ ਸਕੀਮ ਤਹਿਤ ਪਿੰਡਾਂ ਅਤੇ ਸ਼ਹਿਰਾਂ ਵਿਚ ਬੇਰੁਜ਼ਗਾਰੀ ਨੂੰ ਠੱਲ੍ਹ ਪਾਉਣ ਲਈ ਮੁਫ਼ਤ ਸਿਖਲਾਈ ਸੈਂਟਰ (ਸਿਲਾਈ ਸੈਂਟਰ, ਬਿਊਟੀ ਪਾਰਲਰ ਸੈਂਟਰ, ਕਪਿਊਟਰ ਸੈਂਟਰ) ਖੋਲ੍ਹੇ ਜਾ ਰਹੇ ਹਨ, ਤਾਂ ਜੋ ਨੌਜਵਾਨ ਅਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਅਜਿਹੇ 8 ਮੁਫ਼ਤ ਸਿਖਲਾਈ ਸੈਂਟਰ ਚੱਲ ਰਹੇ ਹਨ, ਜਿਸ ਦੌਰਾਨ ਸਿਖਲਾਈ ਪ੍ਰਾਪਤ ਕਰ ਰਹੇ ਸਿਖਿਆਰਥੀਆਂ ਤੋਂ ਕੋਈ ਵੀ ਫੀਸ ਨਹੀਂ ਲਈ ਜਾਂਦੀ। ਇਸ ਤੋਂ ਪਹਿਲਾਂ ਹਜ਼ਾਰਾਂ ਦੀ ਗਿਣਤੀ ਵਿਚ ਨੌਜਵਾਨ ਲੜਕੇ ਲੜਕੀਆਂ ਅਪਣੇ ਕੰਮਾਂ ਵਿਚ ਨਿਪੁੰਨ ਹੋ ਕੇ ਆਪਣੇ ਪਰਿਵਾਰਾਂ ਦਾ ਵਧੀਆ ਪਾਲਣ-ਪੋਸ਼ਣ ਕਰ ਰਹੇ ਹਨ, ਇਸ ਲੜੀ ਤਹਿਤ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਗੋਨਿਆਣਾ ਰੋਡ ਸ੍ਰੀ ਮੁਕਤਸਰ ਸਾਹਿਬ ਅਤੇ ਗੁਰਦੁਆਰਾ ਸਾਹਿਬ ਗਲੀ ਨੰਬਰ 11 ਅਬੋਹਰ ਰੋਡ ਸ੍ਰੀ ਮੁਕਤਸਰ ਸਾਹਿਬ ਵਿਖੇ 6 ਮਹੀਨਿਆਂ ਦੇ ਮੁਫ਼ਤ ਸਿਲਾਈ ਸਿਖਲਾਈ ਕੋਰਸ ਪੂਰੇ ਹੋਣ ਉਪਰੰਤ 50 ਸਿਖਿਆਰਥੀਆਂ ਦੇ ਫਾਈਨਲ ਪੇਪਰ ਪ੍ਰਿੰਸੀਪਲ ਬਿੰਦਰ ਪਾਲ ਕੌਰ, ਮੈਡਮ ਹਰਿਦਰ ਕੌਰ, ਮੈਡਮ ਮਨਿੰਦਰ ਕੌਰ ਦੀ ਅਗਵਾਈ ਹੇਠ ਲਏ ਗਏ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਮਾਲਵਾ ਜੋਨ ਨੂੰ ਦੁਬਾਰਾ ਸਾਊਥ ਵੈਸਟ (ਮਾਲਵਾ ਜੋਨ) ਦਾ ਪ੍ਰਧਾਨ ਬਣਾਉਣ 'ਤੇ ਡਾਕਟਰ ਐੱਸ.ਪੀ. ਸਿੰਘ ਉਬਰਾਏ ਅਤੇ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦਾ ਸ੍ਰੀ ਮੁਕਤਸਰ ਸਾਹਿਬ ਦੀ ਸਮੁੱਚੀ ਟੀਮ ਵਲੋਂ ਧੰਨਵਾਦ ਵੀ ਕੀਤਾ ਗਿਆ ਅਤੇ ਵਧਾਈ ਵੀ ਦਿੱਤੀ ਗਈ। ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾਇਰਡ ਪ੍ਰਿੰਸੀਪਲ, ਮਲਕੀਤ ਸਿੰਘ ਰਿਟਾਇਰਡ ਬੈਂਕ ਮੈਨੇਜਰ, ਜਸਬੀਰ ਸਿੰਘ ਰਿਟਾਇਰਡ ਏ.ਐੱਸ.ਆਈ., ਮੈਡਮ ਰੇਣੂ ਸ਼ਰਮਾ, ਮੈਡਮ ਵੀਰਪਾਲ ਕੌਰ ਆਦਿ ਹਾਜ਼ਰ ਸਨ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਡਾ. ਓਬਰਾਏ ਦੇ ਜਨਮਦਿਨ ਨੂੰ ਸਮਰਪਿਤ ਲੋੜਵੰਦਾਂ ਦੀ ਕੀਤੀ ਮਦਦ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਵੱਲੋਂ ਟਰੱਸਟ ਦੇ ਮੈਨੇਜਿੰਗ ਡਾਇਰੈਕਟਰ ਡਾਕਟਰ ਐੱਸ.ਪੀ. ਸਿੰਘ ਓਬਰਾਏ ਦੇ 69ਵੇਂ ਜਨਮਦਿਨ ਨੂੰ ਸਮਰਪਿਤ ਲੋੜਵੰਦਾਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਤਕਸੀਮ ਕੀਤੇ ਗਏ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ 69ਵਾਂ ਜਨਮਦਿਨ ਕੰਮ ਕਰਨ ਤੋਂ ਅਸਮਰਥ, ਇਕੱਲੀਆਂ ਰਹਿ ਰਹੀਆਂ ਵਿਧਵਾਵਾਂ, ਬੇਸਹਾਰਾ ਬਜ਼ੁਰਗ ਔਰਤਾਂ ਨੂੰ ਗੁਜ਼ਾਰੇ ਲਈ ਸਹਾਇਤਾ ਰਾਸ਼ੀ ਦੇ ਕੇ ਮਨਾਇਆ ਗਿਆ। ਇਸ ਮੌਕੇ ਇਨ੍ਹਾਂ ਲੋੜਵੰਦ ਲੋਕਾਂ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦੀ ਲੰਮੀ ਉਮਰ ਦੀ ਕਾਮਨਾ ਕੀਤੀ ਗਈ ਅਤੇ ਸਹਾਇਤਾ ਰਾਸ਼ੀ ਦੇਣ ਲਈ ਧੰਨਵਾਦ ਕੀਤਾ ਗਿਆ। ਗੱਲਬਾਤ ਦੌਰਾਨ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਡਾ. ਓਬਰਾਏ ਵਲੋਂ ਪੂਰੀ ਦੁਨੀਆਂ ਵਿਚ ਬਿਨਾਂ ਕਿਸੇ ਵੀ ਤਰ੍ਹਾਂ ਦੇ ਭੇਦਭਾਵ ਤੋਂ ਮਨੁੱਖਤਾ ਦੀ ਸੇਵਾ ਕੀਤੀ ਜਾ ਰਹੀ ਹੈ। ਜ਼ਿਲ੍ਹਾ ਪ੍ਰਧਾਨ ਨੇ ਗੱਲਬਾਤ ਦੌਰਾਨ ਦੱਸਿਆ ਕਿ ਸਮੁੱਚੀ ਸ੍ਰੀ ਮੁਕਤਸਰ ਸਾਹਿਬ ਟੀਮ ਵਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਨੂੰ 69ਵੇਂ ਜਨਮਦਿਨ 'ਤੇ ਵਧਾਈ ਦਿੱਤੀ ਗਈ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਜੋਨ ਨੇ ਦੱਸਿਆ ਕਿ ਟਰੱਸਟ ਦੀ ਕੋਈ ਵੀ ਰਸੀਦਬੁੱਕ ਨਹੀਂ ਹੈ। ਇਸ ਮੌਕੇ ਵਧਾਈ ਦੇਣ ਵਾਲਿਆਂ ਵਿਚ ਗੁਰਪਾਲ ਸਿੰਘ ਪਾਲੀ, ਬਲਜੀਤ ਸਿੰਘ ਮਾਨ ਰਿਟਾਇਰਡ ਪ੍ਰਿੰਸੀਪਲ, ਬਲਵਿੰਦਰ ਸਿੰਘ ਬਰਾੜ ਰਿਟਾਇਰਡ ਪ੍ਰਿੰਸੀਪਲ, ਚਰਨਜੀਤ ਸਿੰਘ, ਜਸਪਾਲ ਸਿੰਘ ਰਿਟਾਇਰਡ ਲੈਕਚਰਾਰ, ਮਾਸਟਰ ਰਜਿੰਦਰ ਸਿੰਘ, ਮਲਕੀਤ ਸਿੰਘ ਰਿਟਾਇਰਡ ਬੈਂਕ ਮੈਨੇਜਰ, ਅਸ਼ੋਕ ਕੁਮਾਰ, ਸੋਮਨਾਥ, ਜਸਵਿੰਦਰ ਸਿੰਘ ਮਣਕੂ, ਬਰਨੇਕ ਸਿੰਘ ਰਿਟਾਇਰਡ ਲੈਕਚਰਾਰ, ਸੁਖਬੀਰ ਸਿੰਘ ਜੈਲਦਾਰ, ਗੁਰਜੀਤ ਸਿੰਘ ਜੀਤਾ ਇੰਚਾਰਜ ਮਹੀਨਾਵਾਰ ਪੈਨਸ਼ਨ ਵੰਡ ਸਮਾਰੋਹ, ਜਸਬੀਰ ਸਿੰਘ ਰਿਟਾਇਰਡ ਏ.ਐੱਸ.ਆਈ., ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਰਣਧੀਰ ਸਿੰਘ ਸਾਗੂ, ਜਤਿੰਦਰ ਸਿੰਘ ਕੈਂਥ, ਮੈਡਮ ਹਰਿੰਦਰ ਕੌਰ, ਪ੍ਰਿੰਸੀਪਲ ਬਿੰਦਰ ਪਾਲ ਕੌਰ, ਮੈਡਮ ਮਨਿੰਦਰ ਕੌਰ ਆਦਿ ਹਾਜ਼ਰ ਸਨ।


Global Allianz
LAW FIRM LLP
ਕਾਨੂੰਨੀ ਸਲਾਹਾਂ
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ
Asylum & Deportation Defense

Atul Kapoor
C.E.O

Neat Allen Sawyer
Attorney at law
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188
Designed By Punjab Mail USA

# ਨਿਊਯਾਰਕ ਸਟੇਟ ਅਸੈਂਬਲੀ ’ਚ ਅਲਬਨੀ ਵਿਖੇ ਮਨਾਇਆ ਗਿਆ ਖਾਲਸਾ ਸਾਜਨਾ ਦਿਵਸ





**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਨਿਊਯਾਰਕ ਸਟੇਟ ਦੀ ਅਸੈਂਬਲੀ ਵਿਚ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਇਕ ਬਹੁਤ ਹੀ ਪ੍ਰਭਾਵਸ਼ਾਲੀ ਪ੍ਰੋਗਰਾਮ ਕੀਤਾ ਗਿਆ। ਇਸ ਸਮਾਗਮ ਦੀ ਮੇਜ਼ਬਾਨੀ ਕਰਨ ਵਿਚ ਖਾਸ ਤੌਰ ’ਤੇ ਅਸੈਂਬਲੀ-ਮੈਂਬਰ ਜੋਹਰਾਨ ਮਮਦਾਨੀ (ਡਿਸਟ੍ਰਿਕਟ 36), ਅਤੇ ਉਨ੍ਹਾਂ ਦੇ ਨਾਲ ਹੋਰ ਅਸੈਂਬਲੀ-ਮੈਂਬਰ ਗਰੇਸ ਲੀ (ਡਿਸਟ੍ਰਿਕਟ 65), ਖਲੀਲ ਐਂਡਰਸਨ (ਡਿਸਟ੍ਰਿਕਟ 31), ਸਟੀਵਨ ਰਾਗਾ (ਡਿਸਟ੍ਰਿਕਟ 30), ਜੈਫਰੀਅਨ ਔਰਬੀ (ਡਿਸਟ੍ਰਿਕਟ 35), ਜੈਸੀਕਾ ਗੌਨਜਾਲੇਜ (ਡਿਸਟ੍ਰਿਕਟ 34), ਕੈਟਲੀਨਾ ਕਰੂਜ (ਡਿਸਟ੍ਰਿਕਟ 39) ਸ਼ਾਮਲ ਸਨ। ਅਮਰੀਕਾ ਦੀਆਂ ਵੱਖ-ਵੱਖ ਸਟੇਟਾਂ ਵਿਚ ਜਿਵੇਂ ਵਿਸਾਖੀ ਨੂੰ ਨੈਸ਼ਨਲ ਸਿੱਖ ਡੇਅ ਵਜੋਂ ਅਤੇ ਅਪ੍ਰੈਲ ਨੂੰ ‘ਸਿੱਖ ਐਪਰੀਸੀਏਸ਼ਨ ਅਤੇ ਅਵੇਅਰਨੈਸ ਮੰਥ’ ਵਜੋਂ ਮਨਾਇਆ ਜਾਂਦਾ ਹੈ। ਉਸੇ ਤਰ੍ਹਾਂ ਹੀ ਨਿਊਯਾਰਕ ਸਟੇਟ ਦੀ ਅਸੈਂਬਲੀ ਵਿਚ ਵਿਸਾਖੀ ਨੂੰ ਸਮਰਪਿਤ ਇਹ ਪ੍ਰੋਗਰਾਮ ਕੀਤਾ ਗਿਆ, ਜਿੱਥੇ ਕਿ ਵਰਲਡ ਸਿੱਖ ਪਾਰਲੀਮੈਂਟ ਵੱਲੋਂ 2015 ਵਿਚ ਹੋਏ ਸਰਬੱਤ ਖਾਲਸਾ ਦੇ ਮਤੇ, ਅਤੇ ਜਥੇਦਾਰ ਭਾਈ ਜਗਤਾਰ ਸਿੰਘ ਜੀ ਹਵਾਰਾ ਦੇ ਹੁਕਮਾਂ ਅਨੁਸਾਰ ਹੋਂਦ ਵਿਚ ਆਉਣ ਤੋਂ ਬਾਅਦ ਚੱਲ ਰਹੇ ਕੰਮਾਂ ਦੀ ਰੱਜਵੀਂ ਸ਼ਲਾਘਾ ਕੀਤੀ ਗਈ। ਜਿਸ ਤਰ੍ਹਾਂ ਕਿ ਵਰਲਡ ਸਿੱਖ ਪਾਰਲੀਮੈਂਟ ਵੱਲੋਂ ਕੋਵਿਡ-19 ਦੇ ਸਮੇਂ ਨਿਊਯਾਰਕ ਤੇ ਹੋਰ ਥਾਵਾਂ ’ਤੇ ਲੱਖਾਂ ਹੀ ਲੋਕਾਂ ਨੂੰ ਭੋਜਨ ਪਹੁੰਚਾਇਆ ਗਿਆ। ਪੰਜਾਬ ਵਿਚ 2019 ਵਿਚ ਆਏ ਹੜ੍ਹਾਂ ਤੋਂ ਬਾਅਦ ਕੀਤੀ ਮਦਦ ਅਤੇ ਯੂਕਰੇਨ ਵਿਚ ਚੱਲ ਰਹੇ ਮੌਜੂਦਾ ਸੰਕਟ ਦੇ ਸਮੇ ਯੂਨਾਈਟਡ ਸਿਖਸ ਨਾਲ ਰਲ ਕੇ ਰਾਹਤ ਕਾਰਜ ਕੀਤੇ ਗਏ। ਇਸ ਤੋਂ ਇਲਾਵਾ ਵਰਲਡ ਸਿੱਖ ਪਾਰਲੀਮੈਂਟ ਵੱਲੋਂ ਸਿੱਖਿਆ, ਮਨੁੱਖੀ ਅਧਿਕਾਰਾਂ ਹੋਰ ਚੱਲ ਰਹੇ ਕੰਮਾਂ ਦਾ ਵੀ ਅਸੈਂਬਲੀ ਦੇ ਪਰੋਕਲੇਮੇਸ਼ਨ (ਘੋਸ਼ਣਾ ਪੱਤਰ) ਵਿਚ ਜ਼ਿਕਰ ਕੀਤਾ ਗਿਆ।

**■ ਟਰਾਂਸ ਨੈਸ਼ਨਲ ਰਿਪਰੈਸ਼ਨ ਦਾ ਮੁੱਦਾ ਵੀ ਜ਼ੋਰ-ਸ਼ੋਰ ਨਾਲ ਚੁੱਕਿਆ ਗਿਆ**

ਅਸੈਂਬਲੀ-ਮੈਂਬਰ ਜੋਹਰਾਨ ਮਮਦਾਨੀ ਨੇ ਹੋਰ ਅਸੈਂਬਲੀ-ਮੈਂਬਰਾਂ ਦੇ ਸਹਿਯੋਗ ਨਾਲ ਪਿਛਲੇ ਸਮੇਂ ਤੋਂ ਟਰਾਂਸ ਨੈਸ਼ਨਲ ਰਿਪਰੈਸ਼ਨ ਦੇ ਮੁੱਦੇ ਨੂੰ ਵੀ ਜ਼ੋਰ ਨਾਲ ਚੁੱਕਿਆ ਜਾ ਰਿਹਾ ਹੈ, ਜਿਸ ਤਹਿਤ ਭਾਰਤ ਸਰਕਾਰ ਵੱਲੋਂ ਵਿਦੇਸ਼ਾਂ ਵਿਚ ਸਿੱਖ ਆਗੂਆਂ ਭਾਈ ਹਰਦੀਪ ਸਿੰਘ ਨਿਝਰ, ਭਾਈ ਪਰਮਜੀਤ ਸਿੰਘ ਪੰਜਵੜ, ਭਾਈ ਅਵਤਾਰ ਸਿੰਘ ਖੰਡਾ ਦੇ ਕਤਲ ਕਰਨ ਅਤੇ ਨਾਲ ਹੀ ਵਕੀਲ ਗੁਰਪਤਵੰਤ ਸਿੰਘ ਪੰਨੂ ਤੇ ਹੋਰ ਵੀ ਆਗੂਆਂ ਕਤਲਾਂ ਦੀ ਸਾਜ਼ਿਸ਼ ਵਿਚ ਸ਼ਾਮਲ ਹੋਣ ਦਾ ਪਰਦਾਫਾਸ਼ ਹੋਇਆ ਸੀ। ਉਸ ਤੋਂ ਬਾਅਦ ਇਨ੍ਹਾਂ ਅਸੈਂਬਲੀ-ਮੈਂਬਰਾਂ ਵੱਲੋਂ ਸਟੇਟ ਅਸੈਂਬਲੀ ਤੋਂ ਲੈ ਕੇ ਗਵਰਨਰ ਅਤੇ ਪ੍ਰੈਜ਼ੀਡੈਂਟ ਤੱਕ ਇਸ ਮਸਲੇ ਨੂੰ ਪਹੁੰਚਾਉਣ ਵਿਚ ਅਹਿਮ ਰੋਲ ਨਿਭਾਇਆ ਜਾ ਰਿਹਾ ਹੈ।

ਪ੍ਰੋਗਰਾਮ ’ਚ ਸ਼ਾਮਲ ਨੁਮਾਇੰਦਿਆਂ ਵਿਚ ਕੋਆਰਡੀਨੇਟਰ ਸ. ਹਿੰਮਤ ਸਿੰਘ, ਸੈਲਫ ਡਿਟਰਮੀਨੇਸ਼ਨ ਕਾਊਂਸਿਲ ਦੇ ਸ. ਬਲਜਿੰਦਰ ਸਿੰਘ, ਸ. ਮੱਖਣ ਸਿੰਘ ਰੌਚੈਸਟਰ, ਸ. ਸੁਖਜਿੰਦਰ ਸਿੰਘ ਬਾਜਵਾ, ਸ. ਬਲਜੀਤ ਸਿੰਘ, ਸ. ਚਰਨਜੀਤ ਸਿੰਘ ਸਮਰਾ, ਸ. ਵਰਿੰਦਰ ਸਿੰਘ ਵਿਕੀ, ਬੀਬੀ ਜਸਲੀਨ ਕੌਰ, ਸ. ਮਨਵੀਰ ਸਿੰਘ, ਸ. ਜਗਪ੍ਰੀਤ ਸਿੰਘ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਅਮਰੀਕਾ ’ਚ ਸ਼ਟਲ ਬੱਸ ਲੋਕਾਂ ’ਤੇ ਚੜ੍ਹੀ; ਇਕ ਮੌਤ ਤੇ ਅਨੇਕਾਂ ਹੋਰ ਜ਼ਖਮੀ



**ਹਾਦਸੇ ਵਾਲੇ ਸਥਾਨ ’ਤੇ ਨਜ਼ਰ ਆ ਰਹੇ ਪੁਲਿਸ ਦੇ ਜਵਾਨ।**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕਾ ਦੇ ਹਵਾਈ ਰਾਜ ਵਿਚ ਹੋਨੋਲੂਲੂ ਕਰੂਜ਼ ਟਰਮੀਨਲ ’ਤੇ ਇਕ ਸ਼ਟਲ ਬੱਸ ਅਚਾਨਕ ਤੁਰ ਪਈ ਤੇ ਲੋਕਾਂ ਉਪਰ ਜਾ ਚੜ੍ਹੀ, ਜਿਸ ਦੇ ਸਿੱਟੇ ਵਜੋਂ ਇਕ ਵਿਅਕਤੀ ਦੀ ਮੌਤ ਹੋਣ ਤੇ ਅਨੇਕਾਂ ਹੋਰਨਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਪੁਲਿਸ ਤੇ ਕਾਰਨੀਵਾਲ ਕਰੂਜ਼ ਲਾਈਨ ਅਨੁਸਾਰ ਕਰੂਜ਼ ਪੋਰਟ ਬੱਸ ਇਕ ਘਾਟ ਨੇੜੇ ਖੜ੍ਹੀ ਸੀ ਕਿ ਉਹ ਅਚਾਨਕ ਤੁਰ ਪਈ। ਡਰਾਈਵਰ ਨੇ ਫੁਰਤੀ ਵਰਤ ਕੇ ਬੱਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰੰਤੂ ਕਾਹਲੀ ਵਿਚ ਬਰੇਕ ਲਾਉਣ ਦੀ ਬਜਾਏ ਉਸ ਨੇ ਗੈਸ ਪੈਡਲ ਨੂੰ ਦਬਾਅ ਦਿੱਤਾ। ਬੱਸ ਅੱਗੇ ਖੜ੍ਹੇ ਲੋਕਾਂ ਉਪਰ ਚੜ੍ਹ ਗਈ। ਪੁਲਿਸ ਨੇ ਕਿਹਾ ਹੈ ਕਿ ਕੁੱਲ 11 ਲੋਕ ਜ਼ਖਮੀ ਹੋਏ ਹਨ, ਜਿਨ੍ਹਾਂ ਵਿਚੋਂ 5 ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ, ਜਦਕਿ ਬਾਕੀਆਂ ਨੇ ਹਸਪਤਾਲ ਦਾਖਲ ਹੋਣ ਤੋਂ ਨਾਂਹ ਕਰ ਦਿੱਤੀ। ਉਹ ਠੀਕ-ਠਾਕ ਹਨ। ਕਾਰਨੀਵਾਲ ਕਰੂਜ਼ ਲਾਈਨ ਅਨੁਸਾਰ ਇਸ ਹਾਦਸੇ ਵਿਚ ਜ਼ਖਮੀ ਹੋਏ 9 ਵਿਅਕਤੀ ਕਾਰਨੀਵਾਲ ਮਿਰਾਕਲ ਸ਼ਿੱਪ ਤੋਂ ਉਤਰੇ ਸਨ, ਜਿਨ੍ਹਾਂ ਵਿਚੋਂ ਇਕ ਔਰਤ ਦੀ ਮੌਤ ਹੋ ਗਈ, ਜਦਕਿ ਉਸ ਦਾ ਪਤੀ ਜ਼ਖਮੀ ਹੋ ਗਿਆ। ਪੁਲਿਸ ਨੇ ਕਿਹਾ ਹੈ ਕਿ ਹਾਦਸੇ ਦੀ ਜਾਂਚ ਕੀਤੀ ਜਾਵੇਗੀ ਪਰੰਤੂ ਇਸ ਸਮੇਂ ਲੱਗਦਾ ਹੈ ਕਿ ਰਫਤਾਰ ਹਾਦਸੇ ਦਾ ਕਾਰਨ ਨਹੀਂ ਹੈ।



# ਬੱਚੇ ਦੀ ਅਵਾਜ਼ ਵਾਪਸ ਆਉਣ ’ਤੇ ਪਰਿਵਾਰ ਨੇ ਸ਼ੁਕਰਾਨੇ ਵਜੋਂ ਸ੍ਰੀ ਦਰਬਾਰ ਸਾਹਿਬ ਵਿਖੇ ਟਰੈਕਟਰ ਕੀਤਾ ਭੇਟ

**ਅੰਮ੍ਰਿਤਸਰ, (ਪੰਜਾਬ ਮੇਲ)-** ਵਿਦੇਸ਼ ਅੰਦਰ ਵੱਸਦੇ ਇਕ ਪਰਿਵਾਰ ਦੇ ਬੱਚੇ ਕਾਕਾ ਰਾਜਬੀਰ ਸਿੰਘ ਦੀ ਅਵਾਜ਼ ਮੁੜ ਪਰਤਣ ’ਤੇ ਪਰਿਵਾਰ ਵੱਲੋਂ ਬੀਤੇ ਦਿਨੀਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਟਰੈਕਟਰ ਭੇਟ ਕਰਕੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ ਗਿਆ। 10 ਸਾਲ ਦਾ ਕਾਕਾ ਰਾਜਬੀਰ ਸਿੰਘ ਜੋ ਬੋਲ ਨਹੀਂ ਸਕਦਾ ਸੀ, ਦੇ ਪਰਿਵਾਰ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਰਦਾਸ ਕੀਤੀ। ਬੱਚੇ ਦੀ ਆਵਾਜ਼ ਵਾਪਸ ਆਉਣ ’ਤੇ ਪਰਿਵਾਰ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਨ ਲਈ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਇਆ।




**ਸੁਖਜਿੰਦਰ ਸਿੰਘ ਹੇਰ ਨੂੰ ਨਵੀਂ ਜ਼ਿੰਮੇਵਾਰੀ ਸੌਂਪਣ ਮੌਕੇ ਸਨਮਾਨਿਤ ਕਰਦੇ ਹੋਏ ਸੁਖਦੀਪ ਸਿੰਘ ਸਿੱਧੂ, ਮਨਪ੍ਰੀਤ ਸਿੰਘ ਸੰਧੂ ਤੇ ਹੋਰ ਅਹੁਦੇਦਾਰ।**

ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਖੇ ਕਾਕਾ ਰਾਜਬੀਰ ਸਿੰਘ ਅਤੇ ਪਰਿਵਾਰ ਨੂੰ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਮਨਜੀਤ ਸਿੰਘ ਭੂਰਾਕੋਹਨਾ ਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ ਵੱਲੋਂ ਗੁਰੂ ਬਖ਼ਸ਼ਿਸ਼ ਸਿਰੋਪਾਓ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਗੱਲ ਕਰਦਿਆਂ ਭਾਈ ਮਨਜੀਤ ਸਿੰਘ ਭੂਰਾਕੋਹਨਾ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪੂਰੀ ਮਨੁੱਖਤਾ ਲਈ ਅਧਿਆਤਮਿਕ ਦਾ ਕੇਂਦਰ ਹੈ, ਜਿਥੋਂ ਅਨੇਕਾਂ ਪਰਿਵਾਰਾਂ ਦੀ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਕਾਕਾ ਰਾਜਬੀਰ ਸਿੰਘ ਜੋ ਬੋਲ ਨਹੀਂ ਸਕਦਾ ਸੀ, ’ਤੇ ਵੀ ਗੁਰੂ ਪਾਤਸ਼ਾਹ ਦੀ ਰਹਿਮਤ ਹੋਈ ਹੈ, ਜਿਸ ਦੇ ਸ਼ੁਕਰਾਨੇ ਵਜੋਂ ਪਰਿਵਾਰ ਨੇ ਟਰੈਕਟਰ ਭੇਟ ਕਰਕੇ ਸ਼ਰਧਾ ਪ੍ਰਗਟਾਈ ਹੈ।

# ਬਸਪਾ ਵੱਲੋਂ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਦਾ ਐਲਾਨ

**ਜਲੰਧਰ, (ਪੰਜਾਬ ਮੇਲ)-** ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸਿਆਸੀ ਪਾਰਟੀਆਂ ਵੱਲੋਂ ਆਪਣੇ ਉਮੀਦਵਾਰਾਂ ਦਾ ਐਲਾਨ ਕਰਨ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸ ਦੌਰਾਨ ਬਹੁਜਨ ਸਮਾਜ ਪਾਰਟੀ ਨੇ ਵੀ ਆਪਣੇ ਉਮੀਦਵਾਰਾਂ ਦਾ ਐਲਾਨ ਕਰਨ ਦੀ ਸ਼ੁਰੂਆਤ ਕਰ ਦਿੱਤੀ ਹੈ। ਪਾਰਟੀ ਵੱਲੋਂ ਕੌਮੀ ਪ੍ਰਧਾਨ ਕੁਮਾਰੀ ਮਾਇਆਵਤੀ ਦੀ ਅਗਵਾਈ ਅਤੇ ਪਾਰਟੀ ਦੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੇ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਜਲੰਧਰ ਤੋਂ ਬਲਵਿੰਦਰ ਕੁਮਾਰ ਅਤੇ ਪਟਿਆਲਾ ਤੋਂ ਜਗਜੀਤ ਸਿੰਘ ਛੜਬੜ ਨੂੰ ਉਮੀਦਵਾਰ ਐਲਾਨਿਆ ਗਿਆ ਹੈ।

**■ ਜਲੰਧਰ ਤੋਂ ਬਲਵਿੰਦਰ ਕੁਮਾਰ ਤੇ ਪਟਿਆਲਾ ਤੋਂ ਜਗਜੀਤ ਸਿੰਘ ਛੜਬੜ ਹੋਣਗੇ ਉਮੀਦਵਾਰ**

ਇਸ ਮੁਤਾਬਕ ਜਲੰਧਰ ਤੋਂ ਹੁਣ ਬਲਵਿੰਦਰ ਕੁਮਾਰ ਭਾਜਪਾ ਦੇ ਸੁਸ਼ੀਲ ਰਿੰਕੂ ਨੂੰ ਟੱਕਰ ਦੇਣਗੇ, ਜਦਕਿ ਕਾਂਗਰਸ ਵੱਲੋਂ ਇਸ ਸੀਟ ਤੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਨੂੰ ਉਮੀਦਵਾਰ ਐਲਾਨਣ ਦੇ ਚਰਚੇ ਚੱਲ ਰਹੇ ਹਨ। ‘ਆਪ’ ਅਤੇ ਅਕਾਲੀ ਦਲ ਵੱਲੋਂ ਇਸ ਹਲਕੇ ਤੋਂ ਹਾਲੇ ਕੋਈ ਵੀ ਉਮੀਦਵਾਰ ਐਲਾਨਿਆ ਨਹੀਂ ਗਿਆ ਹੈ।

ਦੂਜੇ ਪਾਸੇ ਪਟਿਆਲਾ ਤੋਂ ਪਾਰਟੀ ਦੇ ਜਗਜੀਤ ਸਿੰਘ ਛੜਬੜ ਭਾਜਪਾ ਦੀ ਪਰਨੀਤ ਕੌਰ, ‘ਆਪ’ ਦੇ ਮੰਤਰੀ ਡਾ. ਬਲਬੀਰ ਸਿੰਘ ਤੇ ਅਕਾਲੀ ਦਲ ਦੇ ਐੱਨ.ਕੇ. ਸ਼ਰਮਾ ਨਾਲ ਮੁਕਾਬਲਾ ਕਰਨਗੇ। ਪਟਿਆਲਾ ਤੋਂ ਕਾਂਗਰਸ ਵੱਲੋਂ ਉਮੀਦਵਾਰ ਐਲਾਨੇ ਜਾਣ ਦੀ ਹਾਲੇ ਉਡੀਕ ਕੀਤੀ ਜਾ ਰਹੀ ਹੈ।

ਇਨ੍ਹਾਂ ਨਾਵਾਂ ਦੇ ਐਲਾਨ ਤੋਂ ਬਾਅਦ ਪਾਰਟੀ ਪੰਜਾਬ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਨੇ ਕਿਹਾ ਕਿ ਕੁਮਾਰੀ ਮਾਇਆਵਤੀ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਪੰਜਾਬ ਦੀਆਂ ਬਾਕੀ ਸੀਟਾਂ ਤੋਂ ਵੀ ਉਮੀਦਵਾਰਾਂ ਦਾ ਐਲਾਨ ਛੇਤੀ ਹੀ ਕਰ ਦਿੱਤਾ ਜਾਵੇਗਾ।

# ਪੰਜਾਬ ਪੁਲਿਸ ਨੇ ਪ੍ਰਭਪ੍ਰੀਤ ਸਿੰਘ ਜਰਮਨੀ ਨੂੰ ਦਿੱਲੀ ਏਅਰਪੋਰਟ ਤੋਂ ਕੀਤਾ ਗ੍ਰਿਫ਼ਤਾਰ

**ਚੰਡੀਗੜ੍ਹ/ਅੰਮ੍ਰਿਤਸਰ, (ਪੰਜਾਬ ਮੇਲ)-** ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐੱਸ.ਐੱਸ.ਓ.ਸੀ.) ਅੰਮ੍ਰਿਤਸਰ ਨੇ ਜਰਮਨੀ ਆਧਾਰਿਤ ਸੰਚਾਲਕ ਪ੍ਰਭਪ੍ਰੀਤ ਸਿੰਘ ਸਿੱਧੂ ਨੂੰ ਦਿੱਲੀ ਦੇ ਆਈ.ਜੀ.ਆਈ. ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕਰਕੇ ਭਰਤੀ ਕਰਨ, ਫੰਡਿੰਗ ਦੇਣ ਅਤੇ ਸਹਾਇਤਾ ਕਰਨ ਵਾਲੇ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਜ਼ਿਕਰਯੋਗ ਹੈ ਕਿ ਸਾਲ 2020 ਵਿਚ, ਐੱਸ.ਐੱਸ.ਓ.ਸੀ. ਅੰਮ੍ਰਿਤਸਰ ਵਿਖੇ ਗੁਪਤ ਸੂਚਨਾ ਮਿਲੀ ਸੀ ਕਿ ਕੇ.ਜੈਡ.ਐੱਫ. ਦੇ ਜਗਦੀਸ਼ ਸਿੰਘ ਭੂਰਾ ਪੰਜਾਬ ਵਿਚ ਕੁਝ ਨਾਮਵਰ ਸ਼ਖਸ਼ੀਅਤਾਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾ ਰਿਹਾ ਹੈ ਅਤੇ ਇਸ ਕੰਮ ਨੂੰ ਪੂਰਾ ਕਰਨ ਲਈ, ਉਸਨੇ ਆਪਣੇ ਭਾਰਤ ਆਧਾਰਿਤ ਸਾਥੀਆਂ ਨੂੰ ਹਥਿਆਰ ਅਤੇ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਸੀ। ਪੰਜਾਬ ਪੁਲਿਸ ਨੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਇਸ ਮਡਿਊਲ ਦੇ ਚਾਰ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰਕੇ ਇਸ ਦਾ ਪਰਦਾਫਾਸ਼ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ’ਚੋਂ ਹਥਿਆਰ ਅਤੇ ਗੋਲੀ-ਸਿੱਕਾ ਬਰਾਮਦ ਕੀਤੇ ਸਨ। ਇਸ ਸਬੰਧੀ ਪੁਲਿਸ ਵੱਲੋਂ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ (ਯੂ.ਏ.ਪੀ.ਏ) ਦੀਆਂ ਧਾਰਾਵਾਂ 13, 17, 18, 18-ਬੀ ਅਤੇ 20 ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ 19.12.2020 ਨੂੰ ਥਾਣਾ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ, ਅੰਮ੍ਰਿਤਸਰ ਵਿਖੇ ਐੱਫ.ਆਈ.ਆਰ. ਨੰ. 18 ਅਧੀਨ ਮਾਮਲਾ ਦਰਜ ਕੀਤਾ ਗਿਆ ਸੀ।

**■ ਕੇ.ਜ਼ੈਡ.ਐੱਫ. ਸੰਚਾਲਕ ਪ੍ਰਭਪ੍ਰੀਤ ਜਰਮਨੀ ਤੋਂ ਭਰਤੀ ਕਰਨ, ਸਹਾਇਤਾ ਅਤੇ ਫੰਡਿੰਗ ਪ੍ਰਦਾਨ ਕਰਨ ਵਾਲਾ ਮਾਡਿਊਲ ਚਲਾ ਰਿਹਾ ਸੀ: ਡੀ.ਜੀ.ਪੀ. ਗੌਰਵ ਯਾਦਵ**

ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੇ ਖੁਲਾਸਾ ਕੀਤਾ ਸੀ ਕਿ ਉਹ ਲੋੜੀਂਦੇ ਜਗਦੀਸ਼ ਸਿੰਘ ਭੂਰਾ ਅਤੇ ਉਸ ਦੇ ਕਰੀਬੀ ਪ੍ਰਭਪ੍ਰੀਤ ਸਿੰਘ ਦੇ ਨਿਰਦੇਸ਼ਾਂ ’ਤੇ ਕੰਮ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੇ ਇਹ ਵੀ ਖੁਲਾਸਾ ਕੀਤਾ ਸੀ ਕਿ ਉਹ ਨਾਮਵਰ ਸ਼ਖਸ਼ੀਅਤਾਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾ ਰਹੇ ਸਨ। ਉਨ੍ਹਾਂ ਕਿਹਾ ਕਿ ਪ੍ਰਭਪ੍ਰੀਤ ਜਰਮਨੀ ਵਿਚ ਰਹਿ ਰਿਹਾ ਸੀ, ਇਸ ਲਈ ਪੰਜਾਬ ਪੁਲਿਸ ਨੇ ਉਸਨੂੰ ਇਸ ਕੇਸ ਵਿਚ ਨਾਮਜ਼ਦ ਕਰਨ ਉਪਰੰਤ ਉਸਨੂੰ ਗ੍ਰਿਫ਼ਤਾਰ ਕਰਨ ਲਈ ਬਿਊਰੋ ਆਫ਼ ਇਮੀਗ੍ਰੇਸ਼ਨ, ਨਵੀਂ ਦਿੱਲੀ ਰਾਹੀਂ ਉਸਦੇ ਖਿਲਾਫ ਲੁੱਕ ਆਊਟ ਸਰਕੂਲਰ (ਐੱਲ.ਓ.ਸੀ.) ਜਾਰੀ ਕਰਵਾ ਦਿੱਤਾ ਸੀ।

ਡੀ.ਜੀ.ਪੀ. ਨੇ ਕਿਹਾ ਕਿ ਆਈ.ਜੀ.ਆਈ. ਏਅਰਪੋਰਟ ਦਿੱਲੀ ਦੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਸਾਨੂੰ ਪ੍ਰਭਪ੍ਰੀਤ ਸਿੰਘ ਨੂੰ ਹਿਰਾਸਤ ਵਿਚ ਲੈਣ ਬਾਰੇ ਸੂਚਿਤ ਕੀਤਾ। ਇਸ ਉਪਰੰਤ ਐੱਸ.ਐੱਸ.ਓ.ਸੀ. ਅੰਮ੍ਰਿਤਸਰ ਦੀ ਟੀਮ ਦਿੱਲੀ ਪਹੁੰਚੀ ਅਤੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ।


## ਪੰਜਾਬ ਮੇਲ ’ਚ ਮੁਫਤ ਮੈਟਰੀਮੋਨੀਅਲ ਇਸ਼ਤਿਹਾਰ ਲਗਾਉਣ ਲਈ 916-320-9444 ’ਤੇ ਸੰਪਰਕ ਕਰੋ।

## MATRIMONIAL

Jatt Sikh boy, 6'-00", 32, Registered Nurse, Pure Vegetarian, Work Permit holder, Bay Area resident, looking for a family oriented match. Parents Green Card holders. Contact: +1-510-453-0085.

## ਕੰਨਿਆ ਦੀ ਲੋੜ

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

## ਕੰਨਿਆ ਦੀ ਲੋੜ

ਅਮਰੀਕਨ ਨਾਗਰਿਕ ਸਿੱਖ ਮੁੰਡਾ, ਜਨਮ 1984, 5’-10”, ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ। ਸੰਪਰਕ : +1(510) 200-1772

## MATRIMONIAL

Jath Sikh, 28 yrs, height 6’-2” feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl. for Contact # 951-934-8655

## MATRIMONIAL

Lovepreet Singh Gill, 26 yrs old, 5’11”. US citizen, own small trucking company, living in Sacramento CA

## MATRIMONIAL

Jat Sikh Mann parents seeks a SMF for their son, 34 years old, 5’-6” tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1-572-273-4588.

## MATRIMONIAL

Seeking alliance for a beautiful 33 year old Sikh Rajput girl height 5’3” Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319

## MATRIMONIAL

Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl. Contact # 951-934-8655

# ਕਾਂਗਰਸ ਵੱਲੋਂ ਪੰਜਾਬ 'ਚ ਛੇ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ

**■ ਚੰਨੀ ਨੂੰ ਜਲੰਧਰ ਤੋਂ ਅਤੇ ਖਹਿਰਾ ਨੂੰ ਸੰਗਰੂਰ ਤੋਂ ਮਿਲੀ ਟਿਕਟ**





**ਚੰਡੀਗੜ੍ਹ, (ਪੰਜਾਬ ਮੇਲ)-** ਕਾਂਗਰਸ ਦੀ ਕੇਂਦਰੀ ਚੋਣ ਕਮੇਟੀ ਨੇ ਲੋਕ ਸਭਾ ਚੋਣਾਂ ਲਈ ਪੰਜਾਬ ਵਿਚ ਛੇ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ। ਦੋ ਦਿਨ ਪਹਿਲਾਂ ਸਕਰੀਨਿੰਗ ਕਮੇਟੀ ਨੇ ਪਹਿਲੀ ਸੂਚੀ ਨੂੰ ਅੰਤਿਮ ਛੋਹਾਂ ਦੇਣ ਮਗਰੋਂ ਕਮੇਟੀ ਨੂੰ ਨਾਵਾਂ ਸਬੰਧੀ ਸਿਫ਼ਾਰਸ਼ ਭੇਜ ਦਿੱਤੀ ਸੀ। ਕਾਂਗਰਸ ਨੇ ਐਤਕੀਂ ਚੋਣ ਪਿੜ ਵਿਚ ਦੋ ਮੌਜੂਦਾ ਸੰਸਦ ਮੈਂਬਰਾਂ ਗੁਰਜੀਤ ਸਿੰਘ ਔਜਲਾ (ਅੰਮ੍ਰਿਤਸਰ) ਤੇ ਅਮਰ ਸਿੰਘ (ਫਤਹਿਗੜ੍ਹ ਸਾਹਿਬ) ਨੂੰ ਮੁੜ ਉਤਾਰਿਆ ਹੈ, ਜਦੋਂਕਿ ਚਾਰ ਸੀਟਾਂ 'ਤੇ ਚਰਨਜੀਤ ਸਿੰਘ ਚੰਨੀ (ਜਲੰਧਰ ਰਾਖਵੀਂ), ਮੌਜੂਦਾ ਵਿਧਾਇਕ ਸੁਖਪਾਲ ਖਹਿਰਾ (ਸੰਗਰੂਰ), ਜੀਤਮਹਿੰਦਰ ਸਿੰਘ ਸਿੱਧੂ (ਬਠਿੰਡਾ) ਤੇ ਧਰਮਵੀਰ ਗਾਂਧੀ (ਪਟਿਆਲਾ) ਨਵੇਂ ਚਿਹਰੇ ਉਤਾਰੇ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਪਹਿਲੀ ਸੂਚੀ ਹਲੂਣਾ ਦੇਣ ਵਾਲੀ ਹੈ ਕਿਉਂਕਿ ਬਠਿੰਡਾ ਹਲਕੇ ਤੋਂ ਉਨ੍ਹਾਂ ਦੀ ਪਤਨੀ ਅੰਮ੍ਰਿਤਾ ਵੜਿੰਗ ਦਾਅਵੇਦਾਰ ਸੀ। ਕੇਂਦਰੀ ਚੋਣ ਕਮੇਟੀ ਵੱਲੋਂ ਜਾਰੀ ਸੂਚੀ ਅਨੁਸਾਰ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਨੂੰ ਜਲੰਧਰ ਤੋਂ ਉਤਾਰਿਆ ਗਿਆ ਹੈ, ਜਦੋਂ ਕਿ ਮੌਜੂਦਾ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੂੰ ਅੰਮ੍ਰਿਤਸਰ ਅਤੇ ਅਮਰ ਸਿੰਘ ਨੂੰ ਹਲਕਾ ਫ਼ਤਿਹਗੜ੍ਹ ਸਾਹਿਬ ਤੋਂ ਉਮੀਦਵਾਰ ਬਣਾਇਆ ਹੈ। ਇਸੇ ਤਰ੍ਹਾਂ ਪਟਿਆਲਾ ਤੋਂ ਡਾ. ਧਰਮਵੀਰ ਗਾਂਧੀ, ਸੰਗਰੂਰ ਤੋਂ ਸੁਖਪਾਲ ਸਿੰਘ ਖਹਿਰਾ ਅਤੇ ਬਠਿੰਡਾ ਤੋਂ ਜੀਤ ਮਹਿੰਦਰ ਸਿੰਘ ਸਿੱਧੂ ਨੂੰ ਉਮੀਦਵਾਰ ਐਲਾਨਿਆ ਹੈ। ਚੰਨੀ ਪਹਿਲਾਂ ਹੀ ਜਲੰਧਰ ਤੋਂ ਆਪਣੀ ਚੋਣ ਮੁਹਿੰਮ ਸ਼ੁਰੂ ਕਰ ਚੁੱਕੇ ਹਨ। ਜਲੰਧਰ ਹਲਕੇ ਤੋਂ ਮਰਹੂਮ ਸੰਤੋਖ ਚੌਧਰੀ ਦਾ ਪਰਿਵਾਰ ਵੀ ਦਾਅਵੇਦਾਰੀ ਜਤਾ ਰਿਹਾ ਸੀ। ਅੰਮ੍ਰਿਤਸਰ ਤੋਂ ਗੁਰਜੀਤ ਸਿੰਘ ਔਜਲਾ ਟਿਕਟ ਲੈਣ ਵਿਚ ਕਾਮਯਾਬ ਹੋਏ ਹਨ, ਜਿਨ੍ਹਾਂ ਨੇ 11 ਮਾਰਚ 2017 ਨੂੰ ਅੰਮ੍ਰਿਤਸਰ ਦੀ ਜ਼ਿਮਨੀ ਚੋਣ ਜਿੱਤੀ ਸੀ ਅਤੇ ਮੁੜ 2019 ਵਿਚ ਭਾਜਪਾ ਉਮੀਦਵਾਰ ਹਰਦੀਪ ਪੁਰੀ ਨੂੰ ਹਰਾਇਆ ਸੀ। ਬਠਿੰਡਾ ਤੋਂ ਜੀਤ ਮਹਿੰਦਰ ਸਿੰਘ ਸਿੱਧੂ ਬਾਜ਼ੀ ਮਾਰ ਗਏ ਹਨ, ਜੋ ਸਿਆਸਤ ਦੀ ਸ਼ੁਰੂਆਤ ਵਿਚ ਤਲਵੰਡੀ ਸਾਬੋ ਤੋਂ ਚੋਣ ਹਾਰ ਗਏ ਸਨ ਅਤੇ 2002 'ਚ ਆਜ਼ਾਦ ਉਮੀਦਵਾਰ ਵਜੋਂ ਚੋਣ ਜਿੱਤ ਗਏ ਸਨ। ਕਾਂਗਰਸੀ ਟਿਕਟ 'ਤੇ ਉਨ੍ਹਾਂ ਨੇ 2007 ਅਤੇ 2012 ਦੀ ਚੋਣ ਜਿੱਤੀ। 2014 'ਚ ਉਹ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਅਤੇ ਸਾਲ 2014 'ਚ ਅਕਾਲੀ ਦਲ ਤਰਫ਼ੋਂ ਚੋਣ ਜਿੱਤੀ। ਸਿੱਧੂ ਨੇ ਪਿਛਲੇ ਸਾਲ 13 ਅਕਤੂਬਰ ਨੂੰ ਅਕਾਲੀ ਦਲ ਨੂੰ ਅਲਵਿਦਾ ਆਖ ਦਿੱਤਾ ਸੀ। ਕਾਂਗਰਸ ਨੇ ਮੁੱਖ ਮੰਤਰੀ ਦੇ ਹਲਕੇ ਸੰਗਰੂਰ ਤੋਂ ਸੁਖਪਾਲ ਸਿੰਘ ਖਹਿਰਾ ਨੂੰ ਉਮੀਦਵਾਰ ਬਣਾਇਆ ਹੈ, ਜਿਸ ਨਾਲ ਸੰਗਰੂਰ ਦੀ ਸੀਟ ਦਿਲਚਸਪ ਬਣ ਗਈ ਹੈ। ਖਹਿਰਾ 2007 ਵਿਚ ਭੁਲੱਥ ਤੋਂ ਵਿਧਾਇਕ ਬਣੇ ਅਤੇ 2014 ਵਿਚ ਕਾਂਗਰਸ ਤੋਂ ਅਸਤੀਫ਼ਾ ਦੇ ਕੇ 'ਆਪ' ਵਿਚ ਸ਼ਾਮਲ ਹੋ ਗਏ। 2017 ਵਿਚ 'ਆਪ' ਟਿਕਟ 'ਤੇ ਵਿਧਾਇਕ ਬਣੇ ਅਤੇ ਵਿਰੋਧੀ ਧਿਰ ਦੇ ਨੇਤਾ ਵੀ ਰਹੇ। ਉਨ੍ਹਾਂ ਫਿਰ 'ਆਪ' ਨੂੰ ਅਲਵਿਦਾ ਕਿਹਾ ਅਤੇ ਪੰਜਾਬ ਏਕਤਾ ਪਾਰਟੀ ਬਣਾ ਕੇ 2019 ਵਿਚ ਬਠਿੰਡਾ ਸੰਸਦੀ ਹਲਕੇ ਤੋਂ ਚੋਣ ਲੜੀ ਸੀ। ਉਹ ਚੋਣ ਹਾਰ ਗਏ ਸਨ। ਪਟਿਆਲਾ ਹਲਕੇ ਤੋਂ ਡਾ. ਧਰਮਵੀਰ ਗਾਂਧੀ ਨੂੰ ਟਿਕਟ ਦਿੱਤੀ ਗਈ ਹੈ ਅਤੇ ਡਾ. ਗਾਂਧੀ ਨੇ ਪਹਿਲੀ ਦਫ਼ਾ 2014 ਵਿਚ 'ਆਪ' ਉਮੀਦਵਾਰ ਵਜੋਂ ਚੋਣ ਜਿੱਤੀ ਸੀ ਅਤੇ 2018 ਵਿਚ 'ਆਪ' ਤੋਂ ਅਸਤੀਫ਼ਾ ਦੇ ਦਿੱਤਾ ਸੀ। ਫ਼ਤਿਹਗੜ੍ਹ ਸਾਹਿਬ ਤੋਂ ਅਮਰ ਸਿੰਘ ਦੂਸਰੀ ਵਾਰ ਚੋਣ ਮੈਦਾਨ ਵਿਚ ਉਤਾਰੇ ਗਏ ਹਨ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਜਾਰੀ ਕੀਤੀ ਗਈ ਉਮੀਦਵਾਰਾਂ ਦੀ ਲਿਸਟ 'ਚ ਕਾਂਗਰਸ ਪਾਰਟੀ ਨੇ ਅਨੰਦਪੁਰ ਸਾਹਿਬ ਤੋਂ ਮੌਜੂਦਾ ਸਾਂਸਦ ਮਨੀਸ਼ ਤਿਵਾੜੀ ਨੂੰ ਚੰਡੀਗੜ੍ਹ ਤੋਂ ਉਮੀਦਵਾਰ ਐਲਾਨਿਆ ਸੀ। ਇਸ ਤੋਂ ਇਲਾਵਾ ਕੁਝ ਦਿਨ ਪਹਿਲਾਂ ਭਾਜਪਾ ਨੇ ਪੰਜਾਬ ਦੇ 6 ਹਲਕਿਆਂ 'ਚ ਆਪਣੇ ਉਮੀਦਵਾਰਾਂ ਦਾ ਐਲਾਨ ਕੀਤਾ ਸੀ, ਜਿਨ੍ਹਾਂ 'ਚ ਸੁਸ਼ੀਲ ਕੁਮਾਰ ਰਿੰਕੂ (ਜਲੰਧਰ), ਰਵਨੀਤ ਸਿੰਘ ਬਿੱਟੂ (ਲੁਧਿਆਣਾ), ਪਰਨੀਤ ਕੌਰ (ਪਟਿਆਲਾ), ਹੰਸ ਰਾਜ ਹੰਸ (ਫਰੀਦਕੋਟ), ਤਰਨਜੀਤ ਸਿੰਘ ਸੰਧੂ (ਅੰਮ੍ਰਿਤਸਰ) ਤੇ ਦਿਨੇਸ਼ ਸਿੰਘ ਬੱਬੂ (ਗੁਰਦਾਸਪੁਰ) ਦੇ ਨਾਂ ਸ਼ਾਮਲ ਸਨ।

# ਅਕਾਲੀ ਦਲ ਦੇ ਸੀਨੀਅਰ ਆਗੂ ਪਵਨ ਕੁਮਾਰ ਟੀਨੂੰ 'ਆਪ' 'ਚ ਹੋਏ ਸ਼ਾਮਲ

**■ ਗੁਰਚਰਨ ਸਿੰਘ ਚੰਨੀ ਵੀ 'ਆਪ' 'ਚ ਹੋਏ ਸ਼ਾਮਲ**



**ਜਲੰਧਰ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ, ਜਦੋਂ ਅਕਾਲੀ ਦਲ ਦੇ ਸੀਨੀਅਰ ਆਗੂ ਪਵਨ ਕੁਮਾਰ ਟੀਨੂੰ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਏ। ਪਵਨ ਕੁਮਾਰ ਟੀਨੂੰ ਨੂੰ ਚੰਡੀਗੜ੍ਹ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਾਮਲ ਕਰਵਾਇਆ। ਪਵਨ ਕੁਮਾਰ ਟੀਨੂੰ ਦੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਦੀ ਚਰਚਾ ਕਾਫ਼ੀ ਸਮੇਂ ਤੋਂ ਹੋ ਰਹੀਆਂ ਸਨ ਅਤੇ ਵਿਧਾਇਕ ਵੀ ਕਿਸੇ ਹੋਰ ਪਾਰਟੀ 'ਚ ਸ਼ਾਮਲ ਨਾ ਹੋਣ ਦਾ ਬਿਆਨ ਦਿੰਦੇ ਆ ਰਹੇ ਸਨ। ਜਦਕਿ ਹੁਣ ਪਵਨ ਕੁਮਾਰ ਟੀਨੂੰ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਤਕੜੀ ਛੱਡ ਕੇ ਆਮ ਆਦਮੀ ਪਾਰਟੀ ਦਾ ਝਾੜੂ ਫੜ ਲਿਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪਵਨ ਕੁਮਾਰ ਟੀਨੂੰ ਪਾਰਟੀ 'ਚ ਸ਼ਾਮਲ ਹੋਣ ਲਈ ਚੰਡੀਗੜ੍ਹ ਸਥਿਤ ਸੀ.ਐੱਮ. ਹਾਊਸ ਪਹੁੰਚੇ, ਜਿੱਥੇ ਉਨ੍ਹਾਂ ਨਾਲ ਉਨ੍ਹਾਂ ਦੇ ਸਮਰਥਕ ਵੀ ਮੌਜੂਦ ਹਨ। 'ਆਪ' 'ਚ ਸ਼ਾਮਲ ਹੋਣ ਤੋਂ ਬਾਅਦ ਇਹ ਚਰਚਾ ਤੇਜ਼ ਹੋ ਗਈ ਹੈ ਕਿ ਆਮ ਆਦਮੀ ਪਾਰਟੀ ਜਲੰਧਰ ਤੋਂ ਪਵਨ ਟੀਨੂੰ ਨੂੰ ਉਮੀਦਵਾਰ ਐਲਾਨ ਸਕਦੀ ਹੈ। ਜ਼ਿਕਰਯੋਗ ਹੈ ਕਿ ਪਵਨ ਟੀਨੂੰ ਆਦਮਪੁਰ ਤੋਂ ਦੋ ਵਾਰ ਵਿਧਾਇਕ ਰਹਿ ਚੁੱਕੇ ਹਨ। ਉਹ 2012-2017 ਵਿਚ ਦੋ ਵਾਰ ਵਿਧਾਇਕ ਵੀ ਰਹਿ ਚੁੱਕੇ ਹਨ। ਦੱਸ ਦੇਈਏ ਕਿ ਪਵਨ ਟੀਨੂੰ 2014 ਵਿਚ ਜਲੰਧਰ ਤੋਂ ਲੋਕ ਸਭਾ ਚੋਣ ਹਾਰ ਗਏ ਸਨ। 2022 ਦੀਆਂ ਵਿਧਾਨ ਸਭਾ ਚੋਣਾਂ ਵੀ ਹਾਰ ਗਏ ਸਨ। ਪਵਨ ਟੀਨੂੰ ਦੇ ਨਾਲ ਹੀ ਸਾਬਕਾ ਜ਼ਿਲ੍ਹਾ ਪ੍ਰਧਾਨ ਅਤੇ ਯੋਜਨਾ ਬੋਰਡ ਦੇ ਸਾਬਕਾ ਚੇਅਰਮੈਨ ਗੁਰਚਰਨ ਸਿੰਘ ਚੰਨੀ ਵੀ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਏ। ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣਾ ਅਸਤੀਫ਼ਾ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸੌਂਪ ਦਿੱਤਾ। ਉਨ੍ਹਾਂ ਨੇ ਕਿਹਾ ਕਿ ਪਾਰਟੀ ਆਪਣੇ ਅਸਲ ਅਸੂਲਾਂ ਤੋਂ ਭਟਕ ਗਈ ਹੈ।

# ਪਵਨ ਟੀਨੂੰ ਵਾਂਗ ਕਈ ਹੋਰ ਆਗੂ ਵੀ ਅਕਾਲੀ ਦਲ ਤੋਂ ਕਰ ਸਕਦੇ ਨੇ ਕਿਨਾਰਾ!

**ਚੰਡੀਗੜ੍ਹ, (ਪੰਜਾਬ ਮੇਲ)-** ਸਾਬਕਾ ਵਿਧਾਇਕ ਪਵਨ ਕੁਮਾਰ ਟੀਨੂੰ ਦਾ 'ਆਪ' 'ਚ ਸ਼ਾਮਲ ਹੋਣਾ ਅਕਾਲੀ ਦਲ ਲਈ ਇਕ ਵੱਡਾ ਝਟਕਾ ਹੈ। ਟੀਨੂੰ ਤੋਂ ਇਲਾਵਾ ਕਈ ਹੋਰ ਵੱਡੇ ਨੇਤਾ ਹਨ ਜਿਹੜੇ ਅਕਾਲੀ ਦਲ ਨੂੰ ਅਲਵਿਦਾ ਆਖ ਸਕਦੇ ਹਨ। ਇਨ੍ਹਾਂ ਵਿਚ ਬਠਿੰਡਾ ਤੋਂ ਸਿਕੰਦਰ ਸਿੰਘ ਮਲੂਕਾ ਅਤੇ ਸੰਗਰੂਰ ਤੋਂ ਹਾਲ ਹੀ ਵਿਚ ਅਕਾਲੀ ਦਲ ਵਿਚ ਮੁੜ ਸ਼ਾਮਲ ਹੋਏ ਢੀਂਡਸਾ ਪਰਿਵਾਰ ਸ਼ਾਮਲ ਹੈ। ਜੇ ਮਲੂਕਾ ਅਤੇ ਢੀਂਡਸਾ ਪਰਿਵਾਰ ਅਕਾਲੀ ਦਲ ਤੋਂ ਵੱਖ ਹੁੰਦੇ ਹਨ, ਤਾਂ ਇਹ ਅਕਾਲੀ ਦਲ ਲਈ ਜਲੰਧਰ, ਸੰਗਰੂਰ ਅਤੇ ਬਠਿੰਡਾ ਲੋਕ ਸਭਾ ਸੀਟਾਂ ਲਈ ਵੱਡਾ ਝਟਕਾ ਹੋਵੇਗਾ।

ਪਵਨ ਕੁਮਾਰ ਟੀਨੂੰ ਦੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਦੀ ਅਟਕਲਾਂ ਪਹਿਲਾਂ ਹੀ ਲਗਾਈਆਂ ਜਾ ਰਹੀਆਂ ਸਨ। ਸ਼ਨੀਵਾਰ ਨੂੰ ਜਿਵੇਂ ਹੀ ਅਕਾਲੀ ਦਲ ਵਲੋਂ ਸੂਚੀ ਜਾਰੀ ਕਰਕੇ ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਅਤੇ ਆਪਣਾ ਨਾਂ ਸੂਚੀ ਵਿਚ ਨਾ ਵੇਖ ਕੇ ਟੀਨੂੰ ਸ਼ਾਮ ਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ। ਦੱਸਣਯੋਗ ਹੈ ਕਿ ਜਲੰਧਰ ਲੰਬੇ ਸਮੇਂ ਤੋਂ ਅਕਾਲੀ ਦਲ ਲਈ ਕਮਜ਼ੋਰ ਖੇਤਰ ਰਿਹਾ ਹੈ। ਇਸ ਦਾ ਵੱਡਾ ਕਾਰਣ ਭਾਜਪਾ ਨਾਲ ਗਠਜੋੜ ਕਾਰਣ ਭਾਜਪਾ ਵੱਲੋਂ ਸ਼ਹਿਰ ਦੀਆਂ ਤਿੰਨਾਂ ਸੀਟਾਂ 'ਤੇ ਚੋਣ ਲੜਨਾ ਹੈ, ਜਦਕਿ ਦੇਹਾਤੀ ਖੇਤਰ ਅਕਾਲੀ ਦਲ ਦੇ ਹਿੱਸੇ ਆਉਂਦਾ ਸੀ, ਇਹੋ ਕਾਰਣ ਹੈ ਕਿ ਜਲੰਧਰ ਦੇ ਸ਼ਹਿਰੀ ਖੇਤਰ ਵਿਚ ਅਕਾਲੀ ਦਲ ਪਕੜ ਜ਼ਿਆਦਾ ਮਜ਼ਬੂਤ ਨਹੀਂ ਹੈ। ਦੂਜੇ ਪਾਸੇ ਜਲੰਧਰ ਵਿਚ ਪਵਨ ਟੀਨੂੰ ਦਾ ਵੱਡਾ ਆਧਾਰ ਹੈ ਅਤੇ ਹੁਣ ਉਹ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਚੁੱਕੇ ਹਨ, ਇਸ ਸਭ ਦਰਮਿਆਨ ਜੇ ਅਕਾਲੀ ਦਲ ਦੇ ਹੋਰ ਵੱਡੇ ਆਗੂ ਪਾਰਟੀ ਛੱਡਦੇ ਹਨ, ਤਾਂ ਇਹ ਪਾਰਟੀ ਲਈ ਚੋਣਾਂ ਦੌਰਾਨ ਵੱਡਾ ਝਟਕਾ ਹੋਵੇਗਾ।



# ਪਾਵਨ ਸਰੂਪਾਂ ਨੂੰ ਸੂਚੀਬੱਧ ਕਰਨ ਲਈ ਕਿਊ.ਆਰ. ਕੋਡ ਲਗਾ ਕੇ ਹੋਵੇਗੀ ਛਪਾਈ- ਐਡਵੋਕੇਟ ਧਾਮੀ

- ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਲਗਾਈ ਕਈ ਅਹਿਮ ਫੈਸਲਿਆਂ 'ਤੇ ਮੋਹਰ
- ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀਆਂ ਤਿੰਨ ਸਰਾਵਾਂ ਨੂੰ ਦੋ ਮੰਜ਼ਲ ਹੋਰ ਵਧਾਇਆ ਜਾਵੇਗਾ



ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਵਿਖੇ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਸ਼ਾਮਲ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ. ਹਰਭਜਨ ਸਿੰਘ ਮਸਾਣਾਂ, ਭਾਈ ਗੁਰਬਖ਼ਸ਼ ਸਿੰਘ ਖਾਲਸਾ, ਭਾਈ ਰਾਜਿੰਦਰ ਸਿੰਘ ਮਹਿਤਾ ਤੇ ਹੋਰ।

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਇਕੱਤਰਤਾ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਵਿਖੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਕਈ ਅਹਿਮ ਫੈਸਲੇ ਲਏ ਗਏ। ਇਕੱਤਰਤਾ ਮਗਰੋਂ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਐਡਵੋਕੇਟ ਧਾਮੀ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਵੱਲੋਂ ਆਉਣ ਵਾਲੀਆਂ ਸ਼ਤਾਬਦੀਆਂ ਦੀ ਰੂਪ-ਰੇਖਾ ਉਲੀਕਣ ਦੇ ਨਾਲ-ਨਾਲ ਕਈ ਹੋਰ ਫੈਸਲੇ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਅੱਗੇ ਤੋਂ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਸਮੇਂ ਨਵੀਂ ਤਕਨੀਕ ਅਨੁਸਾਰ ਕਿਊ.ਆਰ. ਕੋਡ ਲਗਾ ਕੇ ਗਿਣਤੀ ਅਤੇ ਹੋਰ ਜਾਣਕਾਰੀਆਂ ਨੂੰ ਸੂਚੀਬੱਧ ਕੀਤਾ ਜਾਵੇਗਾ। ਇਸ ਦੇ ਨਾਲ ਹੀ ਪਹਿਲਾਂ ਤੋਂ ਗੁਰਦੁਆਰਾ ਸਾਹਿਬਾਨ ਵਿਚ ਸੁਸ਼ੋਭਿਤ ਅਤੇ ਸੰਗਤਾਂ ਪਾਸ ਮੌਜੂਦ ਪਾਵਨ ਸਰੂਪਾਂ ਨੂੰ ਵੀ ਇਸ ਵਿਧੀ ਨਾਲ ਜੋੜਨ ਦੇ ਯਤਨ ਕੀਤੇ ਜਾਣਗੇ। ਉਨ੍ਹਾਂ ਹੋਰ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਅਤੇ ਇਸ ਨਾਲ ਸਬੰਧਤ ਅਦਾਰਿਆਂ ਦੇ ਮੁਲਾਜ਼ਮਾਂ ਨੂੰ ਪੂਰੀ ਸਰਵਿਸ ਦੌਰਾਨ 2 ਸਾਲ ਤੱਕ ਦੀ ਹੀ ਵਿਦੇਸ਼ ਛੁੱਟੀ ਦਿੱਤੀ ਜਾਵੇਗੀ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਆਈ.ਏ.ਐੱਸ., ਆਈ.ਪੀ.ਐੱਸ., ਪੀ.ਸੀ.ਐੱਸ. ਆਦਿ ਮੁਕਾਬਲਾ ਪ੍ਰੀਖਿਆਵਾਂ ਲਈ ਸਿੱਖ ਨੌਜੁਆਨਾਂ ਨੂੰ ਤਿਆਰ ਕਰਨ ਲਈ ਚਲਾਈ ਜਾ ਰਹੀ ਨਿਸ਼ਚੈ ਅਕੈਡਮੀ ਲਈ ਇਕ ਵਿਸ਼ਾਲ ਇਮਾਰਤ ਬਣਾਉਣ ਦਾ ਵੀ ਫੈਸਲਾ ਕੀਤਾ ਗਿਆ ਹੈ। ਇਹ ਇਮਾਰਤ ਗੁਰਦੁਆਰਾ ਬਾਗ ਸ਼ਹੀਦਾਂ ਸੈਕਟਰ 44 ਚੰਡੀਗੜ੍ਹ ਵਿਖੇ ਤਿਆਰ ਕੀਤੀ ਜਾਵੇਗੀ, ਜਿਸ ਲਈ ਮੁੱਢਲੇ ਤੌਰ 'ਤੇ 6.50 ਕਰੋੜ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੰਗਤ ਦੀ ਰਿਹਾਇਸ਼ ਦੇ ਵਿਸਥਾਰ ਲਈ ਪਹਿਲਾਂ ਚੱਲ ਰਹੀਆਂ ਤਿੰਨ ਸਰਾਵਾਂ ਦੀਆਂ ਦੋ-ਦੋ ਮੰਜ਼ਲਾਂ ਹੋਰ ਤਿਆਰ ਕੀਤੀਆਂ ਜਾਣਗੀਆਂ। ਐਡਵੋਕੇਟ ਧਾਮੀ ਨੇ ਇਸ ਮੌਕੇ 325ਵੇਂ ਖਾਲਸਾ ਸਾਜਣਾ ਦਿਵਸ ਨੂੰ ਸਮਰਪਿਤ ਸੰਗਤ ਨੂੰ ਅਪੀਲ ਕੀਤੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਮੁਤਾਬਕ ਹਰ ਸਿੱਖ ਆਪਣੇ ਘਰ 'ਤੇ ਖਾਲਸਈ ਝੰਡਾ ਜ਼ਰੂਰ ਝੁਲਾਵੇ। ਉਨ੍ਹਾਂ ਕਿਹਾ ਕਿ ਭਾਵੇਂ ਖਾਲਸਾ ਸਾਜਣਾ ਦਿਵਸ ਮਨਾਇਆ ਜਾ ਚੁੱਕਾ ਹੈ, ਪਰ ਕੌਮੀ ਸਮਰਪਣ ਦਾ ਅਹਿਸਾਸ ਕਰਦਿਆਂ ਹਰ ਸਿੱਖ ਪੂਰਾ ਅਪ੍ਰੈਲ ਮਹੀਨਾ ਆਪਣੇ ਘਰ 'ਤੇ ਖਾਲਸਈ ਨਿਸ਼ਾਨ ਜ਼ਰੂਰ ਝੁਲਾ ਕੇ ਰੱਖੇ।

# ਆਰ.ਜੇ.ਡੀ. ਵੱਲੋਂ ਚੋਣ ਮਨੋਰਥ ਪੱਤਰ ਜਾਰੀ



**ਪਟਨਾ, (ਪੰਜਾਬ ਮੇਲ)-** ਬਿਹਾਰ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਨੇਤਾ ਤੇਜਸਵੀ ਯਾਦਵ ਨੇ ਲੋਕ ਸਭਾ ਚੋਣਾਂ ਲਈ ਆਪਣੀ ਪਾਰਟੀ ਦਾ ਚੋਣ ਮਨੋਰਥ ਪੱਤਰ ਜਾਰੀ ਕਰਦੇ ਹੋਏ ਕਿਹਾ ਕਿ ਜੇ ਵਿਰੋਧੀ ਗਠਜੋੜ ਇੰਡੀਆ ਸਰਕਾਰ ਬਣਾਉਂਦਾ ਹੈ, ਤਾਂ ਦੇਸ਼ ਭਰ ਵਿਚ ਇਕ ਕਰੋੜ ਬੇਰੁਜ਼ਗਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇਗੀ। ਆਰ.ਜੇ.ਡੀ. ਨੇ ਆਪਣੇ ਚੋਣ ਮਨੋਰਥ ਪੱਤਰ ਨੂੰ ਪਰਿਵਰਤਨ ਪੱਤਰ ਦਾ ਨਾਮ ਦਿੱਤਾ ਹੈ। ਮੈਨੀਫੈਸਟੋ ਜਾਰੀ ਕਰਦੇ ਹੋਏ ਯਾਦਵ ਨੇ ਕਿਹਾ, 'ਅਸੀਂ ਪਰਿਵਰਤਨ ਪੱਤਰ ਜਾਰੀ ਕੀਤਾ ਹੈ, ਅਸੀਂ 2024 ਦੀਆਂ ਚੋਣਾਂ ਲਈ 24 ਵਾਅਦੇ ਲੈ ਕੇ ਆਏ ਹਾਂ। ਅਸੀਂ ਬਿਹਾਰ ਦੇ ਵਿਕਾਸ ਲਈ ਜੋ ਵੀ ਵਾਅਦਾ ਕਰਾਂਗੇ, ਅਸੀਂ ਉਸ ਨੂੰ ਪੂਰਾ ਕਰਾਂਗੇ।'

# ਸਾਬਕਾ ਮੰਤਰੀ ਸਿਕੰਦਰ ਮਲੂਕਾ ਦੇ ਨੂੰਹ-ਪੁੱਤ ਪਰਮਪਾਲ ਮਲੂਕਾ ਤੇ ਗੁਰਪ੍ਰੀਤ ਮਲੂਕਾ ਭਾਜਪਾ 'ਚ ਸ਼ਾਮਲ



**ਨਵੀਂ ਦਿੱਲੀ, (ਪੰਜਾਬ ਮੇਲ)-** ਸਾਬਕਾ ਅਕਾਲੀ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਬੇਟੇ ਗੁਰਪ੍ਰੀਤ ਸਿੰਘ ਮਲੂਕਾ ਅਕਾਲੀ ਦਲ ਛੱਡ ਕੇ ਆਪਣੀ ਪਤਨੀ ਪਰਮਪਾਲ ਕੌਰ ਮਲੂਕਾ ਨਾਲ ਭਾਜਪਾ 'ਚ ਸ਼ਾਮਲ ਹੋ ਗਏ ਹਨ। ਜ਼ਿਕਰਯੋਗ ਹੈ ਕਿ ਦੋਵੇਂ ਵੀਰਵਾਰ ਦਿੱਲੀ ਸਥਿਤ ਭਾਜਪਾ ਦਫਤਰ 'ਚ ਸ਼ਾਮਲ ਹੋ ਗਏ। ਇਸ ਮੌਕੇ ਹਰਦੀਪ ਪੁਰੀ ਤੇ ਹੋਰ ਭਾਜਪਾ ਆਗੂ ਮੌਜੂਦ ਹਨ ।

ਦੱਸ ਦੇਈਏ ਕਿ ਗੁਰਪ੍ਰੀਤ ਸਿੰਘ ਮਲੂਕਾ ਅਕਾਲੀ ਦਲ ਤੋਂ ਕਾਫੀ ਨਾਰਾਜ਼ ਸਨ। ਕਿਉਂਕਿ ਅਕਾਲੀ ਦਲ ਨੇ ਉਨ੍ਹਾਂ ਨੂੰ 2022 ਦੀ ਵਿਧਾਨ ਸਭਾ ਵਿਚ ਰਾਮਪੁਰਾ ਫੂਲ ਤੋਂ ਟਿਕਟ ਨਹੀਂ ਦਿੱਤੀ ਸੀ। ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਵੀ ਅਕਾਲੀ ਦਲ ਤੋਂ ਕਾਫੀ ਨਾਰਾਜ਼ ਸਨ। ਕਿਉਂਕਿ ਪਹਿਲਾਂ ਉਨ੍ਹਾਂ ਨੂੰ ਅਕਾਲੀ ਦਲ ਵੱਲੋਂ ਹਲਕਾ ਮੌੜ ਦਾ ਇੰਚਾਰਜ ਲਾਇਆ ਗਿਆ ਸੀ। ਇਸ ਕਾਰਨ ਉਸ ਨੇ ਮੌੜ ਵਿਚ ਆਪਣੀਆਂ ਸਰਗਰਮੀਆਂ ਵਧਾ ਦਿੱਤੀਆਂ। ਪਰ ਚੋਣਾਂ ਸਮੇਂ ਉਨ੍ਹਾਂ ਨੂੰ ਰਾਮਪੁਰਾ ਤੋਂ ਹੀ ਟਿਕਟ ਦਿੱਤੀ ਗਈ ਸੀ।

ਜਦੋਂਕਿ ਉਹ ਆਪਣੇ ਲਈ ਮੌੜ ਤੋਂ ਅਤੇ ਆਪਣੇ ਪੁੱਤਰ ਗੁਰਪ੍ਰੀਤ ਮਲੂਕਾ ਲਈ ਰਾਮਪੁਰਾ ਫੂਲ ਤੋਂ ਟਿਕਟ ਮੰਗ ਰਹੇ ਸਨ ਪਰ ਅਕਾਲੀ ਦਲ ਨੇ ਉਨ੍ਹਾਂ ਦੇ ਪੁੱਤਰ ਨੂੰ ਟਿਕਟ ਨਹੀਂ ਦਿੱਤੀ। ਵਿਧਾਨ ਸਭਾ ਚੋਣਾਂ ਵਿਚ ਉਹ ਅਕਾਲੀ ਦਲ ਨਾਲ ਰਹੇ ਪਰ ਹੁਣ ਲੋਕ ਸਭਾ ਚੋਣਾਂ ਵਿਚ ਉਹ ਅਕਾਲੀ ਦਲ ਨਾਲ ਸਹਿਮਤ ਨਹੀਂ ਹੋਏ। ਹਾਲਾਂਕਿ ਸੁਖਬੀਰ ਸਿੰਘ ਬਾਦਲ ਵੱਲੋਂ ਉਨ੍ਹਾਂ ਨੂੰ ਮਨਾਉਣ ਲਈ ਕਈ ਯਤਨ ਕੀਤੇ ਗਏ ਸਨ। ਪਰ ਉਸਨੂੰ ਮਨਾ ਨਹੀਂ ਸਕਿਆ।

ਇਸ ਸਬੰਧੀ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਹੈ ਕਿ ਅੱਜਕੱਲ੍ਹ ਦੇ ਜਵਾਕ ਕਿਹੜਾ ਮੰਨਦੇ ਨੇ ਜੀ। ਮੈਂ ਤਾਂ ਉਨ੍ਹਾਂ ਨੂੰ ਕਿਹਾ ਸੀ ਕਿ ਰਹਿਣ ਦਿਓ ਕੀ ਕਰੋਗੇ ਜਾ ਕੇ। ਚਲੋ ਬਾਕੀ ਉਨ੍ਹਾਂ ਦੀ ਮਰਜ਼ੀ ਐ। ਚਰਚਾ ਇਹ ਵੀ ਹੈ ਕਿ ਭਾਜਪਾ ਵੱਲੋਂ ਪਰਮਪਾਲ ਕੌਰ ਮਲੂਕਾ ਨੂੰ ਬਠਿੰਡਾ ਤੋਂ ਲੋਕ ਸਭਾ ਦੀ ਚੋਣ ਲੜਵਾਈ ਜਾ ਸਕਦੀ ਹੈ, ਜਿੱਥੋਂ ਹਰਸਿਮਰਤ ਕੌਰ ਬਾਦਲ ਚੋਣ ਲੜ ਰਹੇ ਹਨ।




ਪੰਜਾਬ ਮੇਲ USA

# ਸਰੀ 'ਚ ਨਾਵਲਕਾਰ ਬਖਸ਼ਿੰਦਰ ਦੇ ਨਾਵਲ 'ਇਸ਼ਕ ਦਾ ਮੰਨੇ ਵਾਟ' ਉਪਰ ਵਿਚਾਰ-ਚਰਚਾ

**ਸਰੀ, (ਹਰਦਮ ਮਾਨ/ਪੰਜਾਬ ਮੇਲ)**- ਵੈਨਕੂਵਰ ਵਿਚਾਰ ਮੰਚ ਵੱਲੋਂ ਬੀਤੇ ਦਿਨੀਂ ਪ੍ਰਸਿੱਧ ਪੱਤਰਕਾਰ ਅਤੇ ਨਾਵਲਕਾਰ ਬਖਸ਼ਿੰਦਰ ਦੇ ਨਾਵਲ 'ਇਸ਼ਕ ਦਾ ਮੰਨੇ ਵਾਟ' ਉਪਰ ਵਿਚਾਰ-ਚਰਚਾ ਕਰਨ ਲਈ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਸਰੀ ਦੇ ਕੰਪਲੈਕਸ ਵਿਚ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਨਾਮਵਰ ਵਿਦਵਾਨ ਡਾ. ਸਾਧੂ ਸਿੰਘ ਅਤੇ ਨਾਵਲਕਾਰ ਬਖਸ਼ਿੰਦਰ ਨੇ ਕੀਤੀ। ਸਮਾਗਮ ਦੀ ਸ਼ੁਰੂਆਤ ਕਰਦਿਆਂ ਮੰਚ ਸੰਚਾਲਕ ਮੋਹਨ ਗਿੱਲ ਨੇ ਬਖਸ਼ਿੰਦਰ ਅਤੇ ਨਾਵਲ ਬਾਰੇ ਸੰਖੇਪ ਜਾਣਕਾਰੀ ਦਿੱਤੀ। ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਨੇ ਸਮਾਗਮ ਵਿਚ ਪਹੁੰਚੀਆਂ ਸਭਨਾਂ ਸ਼ਖਸੀਅਤਾਂ ਨੂੰ ਜੀ ਆਇਆਂ ਕਿਹਾ ਅਤੇ ਵੈਨਕੂਵਰ ਵਿਚਾਰ ਮੰਚ ਦੀ ਸਥਾਪਨਾ, ਉਦੇਸ਼ ਅਤੇ ਇਸ ਦੀਆਂ ਸਰਗਰਮੀਆਂ ਬਾਰੇ ਚਾਨਣਾ ਪਾਇਆ।




ਨਾਵਲ ਉਪਰ ਆਪਣਾ ਪਰਚਾ ਪੇਸ਼ ਕਰਦਿਆਂ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਨਾਵਲ ਦੀ ਕਹਾਣੀ ਨੂੰ ਸਾਰ ਰੂਪ ਵਿਚ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਨਾਵਲ ਦੀ ਇੱਕ ਖ਼ੂਬੀ ਇਹ ਹੈ ਕਿ ਇਸ ਵਿਚ ਪਾਤਰਾਂ ਦੀ ਭਰਮਾਰ ਨਹੀਂ। ਇਸ ਦੀ ਬੋਲੀ ਮੁਹਾਵਰੇਦਾਰ ਅਤੇ ਕਾਵਿਕ ਹੈ। ਕਾਵਿ ਤੁਕਾਂ ਰਾਹੀਂ ਬੋਲੀ ਹੋਰ ਵੀ ਰਸਦਾਰ ਬਣਾਈ ਗਈ ਹੈ। ਨਾਵਲ ਦੀ ਭਾਸ਼ਾ ਚਟਪਟੀ ਕਰਾਰੀ ਅਤੇ ਉਤੇਜਕ ਹੈ। ਨਾਵਲ ਦੇ ਮੁੱਖ ਪਾਤਰ ਦੇ ਵਾਕਾਂ ਰਾਹੀਂ ਭਰਪੂਰ ਮਾਤਰਾ ਵਿਚ ਕਾਮ ਕ੍ਰੀੜਾ ਦੀ ਚਾਸ਼ਨੀ ਵਹਾਈ ਗਈ ਹੈ ਅਤੇ ਅਖੀਰ ਵਿਚ ਇਸ਼ਕਨਾਮਾ ਚਰਮ ਸੀਮਾ 'ਤੇ ਪਹੁੰਚ ਜਾਂਦਾ ਹੈ। ਉਨ੍ਹਾਂ ਕਿਹਾ ਕਿ ਨਾਵਲ ਵਿਚ ਇੱਕ ਥਾਂ ਜਾ ਕੇ ਸਾਰੇ ਪਾਤਰ ਗਾਇਬ ਹੋ ਜਾਂਦੇ ਹਨ ਅਤੇ ਨਾਵਲਕਾਰ ਦਾ ਥੀਸਿਸ ਸ਼ੁਰੂ ਹੋ ਜਾਂਦਾ ਹੈ। ਉਨ੍ਹਾਂ ਇੱਕ ਥਾਂ 'ਤੇ ਸਮੇਂ ਤੇ ਸਥਾਨ ਦੀ ਪੇਸ਼ਕਾਰੀ ਉੱਪਰ ਵੀ ਕਿੰਤੂ ਕੀਤਾ। ਦੂਜੇ ਬੁਲਾਰੇ ਡਾ. ਸਾਧੂ ਸਿੰਘ ਨੇ ਕਿਹਾ ਕਿ ਨਾਵਲ ਦੇ ਵਿਸ਼ੇ ਵਸਤੂ ਨਾਲ ਅਤੇ ਲੇਖਕ ਕਾਮ ਸ਼ਾਸਤਰ ਬਾਰੇ ਸਿੱਧਾ ਹੀ ਲਿਖਣ ਬਾਰੇ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਪਰ ਨਾਵਲ ਵਿਚ ਕਾਮ ਸ਼ਾਸਤਰ ਬਾਰੇ ਲਿਖਿਆ ਗਿਆ, ਥੀਸਿਸ ਨਾਵਲ ਤੋਂ ਅਲੱਗ ਹੋਣਾ ਚਾਹੀਦਾ ਸੀ।

ਉਸਤਾਦ ਸ਼ਾਇਰ ਗੁਰਦਰਸ਼ਨ ਸਿੰਘ ਬਾਦਲ ਅਤੇ ਅੰਗਰੇਜ਼ ਬਰਾੜ ਨੇ ਵੀ ਨਾਵਲ ਉੱਪਰ ਵਿਚਾਰ ਪੇਸ਼ ਕੀਤੇ। ਨਾਵਲਕਾਰ ਬਖਸ਼ਿੰਦਰ ਨੇ ਕਿਹਾ ਕਿ ਵਿਸ਼ਾਲ ਪੱਧਰ 'ਤੇ ਇਸ਼ਕ ਦੀ ਗੱਲ ਕੀਤੀ ਗਈ ਹੈ ਤੇ ਇਸ਼ਕ ਦੀ ਵਿਆਖਿਆ ਵੀ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਕਿਹਾ ਕਿ ਰੂਹਾਨੀ ਅਤੇ ਜਿਸਮਾਨੀ ਇਸ਼ਕ ਨੂੰ ਵੱਖਰਾ ਨਹੀਂ ਕੀਤਾ ਸਕਦਾ। ਉਨ੍ਹਾਂ ਕਿਹਾ ਕਿ ਨਾਵਲ ਵਿਚ ਇਸ਼ਕ ਬਾਰੇ ਮਾਹਿਰਾਂ ਦੇ ਵਿਚਾਰ ਉਨ੍ਹਾਂ ਦੇ ਨਾਵਾਂ ਹੇਠ ਲਿਖੇ ਗਏ ਹਨ। ਉਨ੍ਹਾਂ ਫਿਲਮੀ ਸਕਰਿਪਟਾਂ ਤੋਂ ਤੌਬਾ ਕਰਨ ਅਤੇ ਨਾਵਲ ਲਿਖਣ ਵੱਲ ਮੁੜਨ ਬਾਰੇ ਦੱਸਿਆ ਅਤੇ ਪੰਜਾਬੀ ਭਾਸ਼ਾ ਦੀਆਂ ਬਾਰੀਕੀਆਂ ਦੀ ਵੀ ਗੱਲ ਕੀਤੀ। ਸਮਾਗਮ 'ਚ ਹੋਰਨਾਂ ਤੋਂ ਇਲਾਵਾ ਸੋਹਣ ਸਿੰਘ ਪੂਨੀ, ਪਰਮਿੰਦਰ ਸਵੈਚ, ਬਿੰਦੂ ਮਠਾੜੂ, ਦਵਿੰਦਰ ਗੌਤਮ, ਰਾਜਵੰਤ ਰਾਜ, ਕੁਲਦੀਪ ਸਿੰਘ ਬਾਸੀ, ਇੰਦਰਜੀਤ ਰੌਡੇ, ਹਰਦਮ ਸਿੰਘ ਮਾਨ, ਚਮਕੌਰ ਸਿੰਘ ਸੇਖੋਂ, ਨਵਦੀਪ ਗਿੱਲ ਅਤੇ ਸੁਰਿੰਦਰ ਚਾਹਲ ਵੀ ਸ਼ਾਮਲ ਸਨ।

# ਅਮਰੀਕਾ ਵੱਲੋਂ ਈਰਾਨ 'ਤੇ ਜਲਦੀ ਹੀ ਪਾਬੰਦੀਆਂ ਲਾਉਣ ਦਾ ਐਲਾਨ



■ ਅਮਰੀਕੀ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਾਨ ਨੇ ਕੀਤੀ ਘੋਸ਼ਣਾ

**ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)**- ਅਮਰੀਕਾ ਈਰਾਨ 'ਤੇ ਪਾਬੰਦੀਆਂ ਲਗਾਉਣ ਲਈ ਤਿਆਰ ਹੈ, ਜਿਸ ਨੇ ਇਜ਼ਰਾਈਲ 'ਤੇ ਅਚਾਨਕ ਹਮਲਾ ਕੀਤਾ ਹੈ। ਅਮਰੀਕਾ ਨੇ ਬੀਤੇ ਦਿਨੀਂ ਮੰਗਲਵਾਰ ਨੂੰ ਕਿਹਾ ਕਿ ਉਹ ਜਲਦੀ ਹੀ ਈਰਾਨ ਦੇ ਮਿਜ਼ਾਈਲ ਅਤੇ ਡਰੋਨ ਪ੍ਰੋਗਰਾਮਾਂ 'ਤੇ ਨਵੀਆਂ ਪਾਬੰਦੀਆਂ ਲਾਵੇਗਾ। ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਦੇ ਸਲਾਹਕਾਰ ਜੇਕ ਸੁਲੀਵਾਨ ਨੇ ਇਹ ਘੋਸ਼ਣਾ ਕੀਤੀ ਕਿ ਈਰਾਨ ਦੇ ਨਾਲ-ਨਾਲ ਉਸਦੇ ਸਹਿਯੋਗੀ ਅਤੇ ਭਾਈਵਾਲ ਸਮੂਹ ਵੀ ਇਨ੍ਹਾਂ ਪਾਬੰਦੀਆਂ ਦੇ ਘੇਰੇ ਵਿਚ ਆ ਸਕਦੇ ਹਨ। ਤਾਜ਼ਾ ਘੋਸ਼ਣਾ ਅਮਰੀਕਾ ਦੇ ਖਜ਼ਾਨਾ ਸਕੱਤਰ ਜੇਨੇਟ ਏਲੇਨ ਦੇ ਕਹਿਣ ਤੋਂ ਬਾਅਦ ਆਈ ਹੈ ਕਿ ਈਰਾਨ ਦੇ ਖਿਲਾਫ ਸਜ਼ਾਤਮਕ ਉਪਾਅ ਤਿਆਰ ਕੀਤੇ ਜਾ ਰਹੇ ਹਨ। ਦੂਜੇ ਪਾਸੇ ਯੂਰਪੀ ਸੰਘ ਦੀ ਵਿਦੇਸ਼ ਨੀਤੀ ਦੇ ਮੁਖੀ ਜੋਸੇਪ ਬੋਰੇਲ ਨੇ ਵੀ ਕਿਹਾ ਕਿ ਉਹ ਈਰਾਨ 'ਤੇ ਪਾਬੰਦੀਆਂ ਲਗਾਉਣ ਲਈ ਕੰਮ ਕਰ ਰਹੇ ਹਨ। ਇਹ ਜਾਣਿਆ ਜਾਂਦਾ ਹੈ ਕਿ ਸੁਲੀਵਾਨ ਨੇ ਇਕ ਬਿਆਨ ਵਿਚ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਈਰਾਨ, ਉਸ ਦੇ ਮਿਜ਼ਾਈਲ ਅਤੇ ਡਰੋਨ ਪ੍ਰੋਗਰਾਮਾਂ ਦੇ ਨਾਲ-ਨਾਲ ਦੇਸ਼ ਦੇ ਰੈਵੋਲਿਊਸ਼ਨਰੀ ਗਾਰਡਜ਼ ਅਤੇ ਈਰਾਨ ਦੇ ਰੱਖਿਆ ਮੰਤਰਾਲੇ 'ਤੇ ਨਵੀਆਂ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ। ਸਾਨੂੰ ਉਮੀਦ ਹੈ ਕਿ ਸਾਡੇ ਸਹਿਯੋਗੀ ਅਤੇ ਭਾਈਵਾਲ ਵੀ ਈਰਾਨ 'ਤੇ ਪਾਬੰਦੀਆਂ ਲਗਾਉਣਗੇ। ਪਤਾ ਲੱਗਾ ਹੈ ਕਿ ਅਮਰੀਕੀ ਅਧਿਕਾਰੀ ਈਰਾਨ 'ਤੇ ਆਰਥਿਕ ਪਾਬੰਦੀਆਂ ਲਗਾਉਣ 'ਤੇ ਵੀ ਵਿਚਾਰ ਕਰ ਰਹੇ ਹਨ। ਇਸ ਦੌਰਾਨ ਈਰਾਨ ਨੇ ਸੀਰੀਆ ਦੇ ਦਮਿਸ਼ਕ 'ਚ ਆਪਣੇ ਵਣਜ ਦੂਤਘਰ 'ਤੇ ਹੋਏ ਹਮਲੇ ਦਾ ਬਦਲਾ ਲੈਣ ਲਈ ਬੀਤੇ ਸ਼ਨੀਵਾਰ ਇਜ਼ਰਾਈਲ 'ਤੇ ਹਮਲਾ ਕੀਤਾ। ਇਸ ਦੇ ਲਈ 300 ਤੋਂ ਜ਼ਿਆਦਾ ਮਿਜ਼ਾਈਲਾਂ ਅਤੇ ਡਰੋਨਾਂ ਦੀ ਵਰਤੋਂ ਕੀਤੀ ਗਈ। ਇਹ ਜਾਣਿਆ ਜਾਂਦਾ ਹੈ ਕਿ ਲਗਭਗ ਸਾਰੇ ਇਜ਼ਰਾਈਲੀ ਰੱਖਿਆ ਪ੍ਰਣਾਲੀ ਦੁਆਰਾ ਤਬਾਹ ਕਰ ਦਿੱਤੇ ਗਏ ਸਨ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com







# 20 ਸਾਲਾਂ ਬਾਅਦ ਢੀਂਡਸਾ ਪਰਿਵਾਰ ਟਿਕਟ ਤੋਂ ਹੋਇਆ ਵਾਂਝਾ



**ਸ਼ੇਰਪੁਰ, (ਪੰਜਾਬ ਮੇਲ)-** ਜਿਉਂ-ਜਿਉਂ ਲੋਕ ਸਭਾ ਚੋਣਾਂ ਦੀ ਤਾਰੀਖ਼ ਨੇੜੇ ਆ ਰਹੀ ਹੈ, ਸੂਬੇ 'ਚ ਸਿਆਸੀ ਪਾਰਾ ਵੱਧਦਾ ਜਾ ਰਿਹਾ ਹੈ। ਪੰਜਾਬ ਦੀ ਸਭ ਤੋਂ ਮੱਹਤਵਪੂਰਨ ਮੰਨੀ ਜਾਂਦੀ ਲੋਕ ਸਭਾ ਸੀਟ ਸੰਗਰੂਰ ਤੋਂ ਇਸ ਵਾਰ ਨਵੇ ਤਜ਼ਰਬੇ ਦੇਖਣ ਨੂੰ ਮਿਲ ਰਹੇ ਹਨ। ਜਿੱਥੇ ਸੱਤਾਧਿਰ ਆਮ ਆਦਮੀ ਪਾਰਟੀ ਵੱਲੋਂ ਕੈਬਿਨਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੂੰ ਮੈਦਾਨ 'ਚ ਉਤਾਰਿਆ ਗਿਆ ਹੈ, ਉੱਥੇ ਕਾਂਗਰਸ ਪਾਰਟੀ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਕੱਟੜ ਵਿਰੋਧੀ ਸੁਖਪਾਲ ਸਿੰਘ ਖਹਿਰਾ ਨੂੰ ਟਿਕਟ ਦਿੱਤੀ ਗਈ ਹੈ। ਸਭ ਤੋਂ ਵਧ ਹੈਰਾਨੀ ਉਸ ਸਮੇਂ ਹੋਈ, ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਲੋਕ ਸਭਾ ਹਲਕਾ ਸੰਗਰੂਰ ਵਿਚ ਅਹਿਮ ਸਥਾਨ ਰੱਖਣ ਵਾਲੇ ਢੀਂਡਸਾ ਪਰਿਵਾਰ ਦੀ ਟਿਕਟ ਕੱਟ ਕੇ ਨਵੇਂ ਚਿਹਰੇ ਇਕਬਾਲ ਸਿੰਘ ਝੂੰਦਾ 'ਤੇ ਦਾਅ ਖੇਡਿਆ ਹੈ।

ਭਾਵੇਂ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਵਿਚ ਮੁਕੰਮਲ ਏਕਤਾ ਹੋਣ ਤੋਂ ਬਾਅਦ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦੀ ਟਿਕਟ ਕਰੀਬ ਤੈਅ ਮੰਨੀ ਜਾ ਰਹੀ ਸੀ ਪਰ ਇਕਬਾਲ ਸਿੰਘ ਝੂੰਦਾ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਉਮੀਦਵਾਰ ਬਣਾਏ ਜਾਣ ਕਾਰਨ ਸਿਆਸੀ ਹਲਕੇ ਹੈਰਾਨ ਹਨ। ਇਸ ਪਾਸੇ ਜਿੱਥੇ ਇਕਬਾਲ ਸਿੰਘ ਝੂੰਦਾ ਦੇ ਸਮਰਥਕ ਸ਼੍ਰੋਮਣੀ ਅਕਾਲੀ ਦਲ ਦੇ ਇਸ ਫ਼ੈਸਲੇ ਨਾਲ ਬਾਗੋਬਾਗ਼ ਨਜ਼ਰ ਆ ਰਹੇ ਹਨ, ਉੱਥੇ ਹੀ ਢੀਂਡਸਾ ਸਮਰਥਕ ਆਪਣੀ ਨਾਰਾਜ਼ਗੀ ਪ੍ਰਗਟ ਕਰ ਰਹੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪਰਮਿੰਦਰ ਸਿੰਘ ਢੀਂਡਸਾ ਵੱਲੋਂ ਸੰਗਰੂਰ ਸੰਸਦੀ ਹਲਕੇ ਦੇ ਵੱਖ-ਵੱਖ ਅਸੈਂਬਲੀ ਹਲਕਿਆਂ ਵਿਚ ਪਾਰਟੀ ਵਰਕਰਾਂ ਨਾਲ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਸਨ ਅਤੇ ਅਕਾਲੀ ਤੇ ਗੈਰ ਅਕਾਲੀ ਹਲਕਿਆਂ ਵਿਚ ਪਰਮਿੰਦਰ ਸਿੰਘ ਢੀਂਡਸਾ ਦੀ ਟਿਕਟ ਲਗਭਗ ਤੈਅ ਮੰਨੀ ਜਾ ਰਹੀ ਸੀ ਅਤੇ ਢੀਂਡਸਾ ਨੂੰ ਮਜ਼ਬੂਤ ਉਮੀਦਵਾਰ ਵਜੋਂ ਦੇਖਿਆ ਜਾ ਰਿਹਾ ਸੀ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪਿਛਲੇ 20 ਸਾਲ ਤੋਂ ਲੋਕ ਸਭਾ ਹਲਕਾ ਸੰਗਰੂਰ ਤੋਂ ਢੀਂਡਸਾ ਪਰਿਵਾਰ ਹੀ ਚੋਣ ਲੜਦਾ ਆ ਰਿਹਾ ਹੈ। ਸਾਲ 2004 ਵਿਚ ਸੁਖਦੇਵ ਸਿੰਘ ਢੀਂਡਸਾ ਨੇ ਜਿੱਤ ਪ੍ਰਾਪਤ ਕੀਤੀ ਸੀ, ਪਰ ਸਾਲ 2009, 2014 ਦੀਆਂ ਚੋਣਾਂ ਵਿਚ ਢੀਂਡਸਾ ਚੋਣ ਹਾਰ ਗਏ। ਇਸ ਤੋਂ ਬਾਅਦ 2019 ਦੀਆਂ ਚੋਣਾਂ 'ਚ ਪਰਮਿੰਦਰ ਸਿੰਘ ਢੀਂਡਸਾ ਨੇ ਚੋਣ ਲੜੀ ਪਰ ਉਨ੍ਹਾਂ ਨੂੰ ਕਾਮਯਾਬੀ ਨਹੀ ਮਿਲੀ। ਸੂਤਰਾਂ ਅਨੁਸਾਰ ਸੁਖਦੇਵ ਸਿੰਘ ਢੀਂਡਸਾ, ਜਿਨ੍ਹਾਂ ਦਾ ਪਹਿਲਾ ਭਾਜਪਾ ਨਾਲ ਸਮਝੌਤਾ ਸੀ, ਅਕਾਲੀ ਦਲ ਵਿਚ ਪਰਮਿੰਦਰ ਸਿੰਘ ਢੀਂਡਸਾ ਨੂੰ ਲੋਕ ਸਭਾ ਹਲਕਾ ਸੰਗਰੂਰ ਤੋਂ ਟਿਕਟ ਦੇ ਭਰੋਸੇ ਤੋਂ ਬਾਅਦ ਹੀ ਆਪਣੀ ਪਾਰਟੀ ਦਾ ਰਲੇਵਾਂ ਅਕਾਲੀ ਦਲ ਵਿਚ ਕੀਤਾ ਸੀ ਪਰ ਸੁਖਬੀਰ ਸਿੰਘ ਬਾਦਲ ਇਸ ਮਾਮਲੇ ਵਿਚ ਸਿਆਸੀ ਘੁੰਮਣਘੇਰੀ ਵਿਚ ਫਸ ਗਏ ਕਿਉਂਕਿ ਇਕਬਾਲ ਸਿੰਘ ਝੂੰਦਾ ਢੀਂਡਸਾ ਪਰਿਵਾਰ ਦੇ ਅਕਾਲੀ ਦਲ ਤੋਂ ਵੱਖ ਹੋਣ ਤੋਂ ਬਾਅਦ ਅਕਾਲੀ ਦਲ ਨੂੰ ਮਜ਼ਬੂਤ ਕਰਨ ਵਿਚ ਲੱਗੇ ਹੋਏ ਸਨ ਅਤੇ ਝੂੰਦਾ ਨੇ ਪਹਿਲਾਂ ਹੀ ਟਿਕਟ ਲਈ ਆਪਣੀ ਦਾਅਵੇਦਾਰੀ ਪੱਕੀ ਕਰ ਲਈ ਸੀ।

# ਬ੍ਰਿਟੇਨ 'ਚ 5 ਭਾਰਤੀਆਂ ਨੂੰ ਭਾਰਤੀ ਨੌਜਵਾਨ ਦੇ ਹੀ ਕਤਲ ਮਾਮਲੇ 'ਚ ਦੋਸ਼ੀ ਪਾਏ ਜਾਣ 'ਤੇ 122 ਸਾਲ ਦੀ ਜੇਲ੍ਹ



**ਲੰਡਨ, (ਪੰਜਾਬ ਮੇਲ)-** ਬ੍ਰਿਟੇਨ ਵਿਚ ਸ਼ੁੱਕਰਵਾਰ ਨੂੰ ਭਾਰਤੀ ਮੂਲ ਦੇ 5 ਨੌਜਵਾਨਾਂ ਨੂੰ, ਇੱਕ 23 ਸਾਲਾ ਡਿਲੀਵਰੀ ਡਰਾਈਵਰ ਜੋ ਕਿ ਭਾਰਤੀ ਮੂਲ ਦਾ ਹੀ ਸੀ, ਦੇ ਕਤਲ ਦਾ ਦੋਸ਼ੀ ਪਾਏ ਜਾਣ 'ਤੇ ਕੁੱਲ 122 ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ। ਪਿਛਲੇ ਸਾਲ ਅਗਸਤ ਵਿਚ ਪੱਛਮੀ ਇੰਗਲੈਂਡ ਦੇ ਸ਼੍ਰੇਅਸਬਰੀ ਦੇ ਬਰਵਿਕ ਐਵੇਨਿਊ ਖੇਤਰ ਵਿਚ ਇੱਕ ਹਮਲੇ ਦੀ ਸੂਚਨਾ ਮਿਲਣ 'ਤੇ ਮੌਕੇ ਪੁੱਜੀ ਸਥਾਨਕ ਵੈਸਟ ਮਰਸੀਆ ਪੁਲਿਸ ਨੇ ਓਰਮਨ ਸਿੰਘ ਨੂੰ ਘਟਨਾ ਸਥਾਨ 'ਤੇ ਮ੍ਰਿਤਕ ਘੋਸ਼ਿਤ ਕਰ ਦਿੱਤਾ ਸੀ ਅਤੇ ਕਤਲ ਦੇ ਸ਼ੱਕ ਵਿਚ 5 ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਸੀ।

ਅਰਸ਼ਦੀਪ ਸਿੰਘ (24), ਜਗਦੀਪ ਸਿੰਘ (23), ਸ਼ਿਵਦੀਪ ਸਿੰਘ (27) ਅਤੇ ਮਨਜੋਤ ਸਿੰਘ (24) ਨੂੰ ਕੁਹਾੜੀ, ਹਾਕੀ ਸਟਿੱਕ ਅਤੇ ਬੇਲਚੇ ਸਮੇਤ ਹਥਿਆਰਾਂ ਨਾਲ ਕਤਲ ਕਰਨ ਦਾ ਦੋਸ਼ੀ ਪਾਇਆ ਗਿਆ। ਇਨ੍ਹਾਂ ਸਾਰਿਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ, ਜਿਸ ਵਿਚ ਇਨ੍ਹਾਂ ਸਾਰਿਆਂ ਨੂੰ ਘੱਟੋ-ਘੱਟ 28 ਸਾਲ ਸਲਾਖਾਂ ਪਿੱਛੇ ਰਹਿਣਾ ਪਵੇਗਾ। ਪੰਜਵੇਂ ਭਾਰਤੀ ਮੂਲ ਦੇ ਨੌਜਵਾਨ 24 ਸਾਲਾ ਸੁਖਮਨਦੀਪ ਸਿੰਘ ਨੂੰ ਹਮਲੇ ਵਿਚ ਮਦਦ ਕਰਨ ਲਈ 10 ਸਾਲ ਦੀ ਸਜ਼ਾ ਸੁਣਾਈ ਗਈ।

# ਸਰਬਜੀਤ ਦੇ ਹੱਤਿਆਰੇ ਦੀ ਲਾਹੌਰ 'ਚ ਗੋਲੀਆਂ ਮਾਰ ਕੇ ਹੱਤਿਆ

**ਲਾਹੌਰ/ਨਵੀਂ ਦਿੱਲੀ, (ਪੰਜਾਬ ਮੇਲ)-** ਪਾਕਿਸਤਾਨ ਦੀ ਜੇਲ੍ਹ 'ਚ ਭਾਰਤੀ ਨਾਗਰਿਕ ਸਰਬਜੀਤ ਸਿੰਘ ਦੀ ਹੱਤਿਆ 'ਚ ਸ਼ਾਮਲ ਆਮਿਰ ਸਰਫ਼ਰਾਜ਼ ਤਾਂਬਾ ਦਾ ਅਣਪਛਾਤੇ ਬੰਦੂਕਧਾਰੀਆਂ ਨੇ ਲਾਹੌਰ 'ਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਉਹ ਦਹਿਸ਼ਤੀ ਜਥੇਬੰਦੀ ਲਸ਼ਕਰ-ਏ-ਤਾਇਬਾ ਦੇ ਬਾਨੀ ਹਾਫ਼ਿਜ਼ ਸਈਦ ਦਾ ਨੇੜਲਾ ਸਹਿਯੋਗੀ ਸੀ। ਸਮਝਿਆ ਜਾ ਰਿਹਾ ਹੈ ਕਿ ਇਹ ਹੱਤਿਆ ਮਿੱਥ ਕੇ ਕੀਤੀ ਗਈ ਹੈ। ਸਰਬਜੀਤ ਸਿੰਘ ਦੇ ਹੱਤਿਆਰੇ ਆਮਿਰ ਤਾਂਬਾ ਦੀ ਹੱਤਿਆ ਨੂੰ ਸੁਪਾਰੀ ਲੈ ਕੇ ਬਦਲਾ ਲੈਣ ਦੀ ਕਾਰਵਾਈ ਵਜੋਂ ਵੀ ਦੇਖਿਆ ਜਾ ਰਿਹਾ ਹੈ। ਸਥਾਨਕ ਲੋਕਾਂ ਨੇ ਦਾਅਵਾ ਕੀਤਾ ਹੈ ਕਿ ਉਸ ਨੂੰ ਪਿਛਲੇ ਕੁਝ ਦਿਨਾਂ ਤੋਂ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਸਨ। ਸੂਤਰਾਂ ਨੇ ਕਿਹਾ ਕਿ ਤਾਂਬਾ 'ਤੇ ਲਾਹੌਰ ਦੇ ਇਸਲਾਮਪੁਰਾ ਇਲਾਕੇ 'ਚ ਮੋਟਰਸਾਈਕਲ ਸਵਾਰ ਦੋ ਵਿਅਕਤੀਆਂ ਨੇ ਹਮਲਾ ਕੀਤਾ। ਉਸ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ, ਜਿਥੇ ਉਹ ਜ਼ਖ਼ਮਾਂ ਦੀ ਤਾਬ ਨਾ ਸਹਿੰਦਿਆਂ ਦਮ ਤੋੜ ਗਿਆ। ਲੋਕਾਂ ਮੁਤਾਬਕ ਆਮਿਰ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਦਮ ਤੋੜ ਚੁੱਕਿਆ ਸੀ। ਜ਼ਿਕਰਯੋਗ ਹੈ ਕਿ ਸਰਬਜੀਤ ਸਿੰਘ (49) 'ਤੇ ਉੱਚ ਸੁਰੱਖਿਆ ਵਾਲੀ ਕੋਟ ਲਖਪਤ ਜੇਲ੍ਹ 'ਚ ਤਾਂਬਾ ਸਮੇਤ ਹੋਰ ਹਵਾਲਾਤੀਆਂ ਨੇ ਹਮਲਾ ਕਰ ਦਿੱਤਾ ਸੀ ਅਤੇ ਕਰੀਬ ਇਕ ਹਫ਼ਤੇ ਮਗਰੋਂ ਉਸ ਦੀ ਲਾਹੌਰ ਦੇ ਜਿਨਾਹ ਹਸਪਤਾਲ 'ਚ 2 ਮਈ, 2013 ਨੂੰ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ। ਪਾਕਿਸਤਾਨੀ ਕੈਦੀਆਂ ਦੇ ਇਕ ਗੁੱਟ ਨੇ ਸਰਬਜੀਤ ਸਿੰਘ 'ਤੇ ਇੱਟਾਂ ਅਤੇ ਲੋਹੇ ਦੀਆਂ ਛੜਾਂ ਨਾਲ ਹਮਲਾ ਕੀਤਾ ਸੀ। ਉਸ ਨੂੰ ਲਹਿੰਦੇ ਪੰਜਾਬ 'ਚ ਕਈ ਬੰਬ ਧਮਾਕੇ ਕਰਨ ਦੇ ਕਥਿਤ ਦੋਸ਼ ਹੇਠ ਸਜ਼ਾ-ਏ-ਮੌਤ ਸੁਣਾਈ ਗਈ ਸੀ। ਤਾਂਬਾ ਦੇ ਪਿਤਾ ਦਾ ਨਾਮ ਸਰਫ਼ਰਾਜ਼ ਜਾਵੇਦ ਹੈ ਅਤੇ ਉਸ ਦਾ ਜਨਮ ਲਾਹੌਰ 'ਚ 1979 'ਚ ਹੋਇਆ ਸੀ ਅਤੇ ਉਸ ਨੂੰ ਲਸ਼ਕਰ ਦੇ ਬਾਨੀ ਦਾ ਨਜ਼ਦੀਕੀ ਮੰਨਿਆ ਜਾਂਦਾ ਸੀ। ਸਰਬਜੀਤ 'ਤੇ ਜੇਲ੍ਹ 'ਚ ਹਮਲੇ ਲਈ ਆਮਿਰ ਅਤੇ ਮੁਦੱਸਰ ਮੁਨੀਰ ਨੂੰ ਦੋਸ਼ੀ ਠਹਿਰਾਇਆ ਗਿਆ ਸੀ ਪਰ ਸਾਰੇ ਗਵਾਹਾਂ ਦੇ ਮੁਕਰਨ ਕਾਰਨ ਅਦਾਲਤ ਨੇ 15 ਦਸੰਬਰ, 2013 ਨੂੰ ਦੋਹਾਂ ਨੂੰ ਬਰੀ ਕਰ ਦਿੱਤਾ ਸੀ।

# ਬਰਤਾਨੀਆ ਵੱਲੋਂ ਲਿੰਡੀ ਕੈਮਰੂਨ ਭਾਰਤ 'ਚ ਨਵੀਂ ਹਾਈ ਕਮਿਸ਼ਨਰ ਨਿਯੁਕਤ



**ਨਵੀਂ ਦਿੱਲੀ, (ਪੰਜਾਬ ਮੇਲ)-** ਬਰਤਾਨੀਆ ਨੇ ਲਿੰਡੀ ਕੈਮਰੂਨ ਨੂੰ ਭਾਰਤ 'ਚ ਆਪਣਾ ਨਵਾਂ ਹਾਈ ਕਮਿਸ਼ਨਰ ਨਿਯੁਕਤ ਕੀਤਾ ਹੈ। ਕੈਮਰੂਨ ਮੌਜੂਦਾ ਹਾਈ ਕਮਿਸ਼ਨਰ ਐਲੇਕਸ ਐਲਿਸ ਦੀ ਥਾਂ ਲਵੇਗੀ। ਭਾਰਤ 'ਚ ਬਰਤਾਨਵੀ ਦੂਤਾਵਾਸ ਨੇ ਜਾਰੀ ਬਿਆਨ 'ਚ ਕਿਹਾ, 'ਲਿੰਡੀ ਕੈਮਰੂਨ ਨੂੰ ਐਲੇਕਸ ਐਲਿਸ ਦੀ ਥਾਂ ਭਾਰਤ ਗਣਰਾਜ 'ਚ ਬਰਤਾਨੀਆ ਦਾ ਹਾਈ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਐਲਿਸ ਨੂੰ ਕੋਈ ਹੋਰ ਕੂਟਨੀਤਕ ਜ਼ਿੰਮੇਵਾਰੀ ਸੌਂਪੀ ਜਾਵੇਗੀ।' ਕੈਮਰੂਨ ਇਸੇ ਮਹੀਨੇ ਆਪਣਾ ਕਾਰਜਭਾਰ ਸੰਭਾਲ ਲਵੇਗੀ। ਉਹ 2020 ਤੋਂ ਬਰਤਾਨੀਆ ਦੇ ਕੌਮੀ ਸਾਈਬਰ ਸੁਰੱਖਿਆ ਕੇਂਦਰ ਦੇ ਮੁੱਖ ਕਾਰਜਕਾਰੀ ਵਜੋਂ ਸੇਵਾਵਾਂ ਨਿਭਾ ਰਹੀ ਹੈ।







# ਆਬਕਾਰੀ ਨੀਤੀ ਮਾਮਲਾ: ਕੇਜਰੀਵਾਲ ਨੂੰ ਸੁਪਰੀਮ ਕੋਰਟ ਤੋਂ ਨਹੀਂ ਮਿਲੀ ਫੌਰੀ ਰਾਹਤ

- ਸੁਪਰੀਮ ਕੋਰਟ ਨੇ ਈ.ਡੀ. ਨੂੰ ਨੋਟਿਸ ਜਾਰੀ ਕਰਕੇ 24 ਅਪ੍ਰੈਲ ਤੱਕ ਮੰਗਿਆ ਜਵਾਬ
- ਅਗਲੀ ਸੁਣਵਾਈ 29 ਅਪ੍ਰੈਲ ਨੂੰ
- ਕੇਜਰੀਵਾਲ ਦੀ ਨਿਆਂਇਕ ਹਿਰਾਸਤ 23 ਤੱਕ ਵਧਾਈ



**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਨੇ ਕਥਿਤ ਆਬਕਾਰੀ ਨੀਤੀ ਘੁਟਾਲੇ ਨਾਲ ਜੁੜੇ ਮਨੀ ਲਾਂਡਰਿੰਗ ਕੇਸ ਵਿਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਆਪਣੀ ਗ੍ਰਿਫ਼ਤਾਰੀ ਨੂੰ ਚੁਣੌਤੀ ਦਿੰਦੀ ਪਟੀਸ਼ਨ 'ਤੇ 'ਆਪ' ਦੇ ਕੌਮੀ ਕਨਵੀਨਰ ਨੂੰ ਫੌਰੀ ਭਾਵੇਂ ਕੋਈ ਰਾਹਤ ਨਹੀਂ ਦਿੱਤੀ ਪਰ ਜਸਟਿਸ ਸੰਜੀਵ ਖੰਨਾ ਤੇ ਜਸਟਿਸ ਦੀਪਾਂਕਰ ਦੱਤਾ ਦੇ ਬੈਂਚ ਨੇ ਐੱਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਤੋਂ 24 ਅਪ੍ਰੈਲ ਤੱਕ ਜਵਾਬ ਜ਼ਰੂਰ ਮੰਗ ਲਿਆ ਹੈ। ਕੇਜਰੀਵਾਲ ਨੇ ਪਟੀਸ਼ਨ ਵਿਚ ਦਿੱਲੀ ਹਾਈ ਕੋਰਟ ਵੱਲੋਂ 9 ਅਪ੍ਰੈਲ ਨੂੰ ਸੁਣਾਏ ਗ੍ਰਿਫ਼ਤਾਰੀ ਬਰਕਰਾਰ ਰੱਖਣ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ। ਬੈਂਚ ਨੇ ਕੇਸ ਦੀ ਅਗਲੀ ਸੁਣਵਾਈ 29 ਅਪ੍ਰੈਲ ਲਈ ਨਿਰਧਾਰਿਤ ਕੀਤੀ ਹੈ। ਸੁਪਰੀਮ ਕੋਰਟ ਵਿਚ ਪਟੀਸ਼ਨ 'ਤੇ ਸੁਣਵਾਈ ਦੌਰਾਨ ਕੇਜਰੀਵਾਲ ਵੱਲੋਂ ਪੇਸ਼ ਸੀਨੀਅਰ ਵਕੀਲ ਅਭਿਸ਼ੇਕ ਸਿੰਘਵੀ ਨੇ ਬੈਂਚ ਨੂੰ ਦੱਸਿਆ ਕਿ ਉਹ ਕੁੱਝ ਤੱਥ ਦਿਖਾਉਣਾ ਚਾਹੁੰਦੇ ਹਨ, ਜਿਸ ਨਾਲ ਕੋਰਟ ਦੀ ਅੰਤਰ-ਆਤਮਾ ਨੂੰ 'ਝਟਕਾ' ਲੱਗੇਗਾ। ਸਿੰਘਵੀ ਨੇ ਕਿਹਾ ਕਿ ਇਹ 'ਮਾਮਲਾ ਬਹੁਤ ਅਸਾਧਾਰਨ' ਹੈ ਸਿਰਫ਼ ਇਸ ਲਈ ਨਹੀਂ ਕਿਉਂਕਿ ਕੇਜਰੀਵਾਲ ਮੁੱਖ ਮੰਤਰੀ ਹਨ। ਸਿੰਘਵੀ ਨੇ ਕੇਜਰੀਵਾਲ ਦੀ ਗ੍ਰਿਫ਼ਤਾਰੀ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਗ੍ਰਿਫ਼ਤਾਰੀ ਉਦੋਂ ਹੋਈ ਜਦੋਂ ਲੋਕ ਸਭਾ ਚੋਣਾਂ ਕਰਕੇ ਚੋਣ ਜ਼ਾਬਤਾ ਅਮਲ ਵਿਚ ਆ ਚੁੱਕਾ ਸੀ। ਉਨ੍ਹਾਂ ਕਿਹਾ ਕਿ ਥਾਂ-ਥਾਂ 'ਤੇ ਚੋਣਵੀਆਂ ਚੋਰਮੋਰੀਆਂ ਹਨ, ਜੋ ਹਰ ਕਿਸੇ ਨੂੰ ਗ਼ਲਤ ਪ੍ਰਭਾਵ ਦੇ ਰਹੀਆਂ ਹਨ। ਜਸਟਿਸ ਖੰਨਾ ਨੇ ਕਿਹਾ, "ਮੈਨੂੰ ਇਨ੍ਹਾਂ ਚੋਣਵੀਆਂ ਚੋਰਮੋਰੀਆਂ ਬਾਰੇ ਕੋਈ ਜਾਣਕਾਰੀ ਨਹੀਂ ਹੈ। ਇਸ ਲਈ ਨੋਟਿਸ ਜਾਰੀ ਕਰਨਾ ਬਣਦਾ ਹੈ।"

ਈ.ਡੀ. ਵੱਲੋਂ ਪੇਸ਼ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਤੇ ਵਧੀਕ ਸੌਲੀਸਿਟਰ ਜਨਰਲ ਐੱਸ.ਵੀ. ਰਾਜੂ ਨੇ ਕਿਹਾ ਕਿ ਜਾਂਚ ਏਜੰਸੀ ਪਟੀਸ਼ਨ ਨੂੰ ਲੈ ਕੇ ਆਪਣਾ ਜਵਾਬ ਦਾਖਲ ਕਰੇਗੀ। ਇਸ 'ਤੇ ਸਿੰਘਵੀ ਨੇ ਮਸਲਾ ਫੌਰੀ ਸੁਣੇ ਜਾਣ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਕਿਹਾ, "ਮੈਂ ਕਾਰਨ ਦੱਸੇ ਜਾਣ ਲਈ ਸ਼ੁੱਕਰਵਾਰ ਦੀ ਬੇਹੱਦ ਛੋਟੀ ਤਰੀਕ ਲਈ ਨਹੀਂ ਕਹਿ ਰਿਹਾ।" ਜਸਟਿਸ ਖੰਨਾ ਨੇ ਸਿੰਘਵੀ ਨੂੰ ਕਿਹਾ, "ਅਸੀਂ ਮੁਨਾਸਬ ਤਰੀਕ ਦੇਵਾਂਗੇ, ਬਹੁਤ ਛੋਟੀ ਤਰੀਕ, ਪਰ ਜੋ ਤੁਸੀਂ ਕਹਿ ਰਹੇ ਹੋ, ਉਹ ਨਹੀਂ।" ਸੁਣਵਾਈ ਦੌਰਾਨ ਸੀਨੀਅਰ ਐਡਵੋਕੇਟ ਨੇ ਕਿਹਾ ਕਿ ਸੀ.ਬੀ.ਆਈ. ਤੇ ਈ.ਡੀ. ਨੇ ਆਬਕਾਰੀ ਕੇਸ ਵਿਚ ਅੱਠ ਦੋਸ਼-ਪੱਤਰ ਦਾਖ਼ਲ ਕੀਤੇ ਹਨ ਤੇ ਇਨ੍ਹਾਂ ਵਿਚੋਂ ਕਿਸੇ ਵਿਚ ਵੀ ਕੇਜਰੀਵਾਲ ਦਾ ਨਾਮ ਨਹੀਂ ਹੈ।" ਉਨ੍ਹਾਂ ਕਿਹਾ, "ਕਹਾਣੀ ਸਤੰਬਰ 2022 ਤੋਂ ਸ਼ੁਰੂ ਹੁੰਦੀ ਹੈ ਤੇ ਕੇਜਰੀਵਾਲ ਨੂੰ ਮਾਰਚ 2024 ਵਿਚ ਗ੍ਰਿਫ਼ਤਾਰ ਕੀਤਾ ਗਿਆ।" ਸਿੰਘਵੀ ਨੇ ਕਿਹਾ ਕਿ ਇਸ ਅਰਸੇ ਦੌਰਾਨ 15 ਬਿਆਨ (ਨੌਂ ਇਕੋ ਵਿਅਕਤੀ ਵੱਲੋਂ ਤੇ ਛੇ ਹੋਰਨਾਂ ਵੱਲੋਂ) ਦਰਜ ਕੀਤੇ ਗਏ, ਪਰ ਕਿਸੇ ਨੇ ਵੀ ਕੇਜਰੀਵਾਲ ਦਾ ਨਾਮ ਨਹੀਂ ਲਿਆ। ਉਨ੍ਹਾਂ 'ਆਪ' ਦੇ ਕੌਮੀ ਕਨਵੀਨਰ ਦੀ ਗ੍ਰਿਫ਼ਤਾਰੀ ਦੀ ਟਾਈਮਿੰਗ ਨੂੰ ਲੈ ਕੇ ਕਿਹਾ ਕਿ ਪਹਿਲੇ ਗੇੜ ਦੀਆਂ ਚੋਣਾਂ 19 ਅਪ੍ਰੈਲ ਨੂੰ ਹੋਣੀਆਂ ਹਨ। ਇਸ 'ਤੇ ਜਸਟਿਸ ਖੰਨਾ ਨੇ ਤਜ਼ਰਬੇਕਾਰ ਵਕੀਲ ਨੂੰ ਕਿਹਾ ਕਿ 'ਕੁਝ ਦਲੀਲਾਂ ਅਗਲੀ ਤਰੀਕ ਲਈ ਵੀ ਰੱਖੀਆਂ ਜਾਣ।' ਉਧਰ ਮਹਿਤਾ ਨੇ ਦਲੀਲ ਦਿੱਤੀ ਕਿ ਅਜਿਹੇ ਮਾਮਲਿਆਂ ਵਿਚ ਰਾਹਤ ਲਈ ਚੋਣਾਂ ਨੂੰ ਆਧਾਰ ਨਹੀਂ ਬਣਾਇਆ ਜਾ ਸਕਦਾ। ਬੈਂਚ ਨੇ ਸਿੰਘਵੀ ਨੂੰ ਕਿਹਾ, "ਜਦੋਂ ਅਸੀਂ ਨੋਟਿਸ ਜਾਰੀ ਕਰਨ ਲਈ ਆਖ ਚੁੱਕੇ ਹਾਂ, ਤੁਹਾਨੂੰ ਤਾਂ ਬਹਿਸ ਵੀ ਨਹੀਂ ਕਰਨੀ ਚਾਹੀਦੀ। ਸਾਨੂੰ ਤੱਥਾਂ ਬਾਰੇ ਪਤਾ ਹੈ। ਅਸੀਂ ਸਾਰੇ ਦਸਤਾਵੇਜ਼ ਦੇਖੇ ਹਨ। ਅਸੀਂ ਕਾਫ਼ੀ ਸਮਾਂ ਲਾਇਆ ਹੈ।" ਬੈਂਚ ਨੇ ਈ.ਡੀ. ਨੂੰ ਨੋਟਿਸ ਜਾਰੀ ਕਰਦੇ ਹੋਏ ਕੇਂਦਰੀ ਏਜੰਸੀ ਨੂੰ 24 ਅਪ੍ਰੈਲ ਨੂੰ ਜਾਂ ਇਸ ਤੋਂ ਪਹਿਲਾਂ ਜਵਾਬ ਦਾਖ਼ਲ ਕਰਨ ਦੀ ਹਦਾਇਤ ਕੀਤੀ ਹੈ, ਜਦੋਂਕਿ ਲੋੜ ਪੈਣ 'ਤੇ 27 ਅਪ੍ਰੈਲ ਤੱਕ ਜਵਾਬ ਦਾਅਵਾ ਦਾਖਲ ਕਰਨ ਲਈ ਕਿਹਾ ਹੈ। ਹਾਈ ਕੋਰਟ ਨੇ 9 ਅਪ੍ਰੈਲ ਨੂੰ ਸੁਣਾਏ ਫੈਸਲੇ ਵਿਚ ਮਨੀ ਲਾਂਡਰਿੰਗ ਕੇਸ ਵਿਚ ਕੇਜਰੀਵਾਲ ਦੀ ਗ੍ਰਿਫ਼ਤਾਰੀ ਨੂੰ ਬਰਕਰਾਰ ਰੱਖਦਿਆਂ ਕਿਹਾ ਸੀ ਕਿ ਇਸ 'ਚ ਕੁਝ ਵੀ ਗੈਰਕਾਨੂੰਨੀ ਨਹੀਂ ਸੀ ਤੇ ਕੇਜਰੀਵਾਲ ਵੱਲੋਂ ਵਾਰ-ਵਾਰ ਸੰਮਨਾਂ ਦੀ ਤਾਮੀਲ ਨਾ ਕੀਤੇ ਜਾਣ ਤੇ ਜਾਂਚ 'ਚ ਸ਼ਾਮਲ ਹੋਣ ਤੋਂ ਇਨਕਾਰੀ ਹੋਣ ਕਰ ਕੇ ਈ.ਡੀ. ਕੋਲ ਗ੍ਰਿਫਤਾਰੀ ਤੋਂ ਛੁੱਟ ਹੋਰ ਕੋਈ ਬਦਲ ਨਹੀਂ ਸੀ।

## ਲੋਕ ਸਭਾ ਚੋਣਾਂ ਲਈ 'ਆਪ' ਵੱਲੋਂ ਉਮੀਦਵਾਰਾਂ ਦੀ ਤੀਜੀ ਸੂਚੀ ਜਾਰੀ




**ਚੰਡੀਗੜ੍ਹ, (ਪੰਜਾਬ ਮੇਲ)-** ਲੋਕ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਨੇ ਉਮੀਦਵਾਰਾਂ ਦੀ ਤੀਜੀ ਸੂਚੀ ਜਾਰੀ ਕੀਤੀ ਹੈ। ਤੀਜੀ ਸੂਚੀ ਵਿਚ ਆਮ ਆਦਮੀ ਪਾਰਟੀ ਵੱਲੋਂ ਚਾਰ ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਹੈ। ਇਸ ਸੂਚੀ ਮੁਤਾਬਕ ਫਿਰੋਜ਼ਪੁਰ ਤੋਂ ਜਗਦੀਪ ਸਿੰਘ ਕਾਕਾ ਬਰਾੜ, ਜਲੰਧਰ ਤੋਂ ਪਵਨ ਕੁਮਾਰ ਟੀਨੂੰ, ਗੁਰਦਾਸਪੁਰ ਤੋਂ ਅਮਨ ਸ਼ੇਰ ਸਿੰਘ ਅਤੇ ਲੁਧਿਆਣਾ ਤੋਂ ਅਸ਼ੋਕ ਪ੍ਰਾਸ਼ਰ ਪੱਪੀ ਨੂੰ ਉਮੀਦਵਾਰ ਐਲਾਨਿਆ ਗਿਆ ਹੈ।

## ਮੁੜ ਸੁਪਰੀਮ ਕੋਰਟ ਪਹੁੰਚਿਆ ਚੋਣ ਬਾਂਡ ਦਾ ਮੁੱਦਾ

- 15 ਫਰਵਰੀ ਦੇ ਫੈਸਲੇ 'ਤੇ ਮੁੜ ਵਿਚਾਰ ਕਰਨੀ ਦੀ ਕੀਤੀ ਗਈ ਬੇਨਤੀ

**ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ 'ਚ ਇਕ ਪਟੀਸ਼ਨ ਦਾਇਰ ਕਰਕੇ ਇਸ ਅਦਾਲਤ ਦੇ 15 ਫਰਵਰੀ ਦੇ ਉਸ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਬੇਨਤੀ ਕੀਤੀ ਗਈ ਹੈ, ਜਿਸ ਵਿਚ ਮੋਦੀ ਸਰਕਾਰ ਦੀ ਸਿਆਸੀ ਚੰਦੇ ਦੀ ਚੋਣ ਬਾਂਡ ਸਕੀਮ ਨੂੰ ਰੱਦ ਕਰ ਦਿੱਤਾ ਗਿਆ ਸੀ। ਵਕੀਲ ਮੈਥਿਊਜ਼ ਜੇ. ਨੇਦੁਮਪਾਰਾ ਵਲੋਂ ਦਾਇਰ ਸਮੀਖਿਆ ਪਟੀਸ਼ਨ 'ਚ ਕਿਹਾ ਗਿਆ ਹੈ ਕਿ ਇਸ ਅਦਾਲਤ ਨੇ ਸਕੀਮ ਵਿਰੁੱਧ ਪਟੀਸ਼ਨ 'ਤੇ ਵਿਚਾਰ ਕੀਤਾ ਅਤੇ ਇਸ ਗੱਲ ਨੂੰ ਧਿਆਨ 'ਚ ਰੱਖੇ ਬਿਨਾਂ ਹੀ ਕਾਨੂੰਨ ਅਤੇ ਯੋਜਨਾ ਨੂੰ ਰੱਦ ਕਰ ਦਿੱਤਾ ਕਿ ਅਜਿਹਾ ਕਰਕੇ ਉਹ ਸੰਸਦ 'ਤੇ ਅਪੀਲੀ ਅਥਾਰਟੀ ਵਜੋਂ ਕੰਮ ਕਰ ਰਹੀ ਹੈ। ਪਟੀਸ਼ਨ 'ਚ ਕਿਹਾ ਗਿਆ ਹੈ ਕਿ ਅਦਾਲਤ ਨੇ ਅਜਿਹੇ ਮਾਮਲੇ 'ਤੇ ਆਪਣੇ ਵਿਵੇਕ ਦੀ ਵਰਤੋਂ ਕੀਤੀ, ਜੋ ਵਿਧਾਨਕ ਅਤੇ ਕਾਰਜਕਾਰੀ ਨੀਤੀ ਦੇ ਵਿਸ਼ੇਸ਼ ਖੇਤਰ 'ਚ ਆਉਂਦਾ ਹੈ। ਨੇਦੁਮਪਾਰਾ ਨੇ ਆਪਣੀ ਪਟੀਸ਼ਨ 'ਚ ਦਾਅਵਾ ਕੀਤਾ ਕਿ ਅਦਾਲਤ ਇਸ ਗੱਲ ਨੂੰ ਧਿਆਨ 'ਚ ਰੱਖਣ ਵਿਚ ਅਸਫਲ ਰਹੀ ਕਿ ਇਸ ਮਾਮਲੇ 'ਤੇ ਲੋਕਾਂ ਦੀ ਰਾਏ ਵੱਖੋ-ਵੱਖਰੀ ਹੋ ਸਕਦੀ ਹੈ। ਇਸ ਦੇਸ਼ ਦੇ ਵਧੇਰੇ ਲੋਕ ਇਸ ਯੋਜਨਾ ਦੇ ਹੱਕ 'ਚ ਹੋ ਸਕਦੇ ਹਨ, ਜੋ ਉਨ੍ਹਾਂ ਦੇ ਚੁਣੇ ਹੋਏ ਨੁਮਾਇੰਦਿਆਂ ਵਲੋਂ ਹੋਂਦ 'ਚ ਲਿਆਂਦੀ ਗਈ ਹੈ।

## ਚੋਣ ਕਮਿਸ਼ਨ ਪਹਿਲੀ ਮਾਰਚ ਤੋਂ ਰੋਜ਼ਾਨਾ ਜ਼ਬਤ ਕਰ ਰਿਹੈ 100 ਕਰੋੜ ਰੁਪਏ !

**ਨਵੀਂ ਦਿੱਲੀ, (ਪੰਜਾਬ ਮੇਲ)-** ਚੋਣ ਕਮਿਸ਼ਨ ਨੇ ਅੱਜ ਕਿਹਾ ਹੈ ਕਿ ਉਸ ਦੀ ਨਿਗਰਾਨੀ ਹੇਠ ਅਧਿਕਾਰੀਆਂ ਨੇ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ 2069 ਕਰੋੜ ਰੁਪਏ ਦੇ ਨਸ਼ੀਲੇ ਪਦਾਰਥਾਂ ਸਮੇਤ ਕੁੱਲ 4,650 ਕਰੋੜ ਰੁਪਏ ਜ਼ਬਤ ਕੀਤੇ ਹਨ। ਕਮਿਸ਼ਨ ਨੇ ਕਿਹਾ ਕਿ ਅਧਿਕਾਰੀ ਪਹਿਲੀ ਮਾਰਚ ਤੋਂ ਰੋਜ਼ਾਨਾ 100 ਕਰੋੜ ਰੁਪਏ ਦੀ ਰਕਮ ਜ਼ਬਤ ਕਰ ਰਹੇ ਹਨ। ਚੋਣ ਕਮਿਸ਼ਨ ਨੇ ਕਿਹਾ ਕਿ ਅਧਿਕਾਰੀਆਂ ਨੇ ਸ਼ੁੱਕਰਵਾਰ ਤੋਂ ਲੋਕ ਸਭਾ ਚੋਣਾਂ ਲਈ ਵੋਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ 4,650 ਕਰੋੜ ਰੁਪਏ ਜ਼ਬਤ ਕਰ ਲਏ ਹਨ, ਜੋ 2019 ਦੀਆਂ ਲੋਕ ਸਭਾ ਚੋਣਾਂ ਵਿਚ ਕੀਤੀ ਗਈ ਕੁੱਲ ਜ਼ਬਤ ਰਾਸ਼ੀ ਤੋਂ ਵੱਧ ਹਨ। ਪਿਛਲੀਆਂ ਚੋਣਾਂ ਦੌਰਾਨ 3,475 ਕਰੋੜ ਰੁਪਏ ਜ਼ਬਤ ਕੀਤੇ ਗਏ ਸਨ। ਕੁੱਲ 4,658 ਕਰੋੜ ਰੁਪਏ ਦੀ ਜ਼ਬਤੀ ਵਿਚ 395 ਕਰੋੜ ਰੁਪਏ ਤੋਂ ਵੱਧ ਦੀ ਨਕਦੀ, ਜਦਕਿ 489 ਕਰੋੜ ਰੁਪਏ ਤੋਂ ਵੱਧ ਦੀ ਸ਼ਰਾਬ ਬਰਾਮਦ ਕੀਤੀ ਗਈ ਹੈ। ਅਹਿਮ ਤੱਥ ਇਹ ਹੈ ਕਿ ਇਸ ਵਿਚ 45 ਫੀਸਦੀ ਨਸ਼ੀਲੇ ਪਦਾਰਥ (2,069 ਕਰੋੜ ਰੁਪਏ) ਸ਼ਾਮਲ ਹਨ।

## ਵਿਦੇਸ਼ ਮੰਤਰਾਲੇ ਵੱਲੋਂ ਭਾਰਤੀਆਂ ਨੂੰ ਇਰਾਨ ਤੇ ਇਜ਼ਰਾਈਲ ਨਾ ਜਾਣ ਦੀ ਸਲਾਹ


**ਨਵੀਂ ਦਿੱਲੀ, (ਪੰਜਾਬ ਮੇਲ)-** ਇਰਾਨ ਤੇ ਇਜ਼ਰਾਈਲ ਵਿਚਾਲੇ ਤਾਜ਼ਾ ਸਬੰਧਾਂ ਦੇ ਮੱਦੇਨਜ਼ਰ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਸਾਰੇ ਭਾਰਤੀਆਂ ਨੂੰ ਅਗਲੇ ਨੋਟਿਸ ਤੱਕ ਇਰਾਨ ਜਾਂ ਇਜ਼ਰਾਈਲ ਦੀ ਯਾਤਰਾ ਨਾ ਕਰਨ ਦੀ ਸਲਾਹ ਦਿੱਤੀ ਹੈ। ਮੰਤਰਾਲੇ ਨੇ ਇਨ੍ਹਾਂ ਦੋਵਾਂ ਮੁਲਕਾਂ ਵਿਚ ਰਹਿਣ ਵਾਲੇ ਸਾਰੇ ਭਾਰਤੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਉਥੋਂ ਦੇ ਸਫ਼ਾਰਤਖਾਨਿਆਂ ਨਾਲ ਸੰਪਰਕ ਕਰਨ ਅਤੇ ਆਪਣੇ ਆਪ ਨੂੰ ਰਜਿਸਟਰ ਕਰਾਉਣ। ਇਸ ਦੇ ਨਾਲ ਮੰਤਰਾਲੇ ਨੇ ਕਿਹਾ ਹੈ ਕਿ ਇਨ੍ਹਾਂ ਮੁਲਕਾਂ ਵਿਚ ਰਹਿ ਰਹੇ ਭਾਰਤੀ ਆਪਣੀ ਸੁਰੱਖਿਆ ਸਬੰਧੀ ਕਿਸੇ ਤਰ੍ਹਾਂ ਦੀ ਕੁਤਾਹੀ ਨਾ ਵਰਤਣ ਤੇ ਚੌਕਸ ਰਹਿਣ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਲੋਕ ਸਭਾ ਚੋਣਾਂ ਦੇ ਇਤਿਹਾਸ 'ਚ ਇਸ ਵਾਰ ਸਭ ਤੋਂ ਘੱਟ ਉਮੀਦਵਾਰ ਉਤਾਰੇਗੀ ਕਾਂਗਰਸ

**ਨਵੀਂ ਦਿੱਲੀ, (ਪੰਜਾਬ ਮੇਲ)-** ਦੇਸ਼ ਦੀ ਸੱਤਾ 'ਤੇ ਸਭ ਤੋਂ ਵੱਧ ਸਮੇਂ ਤੱਕ ਕਾਬਜ਼ ਰਹਿਣ ਵਾਲੀ ਸਭ ਤੋਂ ਪੁਰਾਣੀ ਪਾਰਟੀ ਕਾਂਗਰਸ ਇਸ ਲੋਕ ਸਭਾ ਚੋਣਾਂ ਵਿਚ ਆਜ਼ਾਦੀ ਤੋਂ ਬਾਅਦ ਸਭ ਤੋਂ ਘੱਟ ਸੀਟਾਂ 'ਤੇ ਆਪਣੇ ਉਮੀਦਵਾਰ ਉਤਾਰਨ ਜਾ ਰਹੀ ਹੈ। ਕਾਂਗਰਸ ਨੇ ਅਜੇ ਤੱਕ 27 ਸੂਬਿਆਂ ਅਤੇ ਹੋਰ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ 272 ਉਮੀਦਵਾਰਾਂ ਦੇ ਨਾਂ ਦਾ ਐਲਾਨ ਕੀਤਾ ਹੈ, ਜਦਕਿ ਹਰਿਆਣਾ ਦੀਆਂ 9, ਪੰਜਾਬ ਦੀਆਂ 7, ਹਿਮਾਚਲ ਪ੍ਰਦੇਸ਼ ਦੀਆਂ 2 ਸੀਟਾਂ, ਬਿਹਾਰ, ਆਂਧਰਾ ਪ੍ਰਦੇਸ਼, ਪੱਛਮੀ ਬੰਗਾਲ ਦੀਆਂ ਕੁਝ ਸੀਟਾਂ, ਉੱਤਰ ਪ੍ਰਦੇਸ਼ ਵਿਚ ਰਾਏਬਰੇਲੀ ਅਤੇ ਅਮੇਠੀ 'ਤੇ ਉਮੀਦਵਾਰਾਂ ਦਾ ਐਲਾਨ ਕੀਤਾ ਜਾਣਾ ਬਾਕੀ ਹੈ।

ਕੁੱਲ ਮਿਲਾ ਕੇ ਇਨ੍ਹਾਂ ਚੋਣਾਂ ਵਿਚ ਕਾਂਗਰਸ ਦੇ ਉਮੀਦਵਾਰਾਂ ਦੀ ਗਿਣਤੀ 325 ਜਾਂ 330 ਦੇ ਕਰੀਬ ਪਹੁੰਚ ਸਕਦੀ ਹੈ। ਇਹ ਗਿਣਤੀ ਦੇਸ਼ ਦੇ ਚੋਣ ਇਤਿਹਾਸ ਵਿਚ ਸਭ ਤੋਂ ਘੱਟ ਹੋਵੇਗੀ। ਇਸ ਤੋਂ ਪਹਿਲਾਂ 2004 ਦੀਆਂ ਚੋਣਾਂ ਵਿਚ ਕਾਂਗਰਸ ਨੇ 417 ਸੀਟਾਂ 'ਤੇ ਉਮੀਦਵਾਰ ਖੜ੍ਹੇ ਕੀਤੇ ਸਨ ਅਤੇ ਇਹ ਪਾਰਟੀ ਵੱਲੋਂ ਉਤਾਰੇ ਗਏ ਹੁਣ ਤੱਕ ਦੇ ਸਭ ਤੋਂ ਘੱਟ ਉਮੀਦਵਾਰ ਸਨ।

ਪਿਛਲੀਆਂ ਚੋਣਾਂ ਵਿਚ ਕਾਂਗਰਸ ਨੇ 421 ਸੀਟਾਂ 'ਤੇ ਆਪਣੇ ਉਮੀਦਵਾਰ ਉਤਾਰੇ ਸਨ ਅਤੇ ਉਸਨੂੰ ਸਿਰਫ 52 ਸੀਟਾਂ 'ਤੇ ਜਿੱਤ ਹਾਸਲ ਹੋਈ ਸੀ, ਜਦੋਂ ਕਿ 2014 ਵਿਚ ਪਾਰਟੀ ਨੇ 440 ਸੀਟਾਂ 'ਤੇ ਚੋਣਾਂ ਲੜੀਆਂ ਸਨ ਅਤੇ ਉਸਨੂੰ 44 ਸੀਟਾਂ ਹੀ ਹਾਸਲ ਹੋਈਆਂ ਸਨ, 2009 ਵਿਚ ਪਾਰਟੀ ਨੇ 440 ਸੀਟਾਂ 'ਤੇ ਉਮੀਦਵਾਰ ਮੈਦਾਨ ਵਿਚ ਉਤਾਰੇ ਸਨ ਅਤੇ ਉਸਨੂੰ 206 ਸੀਟਾਂ ਹਾਸਲ ਹੋਈਆਂ ਸਨ।

ਭਾਵੇਂ 1989 ਤੋਂ ਲੈ ਕੇ 1999 ਤੱਕ ਦੇਸ਼ ਵਿਚ ਗੱਠਜੋੜ ਦਾ ਦੌਰ ਰਿਹਾ ਪਰ ਇਸ ਦੌਰਾਨ ਵੀ ਕਾਂਗਰਸ ਦੇ ਉਮੀਦਵਾਰਾਂ ਦੀ ਗਿਣਤੀ ਵਿਚ ਕਮੀ ਨਹੀਂ ਆਈ ਅਤੇ 1989 ਅਤੇ 1991 ਵਿਚ 510 ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕੀਤੇ ਸਨ, ਜਦੋਂਕਿ 1996 ਵਿਚ 529 ਅਤੇ 1999 ਵਿਚ 435 ਉਮੀਦਵਾਰਾਂ ਨੂੰ ਮੈਦਾਨ ਵਿਚ ਉਤਾਰਿਆ ਗਿਆ ਸੀ। ਕਾਂਗਰਸ ਦੇ ਇੰਡੀਆ ਅਲਾਇੰਸ ਦਾ ਹਿੱਸਾ ਹੋਣ ਕਾਰਨ ਇਸ ਵਾਰ ਉਸਦੇ ਖਾਤੇ ਵਿਚ ਬਹੁਤ ਘੱਟ ਸੀਟਾਂ ਆਈਆਂ ਹਨ। ਉੱਤਰ ਪ੍ਰਦੇਸ਼ ਵਿਚ ਕਾਂਗਰਸ ਨੇ ਪਿਛਲੀ ਵਾਰ ਯੂ.ਪੀ.ਏ. ਗੱਠਜੋੜ ਦੇ ਤਹਿਤ 67 ਲੋਕ ਸਭਾ ਸੀਟਾਂ 'ਤੇ ਚੋਣਾਂ ਲੜੀਆਂ ਸਨ ਪਰ ਇਸ ਵਾਰ ਪਾਰਟੀ ਸਿਰਫ 17 ਸੀਟਾਂ 'ਤੇ ਚੋਣਾਂ ਲੜ ਰਹੀ ਹੈ। ਇਸੇ ਤਰ੍ਹਾਂ ਪੱਛਮੀ ਬੰਗਾਲ ਵਿਚ ਕਾਂਗਰਸ ਪਿਛਲੀਆਂ ਚੋਣਾਂ ਵਿਚ 41 ਉਮੀਦਵਾਰਾਂ ਦੇ ਮੁਕਾਬਲੇ 20, ਮਹਾਰਾਸ਼ਟਰ ਵਿਚ ਪਿਛਲੀਆਂ ਚੋਣਾਂ ਦੀਆਂ 25 ਸੀਟਾਂ ਦੇ ਮੁਕਾਬਲੇ 8 ਸੀਟਾਂ 'ਤੇ ਚੋਣਾਂ ਲੜ ਰਹੀ ਹੈ।

ਰੋਜ਼ਾਨਾ ਖਬਰਾਂ ਪੜ੍ਹਨ ਲਈ ਕਲਿੱਕ ਕਰੋ :
www.punjabmailusa.com

# ਸੁਪਰੀਮ ਕੋਰਟ ਤੇ ਹਾਈਕੋਰਟ ਦੇ 21 ਸੇਵਾਮੁਕਤ ਜੱਜਾਂ ਵੱਲੋਂ ਚੀਫ਼ ਜਸਟਿਸ ਨੂੰ ਪੱਤਰ

## ਨਿਆਂਪਾਲਿਕਾ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ 'ਤੇ ਚਿੰਤਾ ਜ਼ਾਹਿਰ

**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਤੇ ਹਾਈ ਕੋਰਟਾਂ ਦੇ 21 ਸੇਵਾਮੁਕਤ ਜੱਜਾਂ ਦੇ ਸਮੂਹ ਨੇ ਭਾਰਤ ਦੇ ਚੀਫ ਜਸਟਿਸ ਨੂੰ ਇਕ ਪੱਤਰ ਲਿਖ ਕੇ 'ਕੁਝ ਧਿਰਾਂ ਵੱਲੋਂ ਸੋਚੇ ਸਮਝੇ ਦਬਾਅ, ਗਲਤ ਜਾਣਕਾਰੀ ਤੇ ਜਨਤਕ ਅਪਮਾਨ' ਜ਼ਰੀਏ ਨਿਆਂਪਾਲਿਕਾ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ 'ਤੇ ਫਿਕਰ ਜਤਾਇਆ ਹੈ। ਉਨ੍ਹਾਂ ਕਿਹਾ ਕਿ ਇਹ ਆਲੋਚਕ ਸੌੜੇ ਸਿਆਸੀ ਹਿੱਤਾਂ ਤੇ ਨਿੱਜੀ ਮੁਫਾਦਾਂ ਖਾਤਰ ਨਿਆਂਇਕ ਪ੍ਰਬੰਧ ਵਿਚ ਲੋਕਾਂ ਦੇ ਭਰੋਸੇ ਨੂੰ ਢਾਹ ਲਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਇਨ੍ਹਾਂ ਸੇਵਾਮੁਕਤ ਜੱਜਾਂ, ਜਿਨ੍ਹਾਂ ਵਿਚੋਂ ਚਾਰ ਸੁਪਰੀਮ ਕੋਰਟ ਨਾਲ ਸਬੰਧਤ ਹਨ, ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਉਨ੍ਹਾਂ ਕਿਹੜੀਆਂ ਘਟਨਾਵਾਂ ਦੇ ਹਵਾਲੇ ਨਾਲ ਸੀ.ਜੇ.ਆਈ. ਨੂੰ ਇਹ ਪੱਤਰ ਲਿਖਿਆ ਹੈ।

ਸੇਵਾਮੁਕਤ ਜੱਜਾਂ ਨੇ ਇਹ ਪੱਤਰ ਅਜਿਹੇ ਮੌਕੇ ਲਿਖਿਆ ਹੈ, ਜਦੋਂ ਭ੍ਰਿਸ਼ਟਾਚਾਰ ਕੇਸਾਂ ਵਿਚ ਕੁਝ ਵਿਰੋਧੀ ਧਿਰਾਂ ਦੇ ਆਗੂਆਂ ਖਿਲਾਫ਼ ਕਾਰਵਾਈ ਨੂੰ ਲੈ ਕੇ ਸੱਤਾਧਾਰੀ ਭਾਜਪਾ ਤੇ ਵਿਰੋਧੀ ਪਾਰਟੀਆਂ ਦਰਮਿਆਨ ਸ਼ਬਦੀ ਜੰਗ ਜਾਰੀ ਹੈ। ਪੀੜਤ ਆਗੂ ਤੇ ਉਨ੍ਹਾਂ ਦੀਆਂ ਪਾਰਟੀਆਂ ਰਾਹਤ ਦੀ ਮੰਗ ਨੂੰ ਲੈ ਕੇ ਕੋਰਟਾਂ ਦੇ ਦਰ ਖੜਕਾ ਰਹੀਆਂ ਹਨ ਪਰ ਭਾਜਪਾ ਨੇ ਅਕਸਰ ਉਨ੍ਹਾਂ 'ਤੇ ਨਿਆਂਇਕ ਫੈਸਲਿਆਂ ਨੂੰ ਚੋਣਵੇਂ ਢੰਗ ਨਾਲ ਵਰਤਣ ਦਾ ਦੋਸ਼ ਲਗਾਇਆ ਹੈ ਅਤੇ ਵਿਰੋਧੀ ਧਿਰ ਦੀ ਆਲੋਚਨਾ ਨੂੰ ਖਾਰਜ ਕਰਨ ਲਈ ਕਈ ਗ੍ਰਿਫ਼ਤਾਰ ਨੇਤਾਵਾਂ ਲਈ ਰਾਹਤ ਦੀ ਘਾਟ ਦਾ ਹਵਾਲਾ ਦਿੱਤਾ ਹੈ।

ਸੇਵਾਮੁਕਤ ਜੱਜਾਂ, ਜਿਨ੍ਹਾਂ ਵਿਚ ਜਸਟਿਸ ਦੀਪਕ ਵਰਮਾ, ਜਸਟਿਸ ਦੀਪਕ ਮੁਰਾਰੀ, ਜਸਟਿਸ ਦਿਨੇਸ਼ ਮਹੇਸ਼ਵਰੀ ਤੇ ਜਸਟਿਸ ਐੱਮ.ਆਰ. ਸ਼ਾਹ ਵੀ ਸ਼ਾਮਲ ਸਨ, ਨੇ ਦੋਸ਼ ਲਾਇਆ ਕਿ ਆਲੋਚਕ ਕਪਟੀ ਤਰੀਕਿਆਂ ਨਾਲ ਕੋਰਟਾਂ ਤੇ ਜੱਜਾਂ ਦੀ ਇਮਾਨਦਾਰੀ/ਦਿਆਨਤਦਾਰੀ ਬਾਰੇ ਸ਼ੰਕੇ ਖੜ੍ਹੇ ਕਰਕੇ ਨਿਆਂਇਕ ਅਮਲ ਨੂੰ ਅਸਰਅੰਦਾਜ਼ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਇਨ੍ਹਾਂ ਜੱਜਾਂ ਨੇ 'ਨਿਆਂਪਾਲਿਕਾ ਨੂੰ ਗੈਰ-ਵਾਜਬ ਦਬਾਅ ਤੋਂ ਬਚਾਉਣ ਦੀ ਲੋੜ' ਸਿਰਲੇਖ ਵਾਲੇ ਪੱਤਰ ਵਿਚ ਕਿਹਾ, "ਅਜਿਹੀਆਂ ਕਾਰਵਾਈਆਂ ਨਾਲ ਨਾ ਸਿਰਫ਼ ਸਾਡੀ ਨਿਆਂਪਾਲਿਕਾ ਦੇ ਆਦਰ-ਮਾਣ ਦਾ ਨਿਰਾਦਰ ਹੁੰਦਾ ਹੈ, ਬਲਕਿ ਇਹ ਬੇਦਾਗ਼ ਤੇ ਨਿਰਪੱਖਤਾ ਦੇ ਸਿਧਾਂਤ, ਜਿਸ ਨੂੰ ਜੱਜ ਕਾਨੂੰਨ ਦੇ ਰਾਖੇ ਹੋਣ ਦੇ ਨਾਤੇ ਕਾਇਮ ਰੱਖਣ ਦੀ ਸਹੁੰ ਚੁੱਕਦੇ ਹਨ, ਲਈ ਸਿੱਧੀ ਚੁਣੌਤੀ ਖੜ੍ਹੀ ਕਰਦੀ ਹੈ।" ਉਨ੍ਹਾਂ ਕਿਹਾ ਕਿ ਇਨ੍ਹਾਂ ਸਮੂਹਾਂ ਵੱਲੋਂ ਅਪਣਾਈ ਰਣਨੀਤੀ ਪ੍ਰੇਸ਼ਾਨ ਕਰਨ ਵਾਲੀ ਤੇ ਨਿਆਂਪਾਲਿਕਾ ਦੀ ਸਾਖ਼ ਨੂੰ ਢਾਹ ਲਾਉਣ ਵਾਲੀ ਅਤੇ ਆਪਣੇ ਹੱਕ ਵਿਚ ਨਿਆਂਇਕ ਫੈਸਲਿਆਂ ਨੂੰ ਅਸਰਅੰਦਾਜ਼ ਕਰਨ ਦੀ ਲੁਕਵੀਂ ਕੋਸ਼ਿਸ਼ ਹੈ।

ਸੇਵਾਮੁਕਤ ਜੱਜਾਂ ਨੇ ਅੱਗੇ ਲਿਖਿਆ, "ਅਸੀਂ ਦੇਖਦੇ ਹਾਂ ਕਿ ਇਹ ਰਵੱਈਆ ਖਾਸ ਤੌਰ 'ਤੇ ਸਮਾਜਿਕ, ਆਰਥਿਕ ਤੇ ਸਿਆਸੀ ਅਹਿਮੀਅਤ ਵਾਲੇ ਮਾਮਲਿਆਂ ਤੇ ਕਾਰਨਾਂ ਵਿਚ ਸਪੱਸ਼ਟ ਹੁੰਦਾ ਹੈ, ਜਿਸ ਵਿਚ ਕੁਝ ਵਿਅਕਤੀਆਂ ਨਾਲ ਜੁੜੇ ਮਾਮਲੇ ਸ਼ਾਮਲ ਹਨ, ਜਿਸ ਵਿਚ ਵਕਾਲਤ ਤੇ ਨਿਆਂਇਕ ਆਜ਼ਾਦੀ ਵਿਚਲੀਆਂ ਲਕੀਰਾਂ ਨੁਕਸਾਨ ਪਹੁੰਚਾਉਣ ਲਈ ਧੁੰਦਲੀਆਂ ਹੁੰਦੀਆਂ ਹਨ।' ਪੱਤਰ ਲਿਖਣ ਵਾਲਿਆਂ ਨੇ ਕਿਹਾ ਕਿ ਉਹ ਵਿਸ਼ੇਸ਼ ਤੌਰ 'ਤੇ ਗੁਮਰਾਹ ਕਰਨ ਦੀਆਂ ਜੁਗਤਾਂ ਤੇ ਨਿਆਂਪਾਲਿਕਾ ਵਿਰੁੱਧ ਜਨਤਕ ਭਾਵਨਾਵਾਂ ਭੜਕਾਉਣ ਬਾਰੇ ਚਿੰਤਤ ਹਨ।

# ਲੁਧਿਆਣਾ 'ਚੋਂ ਕਾਂਗਰਸ ਪਾਰਟੀ ਸਭ ਤੋਂ ਵੱਧ 8 ਵਾਰ ਜਿੱਤੀ ਲੋਕ ਸਭਾ ਚੋਣ



**ਲੁਧਿਆਣਾ, (ਪੰਜਾਬ ਮੇਲ)-** ਸਨਅਤੀ ਸ਼ਹਿਰ ਲੁਧਿਆਣਾ ਨਾ ਸਿਰਫ ਹੌਜ਼ਰੀ ਅਤੇ ਹੋਰ ਉਦਯੋਗਿਕ ਇਕਾਈਆਂ ਕਰਕੇ ਆਪਣੀ ਪਛਾਣ ਬਣਾ ਚੁੱਕਿਆ ਹੈ, ਸਗੋਂ ਲੋਕ ਸਭਾ ਚੋਣਾਂ ਕਰਕੇ ਰਾਜਸੀ ਪਾਰਟੀਆਂ ਲਈ ਵੀ ਅਣਖ ਦਾ ਸਵਾਲ ਬਣਿਆ ਹੋਇਆ ਹੈ। ਸਾਲ 1967 ਤੋਂ 2019 ਤੱਕ ਹੋਈਆਂ 14 ਲੋਕ ਸਭਾ ਚੋਣਾਂ ਵਿਚੋਂ ਸਭ ਤੋਂ ਵੱਧ 8 ਵਾਰ ਜਿੱਤ ਕਾਂਗਰਸ ਪਾਰਟੀ ਦੇ ਉਮੀਦਵਾਰ ਦੇ ਹਿੱਸੇ ਆਈ। ਇਸ ਤੋਂ ਸਪੱਸ਼ਟ ਹੈ ਕਿ ਇਹ ਸੀਟ ਜਿੱਤਣ ਲਈ ਕਾਂਗਰਸ ਪਾਰਟੀ ਵੱਡੀ ਦਾਅਵੇਦਾਰ ਹੈ ਪਰ ਦੂਜੇ ਪਾਸੇ ਭਾਜਪਾ ਅਤੇ 'ਆਪ' ਨੂੰ ਅਜੇ ਤੱਕ ਇੱਥੋਂ ਖਾਤਾ ਖੋਲ੍ਹਣ ਦਾ ਮੌਕਾ ਵੀ ਨਹੀਂ ਮਿਲਿਆ।

ਲੋਕ ਸਭਾ ਚੋਣਾਂ 2024 ਭਾਵੇਂ ਨੇੜੇ ਆ ਗਈਆਂ ਹਨ ਪਰ ਕਾਂਗਰਸ ਅਤੇ 'ਆਪ' ਨੇ ਹਾਲੇ ਤੱਕ ਇੱਥੋਂ ਆਪਣੇ ਉਮੀਦਵਾਰਾਂ ਦਾ ਐਲਾਨ ਨਹੀਂ ਕੀਤਾ। ਇਸ ਵਾਰ ਉਮੀਦਵਾਰ ਦਾ ਐਲਾਨ ਕਰਨ ਵਿਚ ਭਾਜਪਾ ਨੇ ਬਾਜ਼ੀ ਮਾਰ ਲਈ ਹੈ। ਲੁਧਿਆਣਾ ਤੋਂ ਦੋ ਵਾਰ ਕਾਂਗਰਸ ਪਾਰਟੀ ਵੱਲੋਂ ਐੱਮ.ਪੀ. ਬਣੇ ਰਵਨੀਤ ਸਿੰਘ ਬਿੱਟੂ ਦੇ ਭਾਜਪਾ ਵਿਚ ਸ਼ਾਮਲ ਹੋ ਕੇ ਇੱਥੋਂ ਹੀ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਬਣਨ ਕਰਕੇ ਕਾਂਗਰਸ ਤਕੜੇ ਉਮੀਦਵਾਰ ਦੀ ਭਾਲ ਵਿਚ ਹੈ। ਦੂਜੇ ਪਾਸੇ ਚਰਚਾ ਹੈ ਕਿ ਪੰਜਾਬ ਦੀ ਸੱਤਾਧਾਰੀ ਪਾਰਟੀ 'ਆਪ' ਦੀ ਨਜ਼ਰ ਕਾਂਗਰਸ 'ਤੇ ਟਿਕੀ ਹੋਈ ਹੈ ਕਿ ਉਹ ਕਿਸ ਉਮੀਦਵਾਰ ਨੂੰ ਇੱਥੋਂ ਮੈਦਾਨ ਵਿਚ ਉਤਾਰਦੀ ਹੈ। ਉਸ ਉਮੀਦਵਾਰ ਨੂੰ ਦੇਖ ਕੇ ਹੀ 'ਆਪ' ਆਪਣੇ ਪੱਤੇ ਖੋਲ੍ਹੇਗੀ। ਇੱਥੇ 1967 ਤੋਂ 2019 ਤੱਕ ਹੋਈਆਂ ਲੋਕ ਸਭਾ ਚੋਣਾਂ ਵਿਚੋਂ ਕਾਂਗਰਸ ਪਾਰਟੀ ਦੇ ਹਿੱਸੇ 8 ਜਿੱਤਾਂ, ਸ਼੍ਰੋਮਣੀ ਅਕਾਲੀ ਦਲ ਦੇ ਹਿੱਸੇ 5, ਜਦਕਿ 1989 ਵਾਲੀ ਲੋਕ ਸਭਾ ਸੀਟ ਸ਼੍ਰੋਮਣੀ ਅਕਾਲੀ ਦਲ ਮਾਨ ਦੀ ਉਮੀਦਵਾਰ ਰਾਜਿੰਦਰ ਕੌਰ ਬੁਲਾਰਾ ਦੇ ਹਿੱਸੇ ਆਈ ਸੀ। ਸਾਲ 2019 ਦੀਆਂ ਲੋਕ ਸਭਾ ਚੋਣਾਂ ਵਿਚ ਲੁਧਿਆਣਾ ਤੋਂ ਕਾਂਗਰਸ ਦੇ ਰਵਨੀਤ ਸਿੰਘ ਬਿੱਟੂ ਐੱਮ.ਪੀ. ਬਣੇ ਸਨ। ਉਸ ਸਮੇਂ ਕਾਂਗਰਸ ਨੂੰ 37 ਫ਼ੀਸਦੀ ਤੋਂ ਵੱਧ, ਅਕਾਲੀ ਦਲ ਨੂੰ 28 ਫੀਸਦੀ ਤੋਂ ਵੱਧ, ਲੋਕ ਇਨਸਾਫ ਪਾਰਟੀ ਨੂੰ 29.7 ਫ਼ੀਸਦੀ ਵੋਟਾਂ ਮਿਲੀਆਂ ਸਨ, ਜਦਕਿ 'ਆਪ' ਅਤੇ ਭਾਜਪਾ ਆਦਿ ਪਾਰਟੀਆਂ ਕਾਫੀ ਪਛੜ ਗਈਆਂ ਸਨ। ਇਸ ਵਾਰ ਸੂਬੇ ਵਿਚ ਸੱਤਾ 'ਆਪ' ਪਾਰਟੀ ਕੋਲ ਹੈ ਅਤੇ ਲੁਧਿਆਣਾ ਤੋਂ ਇਸ ਪਾਰਟੀ ਦੇ ਅੱਠ ਵਿਧਾਇਕ ਹਨ।

# ਅੰਮ੍ਰਿਤਸਰ 'ਚ ਇਸ ਵਾਰ ਬਹੁਕੋਨੀ ਮੁਕਾਬਲਾ ਹੋਣ ਦੇ ਆਸਾਰ



**ਅੰਮ੍ਰਿਤਸਰ, (ਪੰਜਾਬ ਮੇਲ)-** ਅੰਮ੍ਰਿਤਸਰ ਲੋਕ ਸਭਾ ਹਲਕੇ ਵਾਸਤੇ ਕਾਂਗਰਸ ਵੱਲੋਂ ਆਪਣੇ ਉਮੀਦਵਾਰ ਦਾ ਐਲਾਨ ਕੀਤੇ ਜਾਣ ਮਗਰੋਂ ਸਿਆਸਤ ਗਰਮਾ ਗਈ ਹੈ। ਇਸ ਹਲਕੇ ਤੋਂ ਭਾਜਪਾ ਨੇ ਤਰਨਜੀਤ ਸਿੰਘ ਸੰਧੂ, 'ਆਪ' ਨੇ ਕੁਲਦੀਪ ਸਿੰਘ ਧਾਲੀਵਾਲ, ਕਾਂਗਰਸ ਨੇ ਮੌਜੂਦਾ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ, ਸ਼੍ਰੋਮਣੀ ਅਕਾਲੀ ਦਲ ਨੇ ਸਾਬਕਾ ਮੰਤਰੀ ਅਨਿਲ ਜੋਸ਼ੀ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸਿਮਰਨਜੀਤ ਸਿੰਘ ਮਾਨ ਦਾ ਪੁੱਤਰ ਇਮਾਨ ਸਿੰਘ ਮਾਨ ਚੋਣ ਮੈਦਾਨ 'ਚ ਉਤਾਰਿਆ ਹੈ। ਖੱਬੇ ਪੱਖੀ ਧਿਰਾਂ ਵੱਲੋਂ ਹਾਲੇ ਆਪਣਾ ਉਮੀਦਵਾਰ ਐਲਾਨਿਆ ਜਾਣਾ ਬਾਕੀ ਹੈ। ਇਸ ਵਾਰ ਅੰਮ੍ਰਿਤਸਰ ਹਲਕੇ ਵਿਚ ਬਹੁਕੋਨੀ ਮੁਕਾਬਲਾ ਹੋਣ ਕਾਰਨ ਕਿਸੇ ਵੀ ਪਾਰਟੀ ਦੇ ਉਮੀਦਵਾਰ ਲਈ ਜਿੱਤਣਾ ਸੌਖਾ ਨਹੀਂ ਹੋਵੇਗਾ। ਕਾਂਗਰਸ ਦੇ ਉਮੀਦਵਾਰ ਗੁਰਜੀਤ ਸਿੰਘ ਔਜਲਾ ਭਾਵੇਂ ਦੋ ਵਾਰ ਪਹਿਲਾਂ ਜਿੱਤ ਚੁੱਕੇ ਹਨ ਪਰ ਇਸ ਵਾਰ ਕਾਂਗਰਸ ਦੀ ਮੌਜੂਦਾ ਹਾਲਤ ਅਤੇ ਆਪਸੀ ਖਿੱਚੋਤਾਣ ਉਸ ਲਈ ਵੱਡੀ ਚੁਣੌਤੀ ਸਾਬਤ ਹੋਵੇਗੀ। ਔਜਲਾ ਨੇ 2017 ਵਿਚ ਉਪ ਚੋਣ ਵਿਚ 5 ਲੱਖ 8 ਹਜ਼ਾਰ, ਜਦਕਿ 2019 ਵਿਚ 4 ਲੱਖ 45 ਹਜ਼ਾਰ ਵੋਟਾਂ ਪ੍ਰਾਪਤ ਕੀਤੀਆਂ ਸਨ। ਅਕਾਲੀ-ਭਾਜਪਾ ਗੱਠਜੋੜ ਵੇਲੇ ਅੰਮ੍ਰਿਤਸਰ ਹਲਕੇ ਦੀ ਸੀਟ ਵਧੇਰੇ ਕਰਕੇ ਭਾਜਪਾ ਦੇ ਹਿੱਸੇ ਆਉਂਦੀ ਰਹੀ ਹੈ। ਭਾਜਪਾ ਵੱਲੋਂ ਨਵਜੋਤ ਸਿੰਘ ਸਿੱਧੂ ਨੇ 2004, 2007 ਤੇ 2009 ਵਿਚ ਇਸ ਹਲਕੇ ਤੋਂ ਜਿੱਤ ਪ੍ਰਾਪਤ ਕੀਤੀ ਸੀ ਪਰ ਸਿੱਧੂ ਅਤੇ ਅਕਾਲੀ ਦਲ ਵਿਚਾਲੇ ਖਟਾਸ ਪੈਦਾ ਹੋਣ ਤੋਂ ਬਾਅਦ 2014, 2017 ਅਤੇ 2019 ਵਿਚ ਭਾਜਪਾ ਦੇ ਵੱਡੇ ਆਗੂ ਅਰੁਣ ਜੇਤਲੀ ਤੇ ਹਰਦੀਪ ਸਿੰਘ ਪੁਰੀ ਚੋਣ ਨਹੀਂ ਜਿੱਤ ਸਕੇ ਅਤੇ ਇਸ ਸੀਟ 'ਤੇ ਕਾਂਗਰਸ ਦਾ ਕਬਜ਼ਾ ਹੋ ਗਿਆ। ਇਸ ਵਾਰ ਅਕਾਲੀ-ਭਾਜਪਾ ਗੱਠਜੋੜ ਟੁੱਟਣ ਤੋਂ ਬਾਅਦ ਦੋਵੇਂ ਧਿਰਾਂ ਵੱਖ-ਵੱਖ ਚੋਣਾਂ ਲੜ ਰਹੀਆਂ ਹਨ, ਜਿਸ ਕਾਰਨ ਦੋਵਾਂ ਧਿਰਾਂ ਦੀਆਂ ਵੋਟਾਂ ਵੰਡੀਆਂ ਜਾਣਗੀਆਂ। ਜਦੋਂ ਦੋਵੇਂ ਪਾਰਟੀਆਂ ਇਕੱਠੇ ਚੋਣਾਂ ਲੜਦੀਆਂ ਸਨ, ਤਾਂ 30 ਤੋਂ 50 ਫੀਸਦੀ ਤੱਕ ਵੋਟਾਂ ਪ੍ਰਾਪਤ ਕਰਦੀਆਂ ਰਹੀਆਂ ਹਨ ਪਰ ਇਸ ਵਾਰ ਸਥਿਤੀ ਹੋਰ ਹੋਵੇਗੀ। ਦੋਵਾਂ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਆਪੋ-ਆਪਣਾ ਵੋਟ ਬੈਂਕ ਵਧਾਉਣ ਵਾਸਤੇ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ। ਸ਼੍ਰੋਮਣੀ ਅਕਾਲੀ ਦਲ ਦੇ ਅਨਿਲ ਜੋਸ਼ੀ ਪਹਿਲਾਂ ਦੋ ਵਾਰ ਪੰਜਾਬ ਵਜ਼ਾਰਤ ਵਿਚ ਮੰਤਰੀ ਰਹਿ ਚੁੱਕੇ ਹਨ ਅਤੇ ਉਨ੍ਹਾਂ ਦਾ ਅੰਮ੍ਰਿਤਸਰ ਉੱਤਰੀ ਹਲਕੇ ਵਿਚ ਚੰਗਾ ਆਧਾਰ ਹੈ। ਉਹ ਭਾਜਪਾ ਤੋਂ ਸ਼੍ਰੋਮਣੀ ਅਕਾਲੀ ਦਲ ਵਿਚ ਆਏ ਹਨ, ਇਸ ਲਈ ਅਕਾਲੀ ਵੋਟ ਬੈਂਕ ਨੂੰ ਆਪਣੇ ਨਾਲ ਜੋੜਨਾ ਉਨ੍ਹਾਂ ਵਾਸਤੇ ਚੁਣੌਤੀ ਹੋਵੇਗੀ। ਭਾਜਪਾ ਨੇ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਨੂੰ ਮੈਦਾਨ ਵਿਚ ਉਤਾਰਿਆ ਹੈ, ਜੋ ਮਰਹੂਮ ਤੇਜਾ ਸਿੰਘ ਸਮੁੰਦਰੀ ਦੇ ਪੋਤਰੇ ਹਨ। ਉਨ੍ਹਾਂ ਦੇ ਪਿਤਾ ਬਿਸ਼ਨ ਸਿੰਘ ਸਮੁੰਦਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਰਹਿ ਚੁੱਕੇ ਹਨ। ਉਨ੍ਹਾਂ ਦਾ ਜੱਦੀ ਘਰ ਵੀ ਇੱਥੇ ਹੀ ਹੈ ਪਰ ਇਸ ਵੇਲੇ ਉਨ੍ਹਾਂ ਨੂੰ ਇਹ ਸਾਬਤ ਕਰਨਾ ਪੈ ਰਿਹਾ ਹੈ ਕਿ ਉਹ ਬਾਹਰੋਂ ਨਹੀਂ ਆਏ, ਸਗੋਂ ਅੰਮ੍ਰਿਤਸਰ ਦੇ ਵਸਨੀਕ ਹੀ ਹਨ। ਭਾਜਪਾ ਦਾ ਦਿਹਾਤੀ ਖੇਤਰ ਵਿਚ ਕੋਈ ਖਾਸ ਆਧਾਰ ਨਹੀਂ ਹੈ, ਜਿਸ ਕਰਕੇ ਦਿਹਾਤੀ ਖੇਤਰ ਦੀ ਵੋਟ ਪ੍ਰਾਪਤ ਕਰਨਾ ਉਨ੍ਹਾਂ ਲਈ ਵੱਡੀ ਚੁਣੌਤੀ ਹੋਵੇਗੀ। ਆਮ ਆਦਮੀ ਪਾਰਟੀ ਵੱਲੋਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਮੁੜ ਸੰਸਦ ਚੋਣਾਂ ਲਈ ਉਮੀਦਵਾਰ ਬਣਾਇਆ ਗਿਆ ਹੈ। ਉਨ੍ਹਾਂ 2019 ਵਿਚ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਲਈ ਚੋਣ ਲੜੀ ਸੀ ਅਤੇ ਸਿਰਫ 20 ਹਜ਼ਾਰ ਵੋਟਾਂ ਪ੍ਰਾਪਤ ਕੀਤੀਆਂ ਸਨ। ਭਾਵੇਂ ਇਸ ਵੇਲੇ ਉਹ ਪੰਜਾਬ ਵਜ਼ਾਰਤ ਵਿਚ ਕੈਬਨਟ ਮੰਤਰੀ ਹਨ ਅਤੇ ਉਨ੍ਹਾਂ ਦਾ ਚੰਗਾ ਰੁਤਬਾ ਹੈ ਪਰ ਆਮ ਆਦਮੀ ਪਾਰਟੀ ਦਾ ਡਿੱਗਿਆ ਗਰਾਫ ਉਨ੍ਹਾਂ ਲਈ ਵੱਡੀ ਚੁਣੌਤੀ ਹੋਵੇਗਾ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸਿਮਰਨਜੀਤ ਸਿੰਘ ਮਾਨ ਦੇ ਪੁੱਤਰ ਇਮਾਨ ਸਿੰਘ ਮਾਨ ਨੂੰ ਮੈਦਾਨ ਵਿਚ ਉਤਾਰਿਆ ਹੈ।

# ਸਿੱਧੂ ਮੂਸੇਵਾਲਾ ਦੇ ਪਰਿਵਾਰ ਨੂੰ ਲੋਕ ਸਭਾ ਚੋਣ ਲੜਾਉਣ ਲਈ ਮਨਾਉਣ ਲੱਗੇ ਆਗੂ

**ਮਾਨਸਾ, (ਪੰਜਾਬ ਮੇਲ)-** ਬਠਿੰਡਾ ਲੋਕ ਸਭਾ ਹਲਕੇ ਤੋਂ ਕਾਂਗਰਸ ਹਾਈਕਮਾਂਡ ਵੱਲੋਂ ਜੀਤ ਮਹਿੰਦਰ ਸਿੰਘ ਸਿੱਧੂ ਨੂੰ ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਹੁਣ ਇਸ ਖੇਤਰ ਦੇ ਸੈਂਕੜੇ ਨੌਜਵਾਨਾਂ ਵੱਲੋਂ ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਰਿਵਾਰ 'ਚੋਂ ਕਿਸੇ ਵੀ ਜੀਅ ਨੂੰ ਆਜ਼ਾਦ ਉਮੀਦਵਾਰ ਵਜੋਂ ਮੈਦਾਨ ਵਿਚ ਉਤਰਨ ਲਈ ਮਨਾਇਆ ਜਾਣ ਲੱਗਿਆ ਹੈ। ਪਰਿਵਾਰ ਦੇ ਇੱਕ ਨਜ਼ਦੀਕੀ ਮੈਂਬਰ ਦਾ ਕਹਿਣਾ ਹੈ ਕਿ ਕਾਂਗਰਸ ਪਾਰਟੀ ਵੱਲੋਂ ਰਾਹੁਲ ਗਾਂਧੀ ਦਾ ਉਨ੍ਹਾਂ ਨੂੰ ਚੋਣ ਮੈਦਾਨ ਵਿਚ ਉਤਰਨ ਲਈ ਬਾਕਾਇਦਾ ਸੁਨੇਹਾ ਆਇਆ ਹੈ। ਜਦੋਂਕਿ ਇਸ ਤੋਂ ਪਹਿਲਾਂ ਪੰਜਾਬ




ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਈ ਥਾਵਾਂ 'ਤੇ ਅਜਿਹਾ ਸੁਨੇਹਾ ਦਿੱਤਾ ਹੈ। ਕਈ ਸਿਆਸੀ ਆਗੂਆਂ ਨੇ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਅਤੇ ਤਾਇਆ ਚਮਕੌਰ ਸਿੰਘ ਨਾਲ ਮੁਲਾਕਾਤ ਕੀਤੀ ਤੇ ਬਠਿੰਡਾ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਮੈਦਾਨ ਵਿਚ ਕੁੱਦਣ ਲਈ ਜ਼ੋਰ ਪਾਇਆ। ਇਹ ਵੀ ਪਤਾ ਲੱਗਿਆ ਹੈ ਕਿ ਜੇ ਮੂਸੇਵਾਲਾ ਦੇ ਪਰਿਵਾਰ 'ਚੋਂ ਕੋਈ ਆਜ਼ਾਦ ਉਮੀਦਵਾਰ ਵਜੋਂ ਉਤਰਦਾ ਹੈ, ਤਾਂ ਉਸ ਲਈ ਕਾਂਗਰਸ ਪਾਰਟੀ ਵੱਲੋਂ ਆਪਣਾ ਉਮੀਦਵਾਰ ਵਾਪਸ ਲੈਣ ਲਈ ਰਾਹੁਲ ਗਾਂਧੀ ਕੋਲ ਗੱਲ ਰੱਖਣ ਦਾ ਭਰੋਸਾ ਦਿੱਤਾ ਗਿਆ ਹੈ। ਅਜਿਹੇ ਆਗੂਆਂ ਨੇ ਸਿਮਰਨਜੀਤ ਸਿੰਘ ਮਾਨ ਕੋਲ ਵੀ ਉਮੀਦਵਾਰ ਵਾਪਸ ਲੈਣ ਦੀ ਗੱਲ ਕਰਨ ਦਾ ਭਰੋਸਾ ਦਿੱਤਾ ਹੈ। ਮੂਸੇਵਾਲਾ ਦੇ ਤਾਇਆ ਚਮਕੌਰ ਸਿੰਘ ਨੇ ਕਿਹਾ ਕਿ ਪਰਿਵਾਰ ਦਾ ਚੋਣਾਂ ਵਿਚ ਹਿੱਸਾ ਲੈਣ ਦਾ ਕੋਈ ਵਿਚਾਰ ਨਹੀਂ ਬਣਿਆ ਹੈ।

# ਪੰਜਾਬ 'ਚ ਦਿਨੋਂ-ਦਿਨ ਵਧਦੇ ਤਾਪਮਾਨ ਕਾਰਨ ਸਿਹਤ ਵਿਭਾਗ ਵੱਲੋਂ ਅਲਰਟ ਜਾਰੀ

**ਜਲੰਧਰ, (ਪੰਜਾਬ ਮੇਲ)-**ਜਲੰਧਰ ਜ਼ਿਲ੍ਹਾ ਚੋਣ ਅਫ਼ਸਰ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹਾ ਪ੍ਰਸ਼ਾਸਨਿਕ ਕੰਪਲੈਕਸ ਵਿਖੇ ਮੀਟਿੰਗ ਦੌਰਾਨ ਚੋਣ ਅਧਿਕਾਰੀਆਂ ਨੂੰ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਲੋਕ ਸਭਾ ਚੋਣਾਂ ਦੌਰਾਨ ਹਰੇਕ ਨਾਗਰਿਕ ਨੂੰ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਆਪਣੀ ਵੋਟ ਪਾਉਣ ਦੀ ਸਹੂਲਤ ਮੁਹੱਈਆ ਕਰਨ ਲਈ ਵਚਨਬੱਧ ਹੈ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਚੋਣਾਂ ਨੂੰ ਸੁਚਾਰੂ ਢੰਗ ਨਾਲ ਕਰਵਾਉਣ ਅਤੇ ਵੋਟਰਾਂ ਨੂੰ ਵੋਟ ਪਾਉਣ ਲਈ ਸਾਰੀਆਂ ਸਹੂਲਤਾਂ ਸਮੇਂ ਸਿਰ ਮੁਕੰਮਲ ਕਰਨੇ ਯਕੀਨੀ ਬਣਾਉਣ ਦੇ ਹੁਕਮ ਦਿੱਤੇ। ਉਨ੍ਹਾਂ ਚੋਣਾਂ ਨੂੰ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਉਣ ਲਈ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਕਿਹਾ ਕਿ 85 ਤੋਂ ਵੱਧ ਉਮਰ ਦੇ ਨਾਗਰਿਕਾਂ ਲਈ ਵੋਟਿੰਗ ਦੇ ਉਚਿਤ ਪ੍ਰਬੰਧ ਕੀਤੇ ਜਾਣ, ਤਾਂ ਕਿ ਉਨ੍ਹਾਂ ਨੂੰ ਵੋਟ ਪਾਉਣ ਵਿਚ ਕੋਈ ਪ੍ਰੇਸ਼ਾਨੀ ਨਾ ਹੋਵੇ।

# ਲੋਕ ਸਭਾ ਚੋਣਾਂ: ਸਾਬਕਾ ਸ਼ਾਹੀ ਪਰਿਵਾਰਾਂ ਦੇ 10 ਵੰਸ਼ਜ ਭਾਜਪਾ ਵੱਲੋਂ ਲੜ ਰਹੇ ਨੇ ਚੋਣ!

**ਜਲੰਧਰ, (ਪੰਜਾਬ ਮੇਲ)**- ਪਰਿਵਾਰਵਾਦ, ਭਾਈ-ਭਤੀਜਾਵਾਦ ਅਤੇ ਵੰਸ਼ਵਾਦ ਦੇ ਮੁੱਦਿਆਂ 'ਤੇ ਵਿਰੋਧੀ ਸਿਆਸੀ ਪਾਰਟੀਆਂ ਅਤੇ ਭਾਜਪਾ ਇਕ-ਦੂਜੇ 'ਤੇ ਦੋਸ਼ ਲਗਾਉਣ ਤੋਂ ਪਿੱਛੇ ਨਹੀਂ ਹਟਦੀਆਂ। ਇਨ੍ਹਾਂ ਮੁੱਦਿਆਂ ਵਿਚ ਭਾਜਪਾ ਕਾਂਗਰਸ ਸਮੇਤ ਸਪਾ, ਰਾਜਦ, ਅਤੇ ਦ੍ਰਮੁੱਕ ਵਰਗੇ ਖੇਤਰੀ ਦਿੱਗਜਾਂ ਦੀ ਆਲੋਚਨਾ ਕਰਦੀ ਰਹੀ ਹੈ। ਹਾਲਾਂਕਿ ਭਾਜਪਾ ਖੁਦ ਇਨ੍ਹਾਂ ਮੁੱਦਿਆਂ ਤੋਂ ਅਛੂਤੀ ਨਹੀਂ ਹੈ। ਜੇਕਰ ਦੇਸ਼ ਦੇ ਸ਼ਾਹੀ ਘਰਾਣਿਆਂ ਦੀ ਗੱਲ ਕਰੀਏ ਤਾਂ ਭਾਜਪਾ ਵਿਚ ਉਨ੍ਹਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਇਕ ਮੀਡੀਆ ਰਿਪੋਰਟ ਮੁਤਾਬਕ ਸਾਬਕਾ ਸ਼ਾਹੀ ਪਰਿਵਾਰਾਂ ਦੇ 10 ਤੋਂ ਵੱਧ ਵੰਸ਼ਜ ਭਾਜਪਾ ਦੀ ਟਿਕਟ 'ਤੇ ਚੋਣ ਲੜ ਰਹੇ ਹਨ, ਜਿਨ੍ਹਾਂ 'ਚੋਂ ਕੁਝ ਆਪਣੀ ਸਿਆਸੀ ਸ਼ੁਰੂਆਤ ਕਰ ਰਹੇ ਹਨ।

**ਓਡਿਸ਼ਾ** : ਓਡਿਸ਼ਾ ਵਿਚ ਬੀਜੂ ਜਨਤਾ ਦਲ (ਬੀਜਦ) ਵੱਲੋਂ ਲੰਬੇ ਅਰਸੇ ਤੋਂ ਸ਼ਾਸਤ ਸੂਬੇ ਓਡਿਸ਼ਾ ਦੀ ਗੱਲ ਕਰੀਏ ਤਾਂ ਇਥੇ ਭਾਜਪਾ ਨੇ ਸ਼ਾਹੀ ਵੰਸ਼ ਦੇ ਦੋ ਮੈਂਬਰ ਸੰਗੀਤਾ ਕੁਮਾਰੀ ਸਿੰਘ ਦੇਵ ਅਤੇ ਮਾਲਵਿਕਾ ਕੇਸ਼ਰੀ ਦੇਵ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ, ਜੋ ਕਿ ਪੁਰਾਣੀਆਂ ਪਟਨਾਗੜ੍ਹ-ਬੋਲਾਂਗੀਰ ਅਤੇ ਕਾਲਾਹਾਂਡੀ ਰਿਆਸਤਾਂ ਨਾਲ ਸਬੰਧਤ ਹਨ। ਸੰਗੀਤਾ ਬੋਲਾਂਗੀਰ ਤੋਂ ਭਾਜਪਾ ਦੀ ਮੌਜੂਦਾ ਸੰਸਦ ਮੈਂਬਰ ਹੈ।

**ਰਾਜਸਥਾਨ** : ਰਾਜਸਥਾਨ ਵਿਚ ਵੀ ਭਾਜਪਾ ਨੇ ਸ਼ਾਹੀ ਸਬੰਧਾਂ ਵਾਲੇ 2 ਉਮੀਦਵਾਰ ਮੈਦਾਨ ਵਿਚ ਉਤਾਰੇ ਹਨ। ਇਨ੍ਹਾਂ ਵਿਚ ਰਾਜਸਥਾਨ ਦੇ ਸਾਬਕਾ ਸੀ.ਐੱਮ. ਵਸੁੰਧਰਾ ਰਾਜੇ ਦੇ ਪੁੱਤਰ ਦੁਸ਼ਯੰਤ ਸਿੰਘ ਅਤੇ ਮਹਿਮਾ ਸਿੰਘ ਹਨ, ਜਿਨ੍ਹਾਂ ਦਾ ਵਿਆਹ ਮੇਵਾੜ ਦੇ ਸ਼ਾਹੀ ਪਰਿਵਾਰ ਵਿਚ ਹੋਇਆ ਹੈ। 50 ਸਾਲਾਂ ਦੇ ਦੁਸ਼ਯੰਤ ਝਾਲਾਵਾੜ-ਬਾਰਾਂ ਤੋਂ ਚਾਰ ਵਾਰ ਭਾਜਪਾ ਸੰਸਦ ਮੈਂਬਰ ਰਹਿ ਚੁੱਕੇ ਹਨ। ਮਹਿਮਾ ਨੂੰ ਭਾਜਪਾ ਨੇ ਰਾਜਸਮੰਦ ਦੀ ਮੌਜੂਦਾ ਸੰਸਦ ਮੈਂਬਰ ਦੀਆ ਕੁਮਾਰੀ ਦੀ ਥਾਂ 'ਤੇ ਮੈਦਾਨ 'ਚ ਉਤਾਰਿਆ ਹੈ, ਜਿਨ੍ਹਾਂ ਨੇ ਭਾਜਪਾ ਦੀ ਟਿਕਟ 'ਤੇ ਵਿਧਾਨ ਸਭਾ ਚੋਣਾਂ ਜਿੱਤੀਆਂ ਸਨ।

**ਮੱਧ ਪ੍ਰਦੇਸ਼** : ਮੱਧ ਪ੍ਰਦੇਸ਼ ਦੀ ਗੁਨਾ ਸੀਟ 'ਤੇ ਭਾਜਪਾ ਨੇ ਕਾਂਗਰਸ ਛੱਡ ਕੇ ਪਾਰਟੀ ਵਿਚ ਸ਼ਾਮਲ ਹੋਏ ਸਿੰਧੀਆ ਵੰਸ਼ ਦੇ ਨੇਤਾ ਜੋਤੀਰਾਦਿੱਤਿਆ ਸਿੰਧੀਆ ਨੂੰ ਟਿਕਟ ਦਿੱਤੀ ਹੈ। 2019 'ਚ ਸਿੰਧੀਆ ਕਾਂਗਰਸ ਦੀ ਟਿਕਟ 'ਤੇ ਗੁਨਾ ਸੀਟ ਤੋਂ ਚੋਣ ਹਾਰ ਗਏ ਸਨ। ਉਹ ਇਸ ਸਮੇਂ ਰਾਜ ਸਭਾ ਮੈਂਬਰ ਹਨ।

**ਪੰਜਾਬ** : ਪੰਜਾਬ ਦੇ ਸਾਬਕਾ ਸ਼ਾਹੀ ਪਰਿਵਾਰ ਤੋਂ ਇਸ ਵਾਰ ਭਾਜਪਾ ਨੇ ਸਾਬਕਾ ਸੀ.ਐੱਮ. ਕੈਪਟਨ ਅਮਰਿੰਦਰ ਸਿੰਘ ਦੀ ਪਤਨੀ 79 ਸਾਲਾ ਪਰਨੀਤ ਕੌਰ ਨੂੰ ਪਟਿਆਲਾ ਸੀਟ ਤੋਂ ਉਮੀਦਵਾਰ ਬਣਾਇਆ ਹੈ। ਅਮਰਿੰਦਰ ਸਿੰਘ ਦੇ ਕਾਂਗਰਸ ਤੋਂ ਭਾਜਪਾ ਵਿਚ ਚਲੇ ਜਾਣ ਤੋਂ ਬਾਅਦ ਕੌਰ ਮੌਜੂਦਾ ਲੋਕ ਸਭਾ ਦੇ ਅੰਤ ਤੱਕ ਕਾਗਜ਼ਾਂ 'ਤੇ ਕਾਂਗਰਸ ਦੀ ਸੰਸਦ ਮੈਂਬਰ ਬਣੀ ਰਹੀ।

**ਪੱਛਮੀ ਬੰਗਾਲ** : ਭਾਜਪਾ ਨੇ ਟੀ.ਐੱਮ.ਸੀ. ਦੀ ਮੋਹੁਆ ਮੋਇਤਰਾ ਨੂੰ ਟੱਕਰ ਦੇਣ ਲਈ ਕ੍ਰਿਸ਼ਨਾਨਗਰ ਦੇ ਸਾਬਕਾ ਸ਼ਾਹੀ ਪਰਿਵਾਰ ਦੀ ਰਾਜਮਾਤਾ ਅੰਮ੍ਰਿਤਾ ਰਾਏ ਨੂੰ ਚੁਣਿਆ ਗਿਆ ਹੈ। ਮੋਇਤਰਾ ਨੂੰ ਕੈਸ਼ ਫਾਰ ਕਵੇਰੀ ਘਪਲੇ ਵਿਚ ਸੰਸਦ ਮੈਂਬਰ ਦੇ ਅਹੁਦੇ ਤੋਂ ਕੱਢ ਦਿੱਤਾ ਗਿਆ ਸੀ ਅਤੇ ਉਹ ਇਸ ਮਾਮਲੇ ਵਿਚ ਸੀ.ਬੀ.ਆਈ. ਅਤੇ ਮਨੀ ਲਾਂਡਰਿੰਗ ਜਾਂਚ ਦਾ ਸਾਹਮਣਾ ਕਰ ਰਹੀ ਹੈ।

**ਕਰਨਾਟਕ** : ਕਰਨਾਟਕ ਦੀ ਮੈਸੂਰ ਲੋਕ ਸਭਾ ਸੀਟ ਲਈ ਭਾਜਪਾ ਨੇ ਮੌਜੂਦਾ ਸੰਸਦ ਮੈਂਬਰ ਪ੍ਰਤਾਪ ਸਿਮਹਾ ਦੀ ਥਾਂ ਸਾਬਕਾ ਸ਼ਾਹੀ ਪਰਿਵਾਰ ਦੇ 32 ਸਾਲਾ ਯਦੂਵੀਰ ਕ੍ਰਿਸ਼ਨਦੱਤ ਚਾਮਰਾਜਾ ਵਾਡਿਆਰ ਨੂੰ ਟਿਕਟ ਦਿੱਤੀ ਹੈ। ਪ੍ਰਤਾਪ ਸਿਮਹਾ ਉਹੀ ਸੰਸਦ ਮੈਂਬਰ ਹਨ, ਜਿਨ੍ਹਾਂ ਦੇ ਵਿਜ਼ਿਟਰ ਪਾਸ 'ਤੇ ਦਸੰਬਰ 2023 'ਚ ਘੁਸਪੈਠੀਆਂ ਨੂੰ ਸਦਨ ਵਿਚ ਐਂਟਰੀ ਮਿਲੀ ਸੀ।

**ਉੱਤਰਾਖੰਡ** : ਸੂਬੇ ਦੇ ਟਿਹਰੀ-ਗੜ੍ਹਵਾਲ ਤੋਂ ਭਾਜਪਾ ਨੇ ਮੌਜੂਦਾ ਸੰਸਦ ਮੈਂਬਰ ਅਤੇ ਪੁਰਾਣੇ ਟਿਹਰੀ-ਗੜ੍ਹਵਾਲ ਸਮਰਾਜ ਦੀ ਰਾਣੀ, 73 ਸਾਲਾ ਮਾਲਾ ਰਾਜ ਲਕਸ਼ਮੀ ਸ਼ਾਹ ਨੂੰ ਫਿਰ ਤੋਂ ਮੈਦਾਨ ਵਿਚ ਉਤਾਰਿਆ

# ਲੋਕ ਸਭਾ ਚੋਣਾਂ: ਕਾਂਗਰਸ 'ਚ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਹੋਣ ਮਗਰੋਂ ਉੱਠੀਆਂ ਬਾਗ਼ੀ ਸੁਰਾਂ

**ਚੰਡੀਗੜ੍ਹ, (ਪੰਜਾਬ ਮੇਲ)**- ਕੇਂਦਰੀ ਚੋਣ ਕਮੇਟੀ ਵੱਲੋਂ ਕਾਂਗਰਸੀ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕੀਤੇ ਜਾਣ ਮਗਰੋਂ ਹੀ ਕਾਂਗਰਸ ਵਿੱਚ ਬਗਾਵਤੀ ਸੁਰ ਉੱਠਣੇ ਸ਼ੁਰੂ ਹੋ ਗਏ ਹਨ। ਕਾਂਗਰਸ ਨੇ ਪਾਰਟੀ ਤਰਫ਼ੋਂ ਛੇ ਉਮੀਦਵਾਰ ਐਲਾਨੇ ਹਨ, ਜਿਨ੍ਹਾਂ ਨੂੰ ਲੈ ਕੇ ਪਾਰਟੀ ਅੰਦਰ ਘੁਸਰ-ਮੁਸਰ ਸ਼ੁਰੂ ਹੋ ਗਈ ਹੈ। ਵੱਡਾ ਰੋਸ ਪਟਿਆਲਾ ਸੰਸਦੀ ਹਲਕੇ ਅੰਦਰ ਧੁਖਣ ਲੱਗਾ ਹੈ, ਜਿੱਥੇ ਕਾਂਗਰਸ ਨੇ ਬਾਹਰੋਂ ਲਿਆਂਦੇ ਡਾ. ਧਰਮਵੀਰ ਗਾਂਧੀ ਨੂੰ ਉਮੀਦਵਾਰ ਬਣਾਇਆ ਹੈ ਤੇ ਸਾਬਕਾ ਵਿਧਾਇਕ ਅਤੇ ਟਕਸਾਲੀ ਨੇਤਾ ਅੰਦਰੋ-ਅੰਦਰੀ ਇਸ ਗੱਲੋਂ ਕਾਫ਼ੀ ਖ਼ਫਾ ਹਨ।

ਅਹਿਮ ਸੂਤਰਾਂ ਅਨੁਸਾਰ ਟਕਸਾਲੀ ਆਗੂਆਂ ਅਤੇ ਸਾਬਕਾ ਵਿਧਾਇਕਾਂ ਤੋਂ ਇਲਾਵਾ ਅਹਿਮ ਵਰਕਰਾਂ ਦਾ ਇੱਕ ਇਕੱਠ 20 ਅਪ੍ਰੈਲ ਨੂੰ ਰਾਜਪੁਰਾ ਵਿਚ ਬੁਲਾ ਲਿਆ ਗਿਆ ਹੈ, ਜਿਸ ਦੀ ਅਗਵਾਈ ਕਾਂਗਰਸੀ ਆਗੂ ਹਰਦਿਆਲ ਕੰਬੋਜ ਕਰ ਰਹੇ ਹਨ। ਹਾਲਾਂਕਿ ਕਿਹਾ ਜਾ ਰਿਹਾ ਹੈ ਕਿ ਇਸ ਇਕੱਠ ਵਿਚ ਵਰਕਰਾਂ ਤੇ ਆਗੂਆਂ ਨਾਲ ਮਸ਼ਵਰੇ ਕੀਤੇ ਜਾਣੇ ਹਨ ਪਰ ਅਸਲ ਵਿਚ ਇਹ ਇਕੱਠ ਰੋਸ ਵਜੋਂ ਹੀ ਸੱਦਿਆ ਗਿਆ ਹੈ। ਪਤਾ ਲੱਗਾ ਹੈ ਕਿ ਪਟਿਆਲਾ ਵਿਚ ਕਾਂਗਰਸ ਦੇ ਟਕਸਾਲੀ ਨੇਤਾਵਾਂ ਦੀ ਇੱਕ ਗੁਪਤ ਮੀਟਿੰਗ ਵੀ ਹੋਈ ਹੈ। ਕਾਂਗਰਸ 'ਤੇ ਇਹ ਰੋਸਾ ਭਾਰੀ ਪੈ

**■ ਟਕਸਾਲੀ ਆਗੂਆਂ ਨੇ 20 ਨੂੰ ਰਾਜਪੁਰਾ 'ਚ ਇਕੱਠ ਸੱਦਿਆ**




ਸਕਦਾ ਹੈ।

ਸੰਗਰੂਰ ਹਲਕੇ ਤੋਂ ਕਾਂਗਰਸ ਨੇ ਸੁਖਪਾਲ ਸਿੰਘ ਖਹਿਰਾ ਨੂੰ ਉਮੀਦਵਾਰ ਬਣਾਇਆ ਹੈ, ਜਿਸ ਨੂੰ ਲੈ ਕੇ ਹਲਕਾ ਧੂਰੀ ਤੋਂ ਸਾਬਕਾ ਵਿਧਾਇਕ ਦਲਵੀਰ ਗੋਲਡੀ ਨੇ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਆਪਣੇ ਦਰਦ ਸਾਂਝਾ ਕੀਤਾ। ਭਾਵੇਂ ਉਨ੍ਹਾਂ ਨੇ ਕਾਂਗਰਸ ਨਾਲ ਚੱਲਣ ਦੀ ਗੱਲ ਆਖੀ ਹੈ ਪਰ ਉਨ੍ਹਾਂ ਪਾਰਟੀ ਹਾਈਕਮਾਨ ਅੱਗੇ ਜੋ ਸੁਆਲ ਰੱਖੇ ਹਨ, ਉਸ ਤੋਂ ਲੱਗਦਾ ਹੈ ਕਿ ਸਭ ਅੱਛਾ ਨਹੀਂ ਹੈ। ਉਨ੍ਹਾਂ ਸੁਆਲ ਕੀਤਾ ਹੈ, "ਵੱਡੇ ਲੀਡਰ ਹੋਣ ਦਾ ਪੈਮਾਨਾ ਪੈਸਾ ਹੁੰਦਾ ਹੈ ਜਾਂ ਵਫ਼ਾਦਾਰੀ। ਜਦੋਂ ਜ਼ਿਮਨੀ ਚੋਣ ਵਿਚ ਵੱਡੇ ਚਿਹਰੇ ਦੀ ਲੋੜ ਸੀ, ਉਦੋਂ ਲਿਆਂਦਾ ਨਹੀਂ ਗਿਆ।" ਗੋਲਡੀ ਨੇ ਕਿਹਾ ਕਿ ਉਸ ਦੀ ਪਹਿਲਾਂ ਵੀ ਤਿੰਨ ਵਾਰ ਟਿਕਟ ਕੱਟੀ ਗਈ ਹੈ। ਸੰਗਰੂਰ ਸੰਸਦੀ ਹਲਕੇ ਦੇ ਇੱਕ ਹੋਰ ਸਾਬਕਾ ਵਿਧਾਇਕ ਵੀ ਖਹਿਰਾ ਦੀ ਟਿਕਟ ਤੋਂ ਅੰਦਰੋਂ-ਅੰਦਰੀ ਕਾਫ਼ੀ ਔਖ ਵਿਚ ਹਨ। ਉਧਰ ਜਲੰਧਰ ਹਲਕੇ ਤੋਂ ਚਰਨਜੀਤ ਚੰਨੀ ਨੂੰ ਉਮੀਦਵਾਰ ਬਣਾਏ ਜਾਣ ਤੋਂ ਪਹਿਲਾਂ ਹੀ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਨੇ ਪਾਰਟੀ ਦੇ ਚੀਫ਼ ਵ੍ਹਿਪ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ ਕਿਉਂਕਿ ਚੌਧਰੀ ਪਰਿਵਾਰ ਵੀ ਟਿਕਟ ਦਾ ਦਾਅਵੇਦਾਰ ਸੀ। ਬਠਿੰਡਾ ਸੰਸਦੀ ਹਲਕੇ ਤੋਂ ਐਨ ਆਖ਼ਰੀ ਮੌਕੇ 'ਤੇ ਕੇਂਦਰੀ ਚੋਣ ਕਮੇਟੀ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਦਾ ਟਿਕਟ ਕੱਟ ਦਿੱਤਾ ਹੈ। ਉਨ੍ਹਾਂ ਦੀ ਥਾਂ ਬਠਿੰਡਾ ਤੋਂ ਪਾਰਟੀ ਨੇ ਜੀਤਮਹਿੰਦਰ ਸਿੰਘ ਸਿੱਧੂ ਨੂੰ ਟਿਕਟ ਦਿੱਤੀ ਹੈ ਅਤੇ ਸਿੱਧੂ ਨੇ ਬਠਿੰਡਾ ਵਿਚ ਮੀਟਿੰਗਾਂ ਵੀ ਕੀਤੀਆਂ ਹਨ।

ਬੇਸ਼ੱਕ ਰਾਜਾ ਵੜਿੰਗ ਦੇ ਨੇੜਲੇ ਲੋਕ ਜੀਤਮਹਿੰਦਰ ਸਿੱਧੂ ਦੇ ਇਕੱਠ ਵਿਚ ਦੇਖੇ ਗਏ ਪਰ ਅੰਦਰਖਾਤੇ ਠੀਕ ਮਹਿਸੂਸ ਨਹੀਂ ਕਰ ਰਹੇ ਹਨ। ਸੂਤਰ ਦੱਸਦੇ ਹਨ ਕਿ ਤਲਵੰਡੀ ਸਾਬੋ ਤੋਂ ਹਲਕਾ ਇੰਚਾਰਜ ਖੁਸ਼ਬਾਜ ਜਟਾਣਾ ਦੇ ਵੀ ਜੀਤਮਹਿੰਦਰ ਸਿੱਧੂ ਨਾਲ ਸੁਰ ਨਹੀਂ ਮਿਲ ਰਹੇ। ਖਡੂਰ ਸਾਹਿਬ ਹਲਕੇ ਤੋਂ ਜਸਬੀਰ ਸਿੰਘ ਡਿੰਪਾ ਨੇ ਕਾਂਗਰਸ ਹਾਈਕਮਾਂਡ ਨਾਲ ਮੀਟਿੰਗ ਕਰਕੇ ਆਪਣੇ ਪੈਰ ਪਿਛਾਂਹ ਖਿੱਚ ਲਏ ਹਨ। ਇਸੇ ਤਰ੍ਹਾਂ ਹੀ ਚੰਡੀਗੜ੍ਹ ਕਾਂਗਰਸ ਵਿਚ ਮੁਨੀਸ਼ ਤਿਵਾੜੀ ਦੀ ਟਿਕਟ ਐਲਾਨੇ ਜਾਣ ਤੋਂ ਬਾਗ਼ੀ ਸੁਰ ਤਿੱਖੇ ਹੋ ਗਏ ਹਨ। ਦੇਖਣਾ ਹੋਵੇਗਾ ਕਿ ਕਾਂਗਰਸ ਪਾਰਟੀ ਇਨ੍ਹਾਂ ਬਾਗ਼ੀ ਸੁਰਾਂ ਨਾਲ ਕਿਵੇਂ ਨਜਿੱਠਦੀ ਹੈ।

# ਸਰੀ 'ਚ ਭਿਆਨਕ ਸੜਕ ਹਾਦਸੇ ਦੌਰਾਨ ਪੰਜਾਬੀ ਨੌਜਵਾਨ ਦੀ ਮੌਤ

**ਸਰੀ/ਮਜੀਠਾ (ਪੰਜਾਬ ਮੇਲ)**- ਕੈਨੇਡਾ ਦੇ ਸਰੀ ਸ਼ਹਿਰ ਵਿਖੇ ਭਿਆਨਕ



ਸੜਕ ਹਾਦਸੇ ਦੌਰਾਨ ਹਲਕਾ ਮਜੀਠਾ ਦੇ ਇਕ ਨੌਜਵਾਨ ਦੀ ਮੌਤ ਹੋਣ ਦੀ ਸੂਚਨਾ ਪ੍ਰਾਪਤ ਹੋਈ ਹੈ। ਉਹ 1 ਮਹੀਨਾ ਪਹਿਲਾਂ ਹੀ ਕੈਨੇਡਾ ਪੜ੍ਹਾਈ ਕਰਨ ਗਿਆ ਸੀ।

ਨੌਜਵਾਨ ਗੁਰਸਾਹਬ ਸਿੰਘ ਦੇ ਮਾਮਾ ਸੁਖਚੈਨ ਸਿੰਘ ਸੁੱਖ ਭੰਗੂ ਨੇ ਦੱਸਿਆ ਕਿ ਗੁਰਸਾਹਬ ਸਿੰਘ ਉਮਰ ਕਰੀਬ 23 ਸਾਲ ਪੁੱਤਰ ਪਲਵਿੰਦਰ ਸਿੰਘ ਬਾਠ ਪਿੰਡ ਮਹੱਧੀਪੁਰ ਪੁਲਿਸ ਥਾਣਾ ਮਜੀਠਾ ਕਰੀਬ 1 ਮਹੀਨਾ ਪਹਿਲਾਂ 13 ਮਾਰਚ, 2024 ਨੂੰ ਕੈਨੇਡਾ ਦੇ ਸਰੀ ਸ਼ਹਿਰ ਵਿਖੇ

**■ ਮਹੀਨਾ ਪਹਿਲਾਂ ਹੀ ਲੱਗਾ ਸੀ ਵੀਜ਼ਾ**

ਪੜ੍ਹਾਈ ਕਰਨ ਗਿਆ ਸੀ।

ਜਦੋਂ ਉਹ 13 ਅਪ੍ਰੈਲ, 2024 ਨੂੰ ਕਾਲਜ ਤੋਂ ਪੈਦਲ ਹੀ ਆ ਰਿਹਾ ਸੀ ਕਿ ਅਚਾਨਕ ਇਕ ਵੱਡਾ ਹਾਦਸਾ ਵਾਪਰਿਆ, ਜਿਥੇ 3 ਓਵਰ ਸਪੀਡ ਗੱਡੀਆਂ ਆਪਸ 'ਚ ਟਕਰਾਅ ਗਈਆਂ ਤੇ ਗੁਰਸਾਹਬ ਸਿੰਘ ਉਨ੍ਹਾਂ ਗੱਡੀਆਂ ਦੀ ਲਪੇਟ 'ਚ ਆ ਗਿਆ, ਜਿਸ ਦੀ ਮੌਕੇ 'ਤੇ ਮੌਤ ਹੋ ਗਈ।

ਗੁਰਸਾਹਬ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਤੋਂ ਮਦਦ ਮੰਗੀ ਹੈ, ਤਾਂ ਜੋ ਉਨ੍ਹਾਂ ਨੂੰ ਪੁੱਤਰ ਦੀ ਮ੍ਰਿਤਕ ਨੂੰ ਭਾਰਤ ਲਿਆਂਦਾ ਜਾ ਸਕੇ।

ਸਫਾ 1 ਦਾ ਬਾਕੀ

## ਅਮਰੀਕਾ 'ਚ ਬੈਕਲਾਗ ਖਤਮ ਕਰਨ 'ਚ ਲੱਗ ਸਕਦੇ ਨੇ 195...

ਅਤੇ ਬਹੁ-ਰਾਸ਼ਟਰੀ ਕਾਰਜਕਾਰੀ ਜਾਂ ਪ੍ਰਬੰਧਕ ਸ਼ਾਮਲ ਹੁੰਦੇ ਹਨ। ਰੁਜ਼ਗਾਰ-ਆਧਾਰਿਤ ਦੂਜੀ ਤਰਜੀਹ ਵਿਚ 419,392 ਹਨ, ਜਿਸਨੂੰ ਈ.ਬੀ.-2 ਵੀ ਕਿਹਾ ਜਾਂਦਾ ਹੈ। ਐੱਨ.ਐੱਫ.ਏ.ਪੀ. ਨੇ ਦੂਜੀ ਤਰਜੀਹ ਬੈਕਲਾਗ ਵਿਚ ਕੁੱਲ 838,784 ਭਾਰਤੀਆਂ ਲਈ ਵਾਧੂ 419,392 ਆਸ਼ਰਿਤਾਂ ਦਾ ਅਨੁਮਾਨ ਲਗਾਇਆ ਹੈ। ਈ.ਬੀ.-2 ਵਿਚ ਉੱਨਤ ਡਿਗਰੀ ਰੱਖਣ ਵਾਲੇ ਪੇਸ਼ੇਵਰ ਅਤੇ ਵਿਗਿਆਨ, ਕਲਾ ਜਾਂ ਕਾਰੋਬਾਰ ਵਿਚ ਬੇਮਿਸਾਲ ਯੋਗਤਾ ਵਾਲੇ ਵਿਅਕਤੀ ਸ਼ਾਮਲ ਹੁੰਦੇ ਹਨ।

ਯੂ.ਐੱਸ.ਸੀ.ਆਈ.ਐੱਸ. ਦੇ 2020 ਦੇ ਅੰਕੜੇ ਦੱਸਦੇ ਹਨ ਕਿ ਈ.ਬੀ.-2 ਸ਼੍ਰੇਣੀ ਵਿਚ ਭਾਰਤੀ ਬੈਕਲਾਗ ਲਗਭਗ ਤਿੰਨ ਸਾਲਾਂ ਵਿਚ 240,000 ਤੋਂ ਵਧ ਗਿਆ ਹੈ।

ਰੁਜ਼ਗਾਰ ਆਧਾਰਿਤ ਤੀਜੀ ਤਰਜੀਹ ਵਿਚ 138,581 ਲੋਕ ਹਨ। ਇਸ ਈ.ਬੀ.-3 ਸ਼੍ਰੇਣੀ ਵਿਚ ਹੁਨਰਮੰਦ ਕਾਮੇ ਅਤੇ "ਪੇਸ਼ੇ ਦੇ ਮੈਂਬਰ ਜਿਨ੍ਹਾਂ ਦੀਆਂ ਨੌਕਰੀਆਂ ਲਈ ਘੱਟੋ-ਘੱਟ ਇੱਕ ਬੈਕਲੈਰੀਅਟ ਡਿਗਰੀ ਦੀ ਲੋੜ ਹੁੰਦੀ ਹੈ।"

2020 ਵਿਚ, ਫੋਰਬਸ ਨੇ ਇਸ਼ਾਰਾ ਕੀਤਾ, ਕਾਂਗਰੇਸ਼ਨਲ ਰਿਸਰਚ ਸਰਵਿਸ ਨੇ ਅਨੁਮਾਨ ਲਗਾਇਆ ਹੈ ਕਿ ਭਾਰਤੀਆਂ ਦਾ ਬੈਕਲਾਗ 2030 ਤੱਕ 2,195,795 ਰੋਜ਼ਗਾਰ ਆਧਾਰਿਤ ਗ੍ਰੀਨ ਕਾਰਡ ਸ਼੍ਰੇਣੀਆਂ ਵਿਚ 2,195,795 ਵਿਅਕਤੀਆਂ ਤੱਕ ਪਹੁੰਚ ਜਾਵੇਗਾ ਅਤੇ ਬੈਕਲਾਗ ਨੂੰ ਖਤਮ ਕਰਨ ਵਿਚ 195 ਸਾਲ ਲੱਗ ਜਾਣਗੇ। ਫੋਰਬਸ ਨੇ ਕਿਹਾ ਕਿ ਕਾਨੂੰਨ ਦੇ ਪ੍ਰਭਾਵ ਦਾ ਖਮਿਆਜ਼ਾ ਭਾਰਤੀਆਂ ਨੂੰ ਝੱਲਣਾ ਪਿਆ ਹੈ। ਪ੍ਰਤੀ-ਦੇਸ਼ ਸੀਮਾ ਦੇ ਕਾਰਨ, ਸਿਰਫ 7,820 ਭਾਰਤੀ ਪ੍ਰਵਾਸੀਆਂ ਨੇ ਵਿੱਤੀ ਸਾਲ 2015 ਵਿੱਚ ਈ.ਬੀ.-2 ਸ਼੍ਰੇਣੀ ਵਿਚ ਰੁਜ਼ਗਾਰ-ਆਧਾਰਿਤ ਗ੍ਰੀਨ ਕਾਰਡ ਪ੍ਰਾਪਤ ਕੀਤੇ, ਭਾਵੇਂ ਕਿ ਰੁਜ਼ਗਾਰਦਾਤਾਵਾਂ ਨੇ ਭਾਰਤੀਆਂ ਲਈ ਹਜ਼ਾਰਾਂ ਗ੍ਰੀਨ ਕਾਰਡ ਅਰਜ਼ੀਆਂ ਦੂਜੇ ਦੇਸ਼ਾਂ ਦੇ ਵਿਅਕਤੀਆਂ ਨਾਲੋਂ ਕਈ ਸਾਲ ਪਹਿਲਾਂ ਜਮ੍ਹਾਂ ਕਰਵਾਈਆਂ ਸਨ। 2022 ਵਿਚ, ਰਿਪਬਲਿਕਨ ਸੈਨੇਟਰ ਚਾਰਲਸ ਗ੍ਰਾਸਲੇ ਨੇ ਸੈਨੇਟ ਦੇ ਰਿਪਬਲਿਕਨ ਲੀਡਰ ਮਿਚ ਮੈਕਕੋਨਲ ਦੁਆਰਾ ਸਮਰਥਨ ਕੀਤਾ, ਇੱਕ ਸੁਧਾਰ ਨੂੰ ਰੋਕ ਦਿੱਤਾ, ਜਿਸ ਨਾਲ ਬਹੁਤ ਸਾਰੇ ਰੁਜ਼ਗਾਰ-ਆਧਾਰਿਤ ਪ੍ਰਵਾਸੀਆਂ ਦੀ ਲੰਬੀ ਉਡੀਕ ਖਤਮ ਹੋ ਜਾਵੇਗੀ।

ਸਫਾ 1 ਦਾ ਬਾਕੀ

## ਲੋਕ ਸਭਾ ਚੋਣਾਂ : ਪੰਜਾਬ 'ਚ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰਾਂ ਦਾ ਐਲਾਨ...

ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ 'ਆਪ' ਦੇ ਲਾਲਜੀਤ ਸਿੰਘ ਭੁੱਲਰ, ਭਾਜਪਾ ਦੇ ਮਨਜੀਤ ਸਿੰਘ ਮੰਨਾ, ਸ਼੍ਰੋਮਣੀ ਅਕਾਲੀ ਦਲ ਮਾਨ (ਅੰਮ੍ਰਿਤਸਰ) ਦੇ ਹਰਪਾਲ ਸਿੰਘ ਬਲੇਰ ਚੋਣ ਮੈਦਾਨ ਵਿਚ ਹਨ।

ਫਰੀਦਕੋਟ ਤੋਂ ਭਾਜਪਾ ਵੱਲੋਂ ਹੰਸ ਰਾਜ ਹੰਸ, ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਰਾਜਵਿੰਦਰ ਸਿੰਘ, 'ਆਪ' ਵੱਲੋਂ ਕਰਮਜੀਤ ਅਨਮੋਲ ਤੋਂ ਇਲਾਵਾ ਇੰਦਰਾ ਗਾਂਧੀ ਕਤਲਕਾਂਡ ਦੇ ਬੇਅੰਤ ਸਿੰਘ ਦੇ ਸਪੁੱਤਰ ਸਰਬਜੀਤ ਸਿੰਘ ਖਾਲਸਾ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ।

ਫਤਿਹਗੜ੍ਹ ਸਾਹਿਬ ਤੋਂ ਕਾਂਗਰਸ ਦੇ ਡਾ. ਅਮਰ ਸਿੰਘ, ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਬਿਕਰਮਜੀਤ ਸਿੰਘ ਖਾਲਸਾ ਅਤੇ 'ਆਪ' ਵੱਲੋਂ ਗੁਰਪ੍ਰੀਤ ਸਿੰਘ ਜੀ.ਪੀ. ਉਮੀਦਵਾਰ ਬਣਾਏ ਗਏ ਹਨ। ਹੁਸ਼ਿਆਰਪੁਰ ਤੋਂ ਹੁਣ ਤੱਕ 'ਆਮ ਆਦਮੀ ਪਾਰਟੀ' ਦੇ ਰਾਜ ਕੁਮਾਰ ਚੱਬੇਵਾਲ ਅਤੇ ਭਾਜਪਾ ਦੇ ਅਨੀਤਾ ਸੋਮ ਪ੍ਰਕਾਸ਼ ਹੀ ਉਮੀਦਵਾਰ ਐਲਾਨੇ ਗਏ ਹਨ। ਆਨੰਦਪੁਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ (ਬ) ਪ੍ਰੇਮ ਸਿੰਘ ਚੰਦੂਮਾਜਰਾ ਅਤੇ 'ਆਪ' ਵੱਲੋਂ ਮਾਲਵਿੰਦਰ ਸਿੰਘ ਕੰਗ ਚੋਣ ਲੜ ਰਹੇ ਹਨ। ਸੰਗਰੂਰ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਮੌਜੂਦਾ ਐੱਮ.ਪੀ. ਸਿਮਰਨਜੀਤ ਸਿੰਘ ਮਾਨ ਅਤੇ ਸ਼੍ਰੋਮਣੀ ਅਕਾਲੀ ਦਲ (ਬ) ਦੇ ਇਕਬਾਲ ਸਿੰਘ ਝੂੰਡਾ, 'ਆਪ' ਵੱਲੋਂ ਗੁਰਮੀਤ ਸਿੰਘ ਮੀਤ ਹੇਅਰ ਅਤੇ ਕਾਂਗਰਸ ਵੱਲੋਂ ਸੁਖਪਾਲ ਸਿੰਘ ਖਹਿਰਾ ਚੋਣ ਮੈਦਾਨ ਵਿਚ ਹਨ।

ਵੱਖ-ਵੱਖ ਪਾਰਟੀਆਂ ਵੱਲੋਂ ਕੁੱਝ ਹੋਰ ਉਮੀਦਵਾਰਾਂ ਦਾ ਐਲਾਨ ਕਰਨਾ ਹਾਲੇ ਬਾਕੀ ਹੈ।

ਪੰਜਾਬ 'ਚ 1 ਜੂਨ ਨੂੰ ਚੋਣਾਂ ਹੋਣੀਆਂ ਹਨ। ਇਸ ਸੰਬੰਧੀ ਨਾਮਜ਼ਦਗੀ ਦਾਖਲ ਕਰਨ ਦੀ ਅੰਤਿਮ ਤਰੀਕ 14 ਮਈ ਹੈ। 15 ਮਈ ਨੂੰ ਇਸ ਦੀ ਪੜਤਾਲ ਕੀਤੀ ਜਾਵੇਗੀ ਅਤੇ 17 ਮਈ ਤੱਕ ਉਮੀਦਵਾਰ ਆਪਣੇ ਨਾਮ ਵਾਪਸ ਲੈ ਸਕਣਗੇ। 4 ਜੂਨ ਨੂੰ ਨਤੀਜੇ ਸਾਹਮਣੇ ਆ ਜਾਣਗੇ।

ਸਫਾ 1 ਦਾ ਬਾਕੀ

## ਕੈਨੇਡਾ 'ਚ 24 ਸਾਲਾ ਭਾਰਤੀ...

ਪੁਲਿਸ ਨੇ ਕਿਹਾ ਕਿ ਇਸ ਮਾਮਲੇ ਵਿਚ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ ਹੈ ਅਤੇ ਜਾਂਚ ਜਾਰੀ ਹੈ। ਐਕਸ (ਟਵਿੱਟਰ) ਨੂੰ ਲੈ ਕੇ, ਕਾਂਗਰਸ ਐੱਨ.ਐੱਸ.ਯੂ.ਆਈ. ਦੇ ਮੁਖੀ ਵਰੁਣ ਚੌਧਰੀ ਨੇ ਵਿਦੇਸ਼ ਮੰਤਰਾਲੇ ਨੂੰ ਟੈਗ ਕਰਦੇ ਹੋਏ ਵਿਦਿਆਰਥੀ ਦੇ ਪਰਿਵਾਰ ਨੂੰ ਸਹਾਇਤਾ ਦੀ ਬੇਨਤੀ ਵੀ ਕੀਤੀ ਹੈ। ਉਸਨੇ ਪੋਸਟ ਕੀਤਾ "ਕੈਨੇਡਾ ਦੇ ਵੈਨਕੂਵਰ ਵਿਚ ਇੱਕ ਭਾਰਤੀ ਵਿਦਿਆਰਥੀ ਚਿਰਾਗ ਅੰਤਿਲ ਦੇ ਕਤਲ ਬਾਰੇ ਤੁਰੰਤ ਜਾਂਚ ਕੀਤੀ ਜਾਵੇ ਅਤੇ ਵਿਦੇਸ਼ ਮੰਤਰਾਲੇ ਨੂੰ ਜਾਂਚ ਦੀ ਪ੍ਰਗਤੀ ਦੀ ਨੇੜਿਓਂ ਨਿਗਰਾਨੀ ਕਰਨ ਅਤੇ ਨਿਆਂ ਨੂੰ ਤੇਜ਼ੀ ਨਾਲ ਯਕੀਨੀ ਬਣਾਉਣ ਲਈ ਵੀ ਬੇਨਤੀ ਕੀਤੀ"। ਉਨ੍ਹਾਂ ਨੇ ਮੰਤਰਾਲੇ ਨੂੰ ਇਸ ਔਖੀ ਘੜੀ ਵਿਚ ਮ੍ਰਿਤਕਾਂ ਦੇ ਪਰਿਵਾਰ ਨੂੰ ਹਰ ਲੋੜੀਂਦੀ ਸਹਾਇਤਾ ਦੇਣ ਦੀ ਵੀ ਬੇਨਤੀ ਕੀਤੀ। ਚਿਰਾਗ ਦੀ ਲਾਸ਼ ਨੂੰ ਵਾਪਸ ਲਿਆਉਣ ਲਈ, ਉਸਦਾ ਪਰਿਵਾਰ ਫੰਡਿੰਗ ਪਲੇਟਫਾਰਮ GoFundMe ਦੁਆਰਾ ਪੈਸਾ ਇਕੱਠਾ ਕਰ ਰਿਹਾ ਹੈ। ਭਾਰਤ ਦੇ ਹਰਿਆਣਾ ਦੇ ਰਹਿਣ ਵਾਲੇ ਚਿਰਾਗ ਦੇ ਭਰਾ ਰੋਮਿਤ ਅੰਤਿਲ ਨੇ ਸਥਾਨਕ ਮੀਡੀਆ ਨੂੰ ਦੱਸਿਆ ਕਿ ਉਹ ਹਰ ਰੋਜ਼ ਆਪਣੇ ਭੈਣ ਅਤੇ ਭਰਾ ਨਾਲ ਫੋਨ 'ਤੇ ਗੱਲ ਕਰਦਾ ਹੀ ਰਹਿੰਦਾ ਸੀ। ਉਸ ਦੇ ਭਰਾ ਰੋਮਿਤ ਨੇ ਦੱਸਿਆ ਕਿ ਜਿਸ ਦਿਨ ਇਹ ਮੰਦਭਾਗਾ ਹਾਦਸਾ ਹੋਇਆ, ਉਸ ਦਿਨ ਉਸ ਨੇ ਆਪਣੇ ਭਰਾ ਚਿਰਾਗ ਨਾਲ ਵੀ ਫੋਨ 'ਤੇ ਗੱਲ ਕੀਤੀ ਸੀ। ਚਿਰਾਗ, ਜੋ ਸਤੰਬਰ 2022 ਵਿਚ ਵੈਨਕੂਵਰ ਚਲਾ ਗਿਆ ਸੀ, ਨੇ ਹੁਣੇ-ਹੁਣੇ ਯੂਨੀਵਰਸਿਟੀ ਕੈਨੇਡਾ ਵੈਸਟ ਵਿਚ ਆਪਣੀ ਐੱਮ.ਬੀ.ਏ. ਦੀ ਪੜ੍ਹਾਈ ਪੂਰੀ ਕੀਤੀ ਸੀ ਅਤੇ ਹਾਲ ਹੀ ਵਿਚ ਉਸਨੂੰ ਵਰਕ ਪਰਮਿਟ ਵੀ ਮਿਲਿਆ ਸੀ।


ਸਫਾ 1 ਦਾ ਬਾਕੀ

## ਚੋਣਾਂ ਤੋ ਪਹਿਲਾਂ ਟਰੰਪ ਨੂੰ ਝਟਕਾ; ਅਪਰਾਧਿਕ ਮੁਕੱਦਮਾ ਸ਼ੁਰੂ....

ਉਸ ਨੂੰ ਫਿਰ ਤੋਂ ਦੁਨੀਆਂ ਸਾਹਮਣੇ ਪੇਸ਼ ਕੀਤਾ ਜਾਵੇਗਾ। ਟਰੰਪ ਦੇ ਸਾਬਕਾ ਸਹਿਯੋਗੀ ਮਾਈਕਲ ਕੋਹੇਨ ਨੇ ਆਪਣੇ ਜਿਨਸੀ ਸਬੰਧਾਂ ਬਾਰੇ ਚੁੱਪ ਰਹਿਣ ਲਈ ਸਟੋਰਮੀ ਡੈਨੀਅਲ ਨਾਮਕ ਇੱਕ ਬਾਲਗ ਸਟਾਰ ਨੂੰ 1.3 ਮਿਲੀਅਨ ਡਾਲਰ ਦਾ ਭੁਗਤਾਨ ਕੀਤਾ। ਟਰੰਪ ਅਤੇ ਸਟੋਰਮੀ ਦਾ ਇੱਕ ਦਹਾਕਾ ਪਹਿਲਾਂ ਜਿਨਸੀ ਸਬੰਧ ਸੀ ਅਤੇ ਇਸ ਬਾਰੇ ਚੁੱਪ ਰਹਿਣ ਲਈ ਬਹੁਤ ਵਧੀਆ ਭੁਗਤਾਨ ਕੀਤਾ ਗਿਆ ਸੀ।

ਟਰੰਪ ਨੇ ਆਪਣੇ 'ਤੇ ਲੱਗੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਟਰੰਪ ਨੇ ਇਸ ਤੋਂ ਪਹਿਲਾਂ ਮਾਮਲੇ ਦੇ ਗਵਾਹਾਂ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਹਾਲਾਂਕਿ, ਟਰੰਪ ਨੇ ਸੋਸ਼ਲ ਮੀਡੀਆ 'ਤੇ ਟਿੱਪਣੀਆਂ ਕੀਤੀਆਂ। ਇਸ ਕਾਰਨ ਸਰਕਾਰੀ ਵਕੀਲ ਨੇ ਜੱਜ ਨੂੰ ਉਸ ਨੂੰ 3000 ਡਾਲਰ ਜੁਰਮਾਨਾ ਕਰਨ ਦੀ ਬੇਨਤੀ ਕੀਤੀ। ਟਰੰਪ ਦੇ ਖਿਲਾਫ ਕੇਸ ਦੀ ਸੁਣਵਾਈ ਲਈ ਹੁਣ 12 ਮੈਂਬਰੀ ਜਿਊਰੀ ਦੀ ਚੋਣ ਕੀਤੀ ਜਾਵੇਗੀ। ਟਰੰਪ ਦੇ ਖਿਲਾਫ ਕੁੱਲ ਚਾਰ ਅਪਰਾਧਿਕ ਮਾਮਲੇ ਹਨ, ਜਿਨ੍ਹਾਂ 'ਚੋਂ ਇਹ ਮਾਮਲਾ ਸਭ ਤੋਂ ਗੰਭੀਰ ਮੰਨਿਆ ਜਾਂਦਾ ਹੈ। ਪਰ ਇਹ ਇੱਕ ਅਜਿਹਾ ਮਾਮਲਾ ਹੈ, ਜੋ 5 ਨਵੰਬਰ ਨੂੰ ਹੋਣ ਵਾਲੀਆ ਰਾਸ਼ਟਰਪਤੀ ਚੋਣ ਤੋਂ ਪਹਿਲਾਂ ਸ਼ੁਰੂ ਹੋ ਜਾਵੇਗਾ, ਜਦੋਂ ਕਿ ਬਾਕੀ ਮਾਮਲੇ ਚੋਣਾਂ ਤੋਂ ਬਾਅਦ ਸ਼ੁਰੂ ਹੋਣੇ ਹਨ। ਜੇਕਰ ਟਰੰਪ ਇਸ ਮਾਮਲੇ 'ਚ ਦੋਸ਼ੀ ਪਾਏ ਜਾਂਦੇ ਹਨ, ਤਾਂ ਉਹ ਰਾਸ਼ਟਰਪਤੀ ਦੇ ਅਹੁਦੇ 'ਤੇ ਰਹਿ ਸਕਦੇ ਹਨ ਪਰ ਉਨ੍ਹਾਂ ਦੇ ਆਪ ਹੀ ਚੋਣ ਹਾਰ ਜਾਣ ਦੀ ਸੰਭਾਵਨਾ ਵੀ ਜ਼ਿਆਦਾ ਹੈ। ਕਿਹਾ ਜਾਂਦਾ ਹੈ ਕਿ ਅਮਰੀਕੀ ਰਾਸ਼ਟਰਪਤੀ ਰਹਿ ਚੁੱਕੇ ਟਰੰਪ ਨੂੰ ਬੋਲਣਾ ਵੀ ਨਹੀਂ ਆਉਂਦਾ। 2005 ਵਿਚ ਉਨ੍ਹਾਂ ਕਿਹਾ ਕਿ ਔਰਤਾਂ ਨੂੰ ਬਿਨਾਂ ਪੁੱਛੇ ਮਰਜ਼ੀ ਨਾਲ ਲਿਆ ਜਾਣਾ ਚਾਹੀਦਾ ਹੈ। ਇਨ੍ਹਾਂ ਗੱਲਬਾਤਾਂ ਦੀ ਰਿਕਾਰਡਿੰਗ ਵੀ ਮੌਜੂਦ ਹੈ। ਹਾਲਾਂਕਿ, ਇਹ ਰਿਕਾਰਡਿੰਗ ਅਦਾਲਤ ਵਿਚ ਨਹੀਂ ਚਲਾਈ ਜਾਵੇਗੀ। ਇਹ ਰਿਕਾਰਡਿੰਗ 2016 ਵਿਚ ਜਾਰੀ ਕੀਤੀ ਗਈ ਸੀ, ਜਦੋਂ ਟਰੰਪ ਆਪਣੀ ਚੋਣ ਮੁਹਿੰਮ ਦੇ ਆਖਰੀ ਪੜਾਅ ਵਿਚ ਸਨ।

# ਲੋਕ ਸਭਾ ਚੋਣਾਂ 2024 ਦੇ ਮੱਦੇਨਜ਼ਰ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਵੱਲੋਂ ਪੀ.ਏ.ਐੱਮ.ਐੱਸ. ਦੀ ਸ਼ੁਰੂਆਤ



**ਚੰਡੀਗੜ੍ਹ, (ਪੰਜਾਬ ਮੇਲ)-** ਨਿਰਪੱਖ ਅਤੇ ਸੁਚਾਰੂ ਚੋਣ ਅਮਲ ਨੂੰ ਯਕੀਨੀ ਬਣਾਉਣ ਲਈ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਵੱਲੋਂ ਆਪਣੇ ਦਫ਼ਤਰ ਵਿਖੇ ਲੋਕ ਸਭਾ ਚੋਣਾਂ 2024 ਲਈ ਪੋਲ ਐਕਟੀਵਿਟੀ ਮੈਨੇਜਮੈਂਟ ਸਿਸਟਮ (ਪੀ.ਏ.ਐੱਮ.ਐੱਸ.) ਦੀ ਸ਼ੁਰੂਆਤ ਕੀਤੀ ਗਈ।

ਜ਼ਿਕਰਯੋਗ ਹੈ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੀ.ਏ.ਐੱਮ.ਐੱਸ. ਨੇ ਵੱਖ-ਵੱਖ ਚੋਣ ਪ੍ਰੋਗਰਾਮਾਂ ਜਿਵੇਂ ਕਿ ਪੋਲ ਪਾਰਟੀਆਂ ਦੀਆਂ ਗਤੀਵਿਧੀਆਂ, ਮੌਕ ਪੋਲ, ਵੋਟਿੰਗ ਪ੍ਰਕਿਰਿਆ ਸ਼ੁਰੂ ਤੇ ਬੰਦ ਹੋਣ, ਸ਼ਾਮ 6 ਵਜੇ ਕਤਾਰ ਵਿਚ ਖੜ੍ਹੇ ਵੋਟਰਾਂ ਦੀ ਗਿਣਤੀ, ਜਮ੍ਹਾਂ ਕਰਵਾਈ ਗਈ ਸਮੱਗਰੀ ਆਦਿ ਦੀ ਨਿਗਰਾਨੀ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਇਹ ਪ੍ਰਣਾਲੀ ਇੱਕ ਸਮਰਪਿਤ ਮੋਬਾਈਲ ਐਪਲੀਕੇਸ਼ਨ ਦੀ ਵਰਤੋਂ ਜ਼ਰੀਏ ਸੈਕਟਰ ਮੈਜਿਸਟ੍ਰੇਟਾਂ ਵੱਲੋਂ ਸਾਰੇ ਪੋਲਿੰਗ ਸਟੇਸ਼ਨਾਂ ਵਿਖੇ ਵੱਖ-ਵੱਖ ਗਤੀਵਿਧੀਆਂ ਦੀ ਰੀਅਲ ਟਾਈਮ ਮਾਨੀਟਰਿੰਗ ਲਈ ਵਧੇਰੇ ਮਦਦਗਾਰ ਸਿੱਧ ਹੋਈ।

ਸਿਬਿਨ ਸੀ ਨੇ ਦੱਸਿਆ ਕਿ ਲੋਕ ਸਭਾ ਚੋਣਾਂ 2024 ਦੇ ਮੱਦੇਨਜ਼ਰ ਪੀ.ਏ.ਐੱਮ.ਐੱਸ. ਨੂੰ ਹੋਰ ਵੀ ਕਾਰਗਰ ਬਣਾਇਆ ਗਿਆ ਹੈ, ਜੋ ਚੋਣ ਪ੍ਰਕਿਰਿਆ ਦੌਰਾਨ ਪਾਰਦਰਸ਼ਤਾ ਨੂੰ ਯਕੀਨੀ ਬਣਾਉਂਦਿਆਂ ਚੋਣਾਂ ਨਾਲ ਸਬੰਧਤ ਵੱਖ-ਵੱਖ ਗਤੀਵਿਧੀਆਂ ਦੇ ਪ੍ਰਬੰਧਨ ਵਿਚ ਅਹਿਮ ਭੂਮਿਕਾ ਨਿਭਾਏਗਾ। ਜੀ.ਪੀ.ਐੱਸ. ਕੋਆਰਡੀਨੇਟਸ ਦੀ ਵਰਤੋਂ ਕਰਦਿਆਂ ਇਹ ਐਪਲੀਕੇਸ਼ਨ ਡਿਸਪੈਚ ਪ੍ਰਕਿਰਿਆ ਦੌਰਾਨ ਪਾਰਟੀਆਂ ਦੀ ਹਲਚਲ 'ਤੇ ਬਾਰੀਕੀ ਨਾਲ ਨਜ਼ਰ ਰੱਖਦੀ ਹੈ ਅਤੇ ਹਰ ਕਦਮ 'ਤੇ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਂਦੀ ਹੈ।

## ਲੋਕ ਸਭਾ ਚੋਣਾਂ: ਤੀਜੇ ਗੇੜ ਲਈ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਆਖਰੀ ਮਿਤੀ 19 ਅਪ੍ਰੈਲ

**ਨਵੀਂ ਦਿੱਲੀ, (ਪੰਜਾਬ ਮੇਲ)-** ਦੇਸ਼ ਭਰ ਦੀਆਂ 94 ਸੀਟਾਂ 'ਤੇ 7 ਮਈ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਤੀਜੇ ਪੜਾਅ ਲਈ ਨਾਮਜ਼ਦਗੀਆਂ ਪ੍ਰਕਿਰਿਆ ਸ਼ੁਰੂ ਕਰਨ ਲਈ ਚੋਣ ਕਮਿਸ਼ਨ ਨੇ ਰਾਸ਼ਟਰਪਤੀ ਦੀ ਤਰਫੋਂ ਨੋਟੀਫਿਕੇਸ਼ਨ ਜਾਰੀ ਕੀਤਾ, ਜਿਸ ਤੋਂ ਬਾਅਦ ਇਹ ਪ੍ਰਕਿਰਿਆ ਸ਼ੁਰੂ ਹੋਈ। ਤੀਜੇ ਪੜਾਅ ਲਈ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਆਖਰੀ ਮਿਤੀ 19 ਅਪ੍ਰੈਲ ਹੈ। ਚੋਣ ਕਮਿਸ਼ਨ ਨੇ ਕਿਹਾ ਕਿ ਮੱਧ ਪ੍ਰਦੇਸ਼ ਦੇ ਬੈਤੂਲ ਹਲਕੇ ਵਿਚ ਮੁਲਤਵੀ ਚੋਣਾਂ ਲਈ ਵੱਖਰਾ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਗਿਆ ਹੈ। ਤੀਜੇ ਪੜਾਅ ਵਿਚ ਜਿਨ੍ਹਾਂ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਚੋਣਾਂ ਹੋਣੀਆਂ ਹਨ, ਉਨ੍ਹਾਂ ਵਿਚ ਅਸਾਮ, ਬਿਹਾਰ, ਛੱਤੀਸਗੜ੍ਹ, ਦਾਦਰ ਅਤੇ ਨਗਰ ਹਵੇਲੀ, ਦਮਨ ਅਤੇ ਦੀਵ, ਗੋਆ, ਗੁਜਰਾਤ, ਜੰਮੂ ਅਤੇ ਕਸ਼ਮੀਰ, ਕਰਨਾਟਕ, ਮਹਾਰਾਸ਼ਟਰ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਪੱਛਮੀ ਬੰਗਾਲ ਸ਼ਾਮਲ ਹਨ।

# ਰਾਸ਼ਟਰਪਤੀ ਚੋਣਾਂ: ਅਮਰੀਕਾ 'ਚ 5 ਮਿਲੀਅਨ ਹਿੰਦੂ ਵੋਟਰਾਂ ਨੂੰ ਲੁਭਾਉਣ ਲਈ ਟਰੰਪ-ਬਾਇਡਨ ਦੀ ਲੜਾਈ



**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)-** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਆਪਣੀ 2024 ਦੀ ਰਾਸ਼ਟਰਪਤੀ ਚੋਣ ਮੁਹਿੰਮ ਵਿਚ ਭਾਰਤੀਆਂ, ਖਾਸ ਕਰਕੇ ਹਿੰਦੂ ਅਮਰੀਕੀਆਂ 'ਤੇ ਜ਼ਿਆਦਾ ਧਿਆਨ ਦੇ ਰਹੇ ਹਨ। ਤਾਂ ਜੋ ਉਸ ਨੂੰ ਵੋਟਰਾਂ ਦੇ ਵੱਡੇ ਵਰਗ ਦਾ ਸਮਰਥਨ ਮਿਲ ਸਕੇ। ਭਾਰਤੀ-ਅਮਰੀਕੀਆਂ ਦੇ ਸਬੰਧ ਵਿਚ ਰਾਸ਼ਟਰਪਤੀ ਚੋਣ ਵਿਚ ਇੱਕ ਵੱਡਾ ਰਣਨੀਤਕ ਬਦਲਾਅ ਦੇਖਿਆ ਜਾ ਸਕਦਾ ਹੈ। ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਵੀ ਆਪਣੇ ਵਿਜ਼ਨ ਡਾਕੂਮੈਂਟ 'ਚ 'ਹਿੰਦੂ ਪੇਜ' ਨੂੰ ਸ਼ਾਮਲ ਕਰ ਰਹੇ ਹਨ। ਅਮਰੀਕਾ 'ਚ 50 ਲੱਖ ਤੋਂ ਜ਼ਿਆਦਾ ਹਿੰਦੂ ਹਨ, ਜੋ ਭਾਰਤ ਤੋਂ ਇਲਾਵਾ ਕੈਰੇਬੀਅਨ ਦੇਸ਼ਾਂ, ਦੱਖਣੀ ਅਫਰੀਕਾ, ਨੇਪਾਲ ਅਤੇ ਬੰਗਲਾਦੇਸ਼ ਤੋਂ ਅਮਰੀਕਾ ਪਹੁੰਚੇ ਹਨ। ਇਨ੍ਹਾਂ ਵਿਚੋਂ 33 ਲੱਖ ਰਜਿਸਟਰਡ ਵੋਟਰ ਹਨ। ਇਨ੍ਹਾਂ ਵਿਚੋਂ 60 ਫੀਸਦੀ ਵੋਟਰ ਹਨ। ਜੋ ਰਾਸ਼ਟਰਪਤੀ ਜੋਅ ਬਾਇਡਨ ਦੇ ਸਮਰਥਕ ਹਨ, ਬਾਇਡਨ ਦੇ ਵਿਜ਼ਨ ਦਸਤਾਵੇਜ਼ ਵਿਚ ਇੱਕ ਹਿੰਦੂ ਪੰਨੇ ਸਮੇਤ, ਜ਼ੋਰ ਦੇ ਰਹੇ ਹਨ ਕਿ ਉਸ ਦੀ ਮੁਹਿੰਮ ਹਿੰਦੂ ਅਮਰੀਕੀਆਂ ਨੂੰ ਪੈਂਡਿੰਗ ਕਰਨ ਵਿਚ ਬਹੁਤ ਵਿਅਸਤ ਹੈ। ਨਤੀਜੇ ਵਜੋਂ, ਬਾਇਡਨ ਨੇ ਇਸ ਵਾਰ ਮੁਸਲਮਾਨਾਂ ਅਤੇ ਯਹੂਦੀਆਂ ਵਾਂਗ ਆਪਣੇ ਦਰਸ਼ਨ ਦਸਤਾਵੇਜ਼ ਵਿਚ ਇੱਕ ਹਿੰਦੂ ਪੰਨਾ ਸ਼ਾਮਲ ਕੀਤਾ ਹੈ।

# ਲੋਕ ਸਭਾ ਚੋਣਾਂ ਦੌਰਾਨ ਵਧੀ ਚਾਰਟਰਡ ਜਹਾਜ਼ ਤੇ ਹੈਲੀਕਾਪਟਰ ਦੀ ਮੰਗ

**ਨਵੀਂ ਦਿੱਲੀ, (ਪੰਜਾਬ ਮੇਲ)-** ਲੋਕ ਸਭਾ ਚੋਣਾਂ ਲਈ ਸਿਆਸਤਦਾਨ ਅਤੇ ਸਿਆਸੀ ਪਾਰਟੀਆਂ ਦੇ ਪ੍ਰਤੀਨਿਧੀ ਦੇਸ਼ ਭਰ 'ਚ ਦੌਰਾ ਕਰ ਰਹੇ ਹਨ, ਜਿਸ ਨਾਲ ਚਾਰਟਰਡ ਅਤੇ ਹੈਲੀਕਾਪਟਰ ਦੀ ਮੰਗ 40 ਫ਼ੀਸਦੀ ਤੱਕ ਵਧ ਗਈ ਹੈ। ਮਾਹਿਰਾਂ ਅਨੁਸਾਰ ਇਸ ਨਾਲ ਨਿੱਜੀ ਜਹਾਜ਼ ਤੇ ਹੈਲੀਕਾਪਟਰ ਸੰਚਾਲਕਾਂ ਨੂੰ 15-20 ਫ਼ੀਸਦੀ ਵੱਧ ਕਮਾਈ ਹੋਣ ਦੀ ਆਸ ਹੈ। ਉਨ੍ਹਾਂ ਕਿਹਾ ਕਿ ਚਾਰਟਰਡ ਸੇਵਾਵਾਂ ਲਈ ਪ੍ਰਤੀ ਘੰਟਾ ਦਰਾਂ ਵੀ ਵੱਧ ਗਈਆਂ ਹਨ। ਦੱਸ ਦੇਈਏ ਕਿ ਇਕ ਜਹਾਜ਼ ਲਈ ਫ਼ੀਸ ਲਗਭਗ 4.5-5.25 ਲੱਖ ਰੁਪਏ ਤੇ 2 ਇੰਜਣ ਵਾਲੇ ਹੈਲੀਕਾਪਟਰ ਲਈ ਲਗਭਗ 1.5-1.7 ਲੱਖ ਰੁਪਏ ਹੈ। ਜਿੱਥੇ ਆਮ ਸਮਾਂ ਅਤੇ ਪਿਛਲੇ ਚੋਣ ਸਾਲਾਂ ਦੀ ਤੁਲਨਾ 'ਚ ਮੰਗ ਵਧੀ ਹੈ, ਫਿਕਸਡ ਵਿੰਗ ਜਹਾਜ਼ ਅਤੇ ਹੈਲੀਕਾਪਟਰ ਦੀ ਉਪਲੱਬਧਤਾ ਵੀ ਘੱਟ ਗਿਣਤੀ 'ਚ ਹੈ। ਕੁਝ ਸੰਚਾਲਕ ਦੂਜੀ ਕੰਪਨੀ ਤੋਂ ਜਹਾਜ਼ ਅਤੇ ਹੈਲੀਕਾਪਟਰ ਚਾਲਕ ਦਲ ਨਾਲ ਲੈਣਾ ਚਾਹ ਰਹੇ ਹਨ। ਰੋਟਰੀ ਵਿੰਗ ਸੋਸਾਇਟੀ ਆਫ ਇੰਡੀਆ (ਆਰ.ਡਬਲਯੂ.ਐੱਸ.ਆਈ.) ਦੇ ਪ੍ਰਧਾਨ (ਪੱਛਮੀ ਖੇਤਰ) ਕੈਪਟਨ ਉਦੈ ਗੇਲੀ ਨੇ ਦੱਸਿਆ ਕਿ ਹੈਲੀਕਾਪਟਰ ਦੀ ਮੰਗ ਵਧੀ ਹੈ ਅਤੇ ਇਹ ਆਮ ਮਿਆਦ ਦੀ ਤੁਲਨਾ 'ਚ ਚੋਣ ਮਿਆਦ 'ਚ 25 ਫ਼ੀਸਦੀ ਤੱਕ ਵਧ ਹੈ।

ਦੂਜੇ ਪਾਸੇ ਮੰਗ ਦੀ ਤੁਲਨਾ 'ਚ ਇਸ ਦੀ ਸਪਲਾਈ ਘੱਟ ਹੈ। ਆਮ ਤੌਰ 'ਤੇ ਸਿਆਸੀ ਪਾਰਟੀ ਆਪਣੇ ਉਮੀਦਵਾਰਾਂ ਤੇ ਆਗੂਆਂ ਨੂੰ ਘੱਟ ਸਮੇਂ 'ਚ ਵੱਖ-ਵੱਖ ਥਾਵਾਂ, ਖ਼ਾਸ ਕਰਕੇ ਦੂਰ-ਦੁਰਾਡੇ ਦੇ ਇਲਾਕੇ 'ਚ ਪੁੱਜਣ ਲਈ ਹੈਲੀਕਾਪਟਰ ਦੀ ਵਰਤੋਂ ਕਰਦੇ ਹਨ। ਇਸ ਸਬੰਧ ਵਿਚ ਗੇਲੀ ਨੇ ਕਿਹਾ ਕਿ ਉੱਤਰ ਪ੍ਰਦੇਸ਼, ਪੱਛਮੀ ਬੰਗਾਲ, ਤਮਿਲਨਾਡੂ ਤੇ ਆਂਧਰਾ ਪ੍ਰਦੇਸ਼ ਵਰਗੇ ਵੱਡੇ ਸੂਬਿਆਂ 'ਚ ਹੈਲੀਕਾਪਟਰਾਂ ਦੀ ਵਰਤੋਂ ਵੱਧ ਦੇਖੀ ਜਾ ਰਹੀ ਹੈ।

## 'ਅਮਰੀਕਾ 'ਚ 11 ਭਾਰਤੀ ਵਿਦਿਆਰਥੀਆਂ ਦੀ ਮੌਤ ਚਿੰਤਾ ਦਾ ਵਿਸ਼ਾ ਪਰ ਇਹ ਨਫ਼ਰਤੀ ਅਪਰਾਧ ਨਹੀਂ'

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਭਾਰਤ ਤੋਂ ਆਉਣ ਵਾਲੇ ਵਿਦਿਆਰਥੀਆਂ ਨੂੰ ਵਧੀਆ ਮਾਹੌਲ ਪ੍ਰਦਾਨ ਕਰਨ ਲਈ ਲਗਾਤਾਰ ਯਤਨ ਕਰ ਰਿਹਾ ਹੈ। ਪ੍ਰਮੁੱਖ ਭਾਰਤੀ-ਅਮਰੀਕੀ ਸਿੱਖਿਆ ਸ਼ਾਸਤਰੀ ਨੇ ਇਸ ਸਾਲ ਭਾਰਤੀ ਮੂਲ ਦੇ 11 ਵਿਦਿਆਰਥੀਆਂ ਦੀ ਮੌਤ ਜਾਂ ਇਸ ਸਾਲ ਭਾਰਤ ਤੋਂ ਆਉਣ ਦੀਆਂ ਰਿਪੋਰਟਾਂ ਦੇ ਮੱਦੇਨਜ਼ਰ ਇਹ ਗੱਲ ਕਹੀ। ਅਮਰੀਕਾ 'ਚ ਭਾਰਤੀਆਂ 'ਤੇ ਹਮਲਿਆਂ ਦੀਆਂ ਘਟਨਾਵਾਂ ਨੇ ਭਾਰਤੀ ਭਾਈਚਾਰੇ ਅਤੇ ਭਾਰਤ 'ਚ ਰਹਿ ਰਹੇ ਵਿਦਿਆਰਥੀਆਂ ਦੇ ਪਰਿਵਾਰਾਂ ਦੀ ਚਿੰਤਾ ਵਧਾ ਦਿੱਤੀ ਹੈ। ਅਮਰੀਕਾ ਵਿਚ ਹੋਈਆਂ ਇਨ੍ਹਾਂ ਮੌਤਾਂ ਪਿੱਛੇ ਹਮਲਾਵਰਾਂ ਦੇ ਮਕਸਦ ਦਾ ਪਤਾ ਨਹੀਂ ਲੱਗਿਆ ਅਤੇ ਭਾਰਤੀ ਡਿਪਲੋਮੈਟਿਕ ਮਿਸ਼ਨਾਂ ਨੇ ਵਿਦਿਆਰਥੀਆਂ ਨਾਲ ਸੰਪਰਕ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਇਸ ਵਿਚ ਵਿਦਿਆਰਥੀ ਯੂਨੀਅਨਾਂ ਨਾਲ ਤਾਲਮੇਲ ਕਰਨਾ ਅਤੇ ਵਿਦਿਆਰਥੀਆਂ ਨੂੰ ਸਮੇਂ-ਸਮੇਂ 'ਤੇ ਜਾਰੀ ਹਦਾਇਤਾਂ ਤੋਂ ਜਾਣੂ ਕਰਵਾਉਣਾ ਸ਼ਾਮਲ ਹੈ। ਵਰਜੀਨੀਆ ਦੀ ਜਾਰਜ ਮੇਸਨ ਯੂਨੀਵਰਸਿਟੀ ਦੇ ਸਕੂਲ ਆਫ਼ ਕੰਪਿਊਟਿੰਗ ਦੇ ਡਿਵੀਜ਼ਨਲ ਡੀਨ ਗੁਰਦੀਪ ਸਿੰਘ ਨੇ ਕਿਹਾ, 'ਇਹ ਮੰਦਭਾਗਾ ਹੈ ਕਿ ਇਸ ਸਾਲ ਅਜਿਹੀਆਂ ਘਟਨਾਵਾਂ ਵਾਪਰੀਆਂ।




# ਇਹ ਯੁੱਗ ਸ਼ਾਂਤੀ, ਸਮਾਨਤਾਵਾਦ ਅਤੇ ਸਹਿਯੋਗ ਵਾਲਾ ਹੈ, ਨਾ ਕਿ ਦੂਸਰੇ ਦੇਸ਼ ਦੀ ਵਿਨਾਸ਼ਕਾਰੀ

-ਸੁਰਜੀਤ ਸਿੰਘ ਫਲੋਰਾ
ਬਰੈਂਪਟਨ, ਕੈਨੇਡਾ
647-829-9397
(Punjab Mail USA)



ਇਜ਼ਰਾਈਲ ਅਤੇ ਹਮਾਸ ਵਿਚਕਾਰ ਛੇ ਮਹੀਨੇ ਪਹਿਲਾਂ ਸ਼ੁਰੂ ਹੋਈ ਜੰਗ ਹੁਣ ਪੱਛਮੀ ਏਸ਼ੀਆ ਦੇ ਹੋਰ ਦੇਸ਼ਾਂ ਨੂੰ ਘੇਰ ਰਹੀ ਹੈ। ਖਾਸ ਤੌਰ 'ਤੇ ਇਸ ਮੁੱਦੇ 'ਤੇ ਈਰਾਨ ਅਤੇ ਇਜ਼ਰਾਈਲ ਵਿਚਾਲੇ ਸਿੱਧਾ ਟਕਰਾਅ ਰਿਹਾ ਹੈ। ਈਰਾਨ ਨੇ ਬੀਤੇ ਐਤਵਾਰ ਰਾਤ ਨੂੰ ਇਜ਼ਰਾਈਲ ਦੁਆਰਾ ਆਪਣੇ ਦੂਤਘਰ 'ਤੇ ਹਮਲਾ ਕਰਨ ਅਤੇ ਇੱਕ ਜਨਰਲ ਅਤੇ ਹੋਰ ਫੌਜੀ ਲੋਕਾਂ ਦੀ ਹੱਤਿਆ ਕਰਨ ਦਾ ਜਵਾਬ ਦਿੱਤਾ। ਵੱਖ-ਵੱਖ ਸਾਈਟਾਂ 200 ਡਰੋਨ ਅਤੇ 20-30 ਬੈਲਿਸਟਿਕ ਮਿਜ਼ਾਈਲਾਂ ਦੀ ਵਰਤੋਂ ਨਾਲ ਹਮਲਾ ਕੀਤਾ ਸੀ। ਅਮਰੀਕਾ, ਬ੍ਰਿਟੇਨ, ਫਰਾਂਸ ਅਤੇ ਹੋਰ ਦੇਸ਼ਾਂ ਦੀ ਮਦਦ ਨਾਲ ਇਜ਼ਰਾਈਲ ਨੇ ਇਸ ਹਮਲੇ ਨੂੰ 99 ਫੀਸਦੀ ਤੱਕ ਅਸਫਲ ਕਰਨ ਦਾ ਦਾਅਵਾ ਕੀਤਾ ਹੈ। ਬ੍ਰਿਟੇਨ ਦੇ ਪ੍ਰਧਾਨ ਮੰਤਰੀ ਸੂਨਕ ਨੇ ਵੀ ਮੰਨਿਆ ਹੈ ਕਿ ਉਨ੍ਹਾਂ ਦੇ ਜਹਾਜ਼ ਨੇ ਈਰਾਨੀ ਹਮਲੇ ਨੂੰ ਨਾਕਾਮ ਕਰਨ 'ਚ ਭੂਮਿਕਾ ਨਿਭਾਈ ਹੈ।

ਈਰਾਨ ਨੇ 200 ਸਹੀਦ ਡਰੋਨ ਦਾਗੇ, ਜਿਸ ਨੂੰ ਇਜ਼ਰਾਈਲ ਤੱਕ ਪਹੁੰਚਣ ਵਿਚ 7-8 ਘੰਟੇ ਲੱਗ ਗਏ, ਜਿਸ ਨਾਲ ਇਜ਼ਰਾਈਲ ਅਤੇ ਇਸਦੇ ਸਹਿਯੋਗੀਆਂ ਨੂੰ ਉਨ੍ਹਾਂ ਨੂੰ ਅਕਾਸ਼ ਵਿਚ ਹੀ ਨਸ਼ਟ ਕਰਨ ਲਈ ਕਾਫ਼ੀ ਸਮਾਂ ਮਿਲਿਆ।

ਇਜ਼ਰਾਈਲ ਦੀ ਸੁਰੱਖਿਆ ਲਈ ਅਮਰੀਕਾ, ਬ੍ਰਿਟੇਨ, ਫਰਾਂਸ ਅਤੇ ਜਾਰਡਨ ਨੇ ਇਨ੍ਹਾਂ ਡਰੋਨਾਂ ਨੂੰ ਡੇਗ ਦਿੱਤਾ। ਰੂਸ ਇਨ੍ਹਾਂ ਡਰੋਨਾਂ ਦੀ ਵਰਤੋਂ ਬੈਲਿਸਟਿਕ ਮਿਜ਼ਾਈਲਾਂ ਦੀ ਸੁਰੱਖਿਆ ਲਈ ਹਵਾਈ ਸੁਰੱਖਿਆ ਨੂੰ ਸੰਤ੍ਰਿਪਤ ਕਰਨ ਲਈ ਕਰ ਰਿਹਾ ਹੈ ਅਤੇ ਈਰਾਨ ਦਾ ਇਰਾਦਾ ਪ੍ਰਤੀਤ ਹੁੰਦਾ ਹੈ ਕਿ ਨਾਗਰਿਕ ਬੁਨਿਆਦੀ ਢਾਂਚੇ ਦੇ ਨੁਕਸਾਨ ਨੂੰ ਰੋਕਿਆ ਜਾਵੇ।

ਹਾਲਾਂਕਿ, ਡਰੋਨ ਸੰਤ੍ਰਿਪਤਾ ਨੇ ਈਰਾਨ ਨੂੰ ਬੈਲਿਸਟਿਕ ਮਿਜ਼ਾਈਲਾਂ ਨਾਲ ਦੋ ਮੁੱਖ ਇਜ਼ਰਾਈਲੀ ਹਵਾਈ ਅੱਡੇ ਨੂੰ ਨਿਸ਼ਾਨਾ ਬਣਾਉਣ ਦੀ ਇਜਾਜ਼ਤ ਦਿੱਤੀ ਸੀ। ਇੰਟਰਨੈੱਟ ਇੰਟੈਲੀਜੈਂਸ ਫੀਡਸ 3 ਮਿਜ਼ਾਈਲਾਂ ਦੁਆਰਾ ਮਾਰੇ ਗਏ ਹਰੇਕ ਆਧਾਰ ਨੂੰ ਦਰਸਾਉਂਦੇ ਹਨ। ਸਟਰਾਈਕ ਦੀ ਸਹੀ ਸੰਖਿਆ ਅਤੇ ਹਰੇਕ ਬੇਸ 'ਤੇ ਮਿਜ਼ਾਈਲ ਪ੍ਰਭਾਵਾਂ ਵਿਚਕਾਰ ਪਾੜਾ ਦਰਸਾਉਂਦਾ ਹੈ ਕਿ ਇਹ ਯੋਜਨਾ ਸੀ-ਹਰੇਕ ਬੇਸ ਨੂੰ 3 ਮਿਜ਼ਾਈਲਾਂ ਨਾਲ ਲੈਸ ਕੀਤਾ ਗਿਆ ਸੀ। ਇਨ੍ਹਾਂ ਠਿਕਾਣਿਆਂ ਦੀ ਵਰਤੋਂ ਅਤੀਤ ਵਿਚ ਈਰਾਨੀ ਸੈਨਿਕਾਂ 'ਤੇ ਹਮਲਾ ਕਰਨ ਲਈ ਕੀਤੀ ਗਈ ਸੀ ਅਤੇ ਇਨ੍ਹਾਂ ਵਿਚੋਂ ਇੱਕ ਦੇ ਜਹਾਜ਼ਾਂ ਨੇ ਈਰਾਨੀ ਦੂਤਾਵਾਸ 'ਤੇ ਹਮਲਾ ਕੀਤਾ ਸੀ, ਇਸ ਲਈ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਗਿਆ ਜਾਪਦਾ ਹੈ।

ਇਜ਼ਰਾਈਲ ਅਤੇ ਇਸਦੇ ਵਫ਼ਾਦਾਰ ਸਹਿਯੋਗੀਆਂ ਨੇ ਇੱਕ ਰਾਤ ਵਿਚ ਇਨ੍ਹਾਂ 10,000 ਡਾਲਰ ਦੇ ਡਰੋਨਾਂ ਨੂੰ ਨਸ਼ਟ ਕਰਕੇ 1 ਬਿਲੀਅਨ ਡਾਲਰ ਦਾ ਨੁਕਸਾਨ ਕੀਤਾ।

ਈਰਾਨ ਨੇ ਲੋਕਾਂ ਨੂੰ ਨੁਕਸਾਨ ਨਾ ਪਹੁੰਚਾਉਣ ਲਈ ਜਾਣਬੁੱਝ ਕੇ ਇਜ਼ਰਾਈਲ ਦੇ ਸਾਬਕਾ ਏਅਰਬੇਸ ਨੂੰ ਨਿਸ਼ਾਨਾ ਬਣਾਇਆ, ਜੋ ਕਾਮਯਾਬ ਸਾਬਿਤ ਹੋਇਆ ਹੈ। ਇਹ ਇਜ਼ਰਾਈਲ ਅਤੇ ਦੁਨੀਆਂ ਨੂੰ ਇੱਕ ਸਖ਼ਤ ਸੰਦੇਸ਼ ਭੇਜਦਾ ਹੈ। ਇਹ ਕਹਿੰਦਾ ਹੈ:

ਇਜ਼ਰਾਈਲ ਈਰਾਨੀ ਫੌਜੀ ਕਰਮਚਾਰੀਆਂ ਅਤੇ ਦੂਤਾਵਾਸਾਂ 'ਤੇ ਹਮਲਾ ਕਰਕੇ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਕਰ ਰਿਹਾ ਹੈ। ਅਸੀਂ ਸੰਯੁਕਤ ਰਾਸ਼ਟਰ ਸੰਮੇਲਨ ਦੇ ਆਰਟੀਕਲ 51 ਦੇ ਅੰਦਰ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਕਰਨ ਲਈ ਵਰਤੇ ਗਏ ਫੌਜੀ ਟੀਚਿਆਂ ਨੂੰ ਮਾਰ ਕੇ ਜਵਾਬ ਦਿੱਤਾ ਹੈ।

ਸਾਰੇ ਇਮਾਨਦਾਰ ਪ੍ਰਦਰਸ਼ਨਕਾਰ ਇਸ ਕੈਲੀਬਰੇਟਡ ਜਵਾਬ ਨੂੰ ਸਵੀਕਾਰ ਕਰਦੇ ਹਨ। ਕਿਉਂਕਿ ਅੰਤਰਰਾਸ਼ਟਰੀ ਪ੍ਰਕਿਰਿਆਵਾਂ ਨੇ ਇਜ਼ਰਾਈਲ ਦੇ ਅੰਤਰਰਾਸ਼ਟਰੀ ਕਾਨੂੰਨ ਦੇ ਪੁਰਾਣੇ ਉਲੰਘਣਾਵਾਂ ਲਈ ਕੁਝ ਵੀ ਪੂਰਾ ਨਹੀਂ ਕੀਤਾ ਅਤੇ ਸੰਯੁਕਤ ਰਾਸ਼ਟਰ ਅਮਰੀਕਾ, ਯੂ.ਕੇ. ਅਤੇ ਫਰਾਂਸ ਦੇ ਵੀਟੋ ਦੁਆਰਾ ਅਪਾਹਜ ਹੈ, ਈਰਾਨ ਨੂੰ ਸਵੈ-ਰੱਖਿਆ ਵਿਚ ਧਾਰਾ 51 ਦੀ ਵਰਤੋਂ ਕਰਨੀ ਪਈ। ਇਜ਼ਰਾਈਲ ਹੁਣ ਮੰਨਦਾ ਹੈ ਕਿ ਉਸ ਦੀਆਂ ਕਾਰਵਾਈਆਂ ਦੇ ਨਤੀਜੇ ਹਨ।

ਈਰਾਨ ਨੇ ਦਿਖਾਇਆ ਕਿ ਉਹ ਆਸਾਨੀ ਨਾਲ ਇਜ਼ਰਾਈਲ ਦੀ ਹਵਾਈ ਰੱਖਿਆ ਨੂੰ ਪਾਰ ਕਰ ਸਕਦਾ ਹੈ ਅਤੇ ਟੀਚਿਆਂ ਨੂੰ ਮਾਰ ਸਕਦਾ ਹੈ, ਜੋ ਉਨ੍ਹਾਂ ਲਈ ਇੱਕ ਵੱਡਾ ਸੰਦੇਸ਼। ਇਸ ਨੇ ਤਿੰਨ ਦੇਸ਼ਾਂ ਨੂੰ ਡਰੋਨ ਅਤੇ ਮਿਜ਼ਾਈਲਾਂ ਨੂੰ ਨਸ਼ਟ ਕਰਨ ਵਿਚ ਇਜ਼ਰਾਈਲ ਦੀ ਮਦਦ ਕਰਨ ਲਈ ਵੀ ਕਿਹਾ ਹੈ। ਈਰਾਨ ਨੇ ਦਿਖਾਇਆ ਕਿ ਉਹ ਇਜ਼ਰਾਈਲ ਦੇ ਸਹਿਯੋਗੀਆਂ ਦੇ ਸਮਰਥਨ ਦੇ ਬਾਵਜੂਦ ਅਜਿਹਾ ਕਰ ਸਕਦਾ ਹੈ। ਉਨ੍ਹਾਂ ਦੇ ਬਚਾਅ 'ਤੇ ਕਾਬੂ ਪਾਉਣ ਦੀ ਯੋਗਤਾ ਇਨ੍ਹਾਂ ਦੋਸਤਾਂ ਵਿਚੋਂ ਕਿਸੇ ਨੂੰ ਵੀ ਕਮਜ਼ੋਰ ਬਣਾ ਦਿੰਦੀ ਹੈ।









## ਭੂ-ਰਾਜਨੀਤਿਕ ਪ੍ਰਭਾਵ :

ਈਰਾਨ ਨੇ ਅਮਰੀਕਾ ਨੂੰ ਚੇਤਾਵਨੀ ਦਿੰਦੇ ਹੋਏ ਇੱਕ ਦਿਨ ਪਹਿਲਾਂ ਹੋਰਮੁਜ਼ ਜਲਡਮੱਧੀ ਵਿਚ ਇੱਕ ਇਜ਼ਰਾਈਲੀ ਜਹਾਜ਼ ਨੂੰ ਜ਼ਬਤ ਕਰ ਲਿਆ ਅਤੇ ਹਿਰਾਸਤ ਵਿਚ ਲੈ ਲਿਆ ਤੇ ਕਿਹਾ ਕਿ ਜੇਕਰ ਬਦਨਾਮ ਕੀਤਾ ਗਿਆ, ਤਾਂ ਅਸੀਂ ਹੋਰਮੁਜ਼ ਸਟ੍ਰੇਟ ਨੂੰ ਸੀਲ ਕਰ ਦੇਵਾਂਗੇ। ਇਹ ਊਰਜਾ ਦੀਆਂ ਕੀਮਤਾਂ ਵਧਾ ਕੇ ਪੱਛਮ ਦੀ ਆਰਥਿਕਤਾ ਨੂੰ ਤਬਾਹ ਕਰ ਦੇਵੇਗਾ। ਬਾਇਡਨ ਪ੍ਰਸ਼ਾਸਨ ਨੇ ਸਮਝਦਾਰੀ ਦਾ ਸੁਝਾਅ ਦਿੰਦੇ ਹੋਏ ਇਜ਼ਰਾਈਲ ਨੂੰ ਬੀਤੀ ਰਾਤ ਈਰਾਨੀ ਡਰੋਨ ਹਮਲੇ ਦਾ ਜਵਾਬ ਨਾ ਦੇਣ ਦੀ ਹਦਾਇਤ ਕੀਤੀ।

ਰੂਸ ਨੇ ਦੋ ਦਿਨ ਪਹਿਲਾਂ ਇੱਕ ਵਿਸ਼ਾਲ ਅੰਤਰ-ਮਹਾਂਦੀਪੀ ਬੈਲਿਸਟਿਕ ਮਿਜ਼ਾਈਲ ਦਾ ਪ੍ਰੀਖਣ ਕੀਤਾ ਸੀ। ਸੰਦਰਭ ਦੇ ਅਨੁਸਾਰ, ਰੂਸ ਦਾ ਟੈਸਟ ਸਪੱਸ਼ਟੀਕਰਨ ਦਿਲਚਸਪ ਨਹੀਂ ਸੀ। ਹਾਲਾਂਕਿ, ਰੂਸ ਸੀਰੀਆ ਦੇ ਮਾਮਲੇ ਦੌਰਾਨ ਅਮਰੀਕਾ ਨੂੰ ਸੰਦੇਸ਼ ਭੇਜਣ ਲਈ ਅਜਿਹੀਆਂ ਮਿਜ਼ਾਈਲਾਂ ਦੀ ਵਰਤੋਂ ਕਰ ਰਿਹਾ ਸੀ ਅਤੇ ਕਿਉਂਕਿ ਈਰਾਨ ਰੂਸ ਦੀ ਸਲਾਹ ਤੋਂ ਬਿਨਾਂ ਬੀਤੀ ਰਾਤ ਵਾਂਗ ਕੰਮ ਨਹੀਂ ਕਰੇਗਾ, ਇਸ ਲਈ ਇਹ ਮਿਜ਼ਾਈਲ ਪ੍ਰੀਖਣ ਅਮਰੀਕਾ ਅਤੇ ਉਸਦੇ ਸਹਿਯੋਗੀਆਂ ਲਈ ਇੱਕ ਚੇਤਾਵਨੀ ਜਾਪਦਾ ਹੈ, ਈਰਾਨ 'ਤੇ ਹਮਲਾ ਕਰਨ ਲਈ।

ਹੈਰਾਨੀ ਸੀ ਖਾੜੀ ਸਰਕਾਰਾਂ ਵੱਲੋਂ ਈਰਾਨ 'ਤੇ ਹਮਲਾ ਕਰਨ ਲਈ ਆਪਣੀ ਧਰਤੀ 'ਤੇ ਅਮਰੀਕੀ ਠਿਕਾਣਿਆਂ ਦੀ ਵਰਤੋਂ ਕਰਨ ਤੋਂ ਸਪੱਸ਼ਟ ਇਨਕਾਰ ਕਰ ਦਿੱਤਾ। ਇਹ ਮਹੱਤਵਪੂਰਨ ਹੈ ਕਿਉਂਕਿ ਅਮਰੀਕਾ ਅਤੇ ਇਨ੍ਹਾਂ ਦੇਸ਼ਾਂ ਨੇ 1970 ਦੇ ਦਹਾਕੇ ਦੇ ਅਖੀਰ ਵਿਚ ਯੂ.ਐੱਸ.ਐੱਸ.ਆਰ. ਦੀ ਆਰਥਿਕਤਾ ਦਾ ਗਲਾ ਘੁੱਟ ਦਿੱਤਾ ਸੀ। ਅਜਿਹੇ ਦੇਸ਼ਾਂ ਦਾ ਐਲਾਨ ਦਰਸਾਉਂਦਾ ਹੈ ਕਿ ਚੀਜ਼ਾਂ ਕਿਵੇਂ ਵਿਕਸਿਤ ਹੋਈਆਂ ਹਨ।

ਇਸ ਕਦਮ ਨੇ ਚੀਨ ਦੀ ਸਖ਼ਤ ਪ੍ਰਤੀਕਿਰਿਆ ਦਿੱਤੀ। ਚੀਨੀ ਮੀਡੀਆ ਨੇ ਕਿਹਾ ਕਿ ਈਰਾਨ ਨੇ ਇਜ਼ਰਾਈਲੀ ਦੂਤਘਰ ਹਮਲੇ ਦਾ ਚੁੱਪਚਾਪ ਜਵਾਬ ਦਿੱਤਾ। ਚੀਨੀ ਸਰਕਾਰ ਨੇ ਖੇਤਰੀ ਵਾਧੇ 'ਤੇ ਚਿੰਤਾ ਜ਼ਾਹਰ ਕੀਤੀ ਪਰ ਇਸ ਘਟਨਾ ਦਾ ਵਿਰੋਧ ਨਹੀਂ ਕੀਤਾ। ਜੋ ਇਜ਼ਰਾਈਲ ਅਤੇ ਅਮਰੀਕਾ ਅਤੇ ਇਸ ਦੇ ਸਹਿਯੋਗੀਆਂ ਲਈ ਇੱਕ ਗੁਪਤ ਚੇਤਾਵਨੀ ਜਾਪਦੀ ਹੈ।

ਚੀਨ ਵਾਂਗ ਭਾਰਤ ਨੇ ਵੀ ਈਰਾਨੀ ਹਮਲੇ ਦੀ ਨਿੰਦਾ ਕੀਤੇ ਬਿਨਾਂ ਇਜ਼ਰਾਈਲ ਅਤੇ ਇਸ ਦੇ ਹਮਾਇਤੀਆਂ ਨੂੰ ਇਹੀ ਸੰਦੇਸ਼ ਦਿੰਦੇ ਹੋਏ ਖੇਤਰੀ ਤਣਾਅ ਬਾਰੇ ਚਿੰਤਾ ਜ਼ਾਹਰ ਕੀਤੀ ਹੈ।

ਇਸ ਹਮਲੇ ਤੋਂ ਇਹ ਵੀ ਸਿੱਧ ਹੋ ਚੁੱਕਾ ਹੈ ਕਿ ਇਜ਼ਰਾਈਲੀ ਹਵਾਈ ਰੱਖਿਆ ਕਮਜ਼ੋਰ ਹਨ। ਇਸ ਤੋਂ ਇਲਾਵਾ, ਇਸ ਦੇ ਸਹਿਯੋਗੀਆਂ ਦੀ ਹਵਾਈ ਰੱਖਿਆ ਅਜਿੱਤ ਨਹੀਂ ਹੈ।

ਇਥੇ ਇਹ ਵੀ ਹੈਰਾਨੀ ਵਾਲੀ ਗੱਲ ਹੈ ਕਿ 10,000 ਡਾਲਰ ਦੇ ਡਰੋਨਾਂ ਨੂੰ ਸੁੱਟਣ ਲਈ ਰਾਤੋ-ਰਾਤ 1 ਬਿਲੀਅਨ ਡਾਲਰ ਖਰਚ ਕਰਨ ਨਾਲ, ਆਉਣ ਵਾਲੇ ਡਰੋਨਾਂ ਨੂੰ ਨਿਸ਼ਾਨਾ ਬਣਾਉਣਾ ਕਿਸੇ ਟੀਚੇ ਨੂੰ ਹੋਣ ਵਾਲੇ ਕਿਸੇ ਵੀ ਸਰੀਰਕ ਨੁਕਸਾਨ ਨਾਲੋਂ ਮਹਿੰਗਾ ਲੱਗਦਾ ਹੈ। ਈਰਾਨ ਨੂੰ ਇਸ ਬਿੰਦੂ 'ਤੇ ਕਿਸੇ ਵੀ ਟੀਚੇ ਨੂੰ ਨਿਸ਼ਾਨਾ ਬਣਾਉਣ ਦੀ ਜ਼ਰੂਰਤ ਨਹੀਂ ਹੈ-ਇਹ ਸਿਰਫ ਡ੍ਰੋਨ ਨੂੰ ਗੋਲੀ ਮਾਰਨ ਲਈ ਭੇਜਣਾ ਜਾਰੀ ਰੱਖ ਸਕਦਾ ਹੈ ਅਤੇ ਇਸਦੇ ਵਿਰੋਧੀਆਂ ਨੂੰ ਹਰ 10,000 ਡਾਲਰ ਡਰੋਨ ਨੂੰ ਮਾਰਨ ਲਈ 1 ਮਿਲੀਅਨ ਡਾਲਰ ਮਿਜ਼ਾਈਲਾਂ 'ਤੇ ਖਰਚਣ ਲਈ ਮਜਬੂਰ ਕਰ ਸਕਦਾ ਹੈ। ਅਮਰੀਕਾ ਅਤੇ ਇਸਦੇ ਉਪਗ੍ਰਹਿ ਇਜ਼ਰਾਈਲ ਦੀ ਸਹਾਇਤਾ ਲਈ ਬਹੁਤ ਮਹਿੰਗੇ ਭੁਗਤਾਨ ਕਰਨੇ ਪੈ ਸਕਦੇ ਹਨ।

ਇਜ਼ਰਾਈਲ ਦੇ ਕੱਟੜਪੰਥੀ ਇੱਕ ਚੁਰਾਹੇ 'ਤੇ ਹਨ: ਉਨ੍ਹਾਂ ਦੀ ਆਰਥਿਕਤਾ ਅਪਾਹਜ ਹੈ, ਉਨ੍ਹਾਂ ਨੇ ਇੱਕ ਟੀਚਾ ਪ੍ਰਾਪਤ ਕੀਤੇ ਬਿਨਾਂ ਗਾਜ਼ਾ ਯੁੱਧ ਵਿਚ 6000 ਬੱਚਿਆਂ ਦਾ ਕਤਲ ਕਰ ਦਿੱਤਾ, ਦੁਨੀਆਂ ਦਾ 80' ਇਜ਼ਰਾਈਲ ਨੂੰ ਨਸਲਕੁਸ਼ੀ ਵਾਲਾ ਰਾਜ ਮੰਨਦਾ ਹੈ, ਦੇਸ਼ ਦੇ ਅੰਦਰ ਭਾਰੀ ਵਿਰੋਧ ਹੈ, ਅਤੇ ਜੇ ਉਹ ਆਪਣੇ ਵਸਨੀਕਾਂ ਨੂੰ ਢਿੱਲ ਦਿੰਦੇ ਹਨ। -ਬਸਤੀਵਾਦੀ ਕੱਟੜਪੰਥੀ ਬਿਆਨਬਾਜ਼ੀ, ਉਹ ਕੱਟੜਪੰਥੀ ਵੋਟਰਾਂ ਅਤੇ ਸਰਕਾਰ ਤੋਂ ਸਮਰਥਨ ਗੁਆ ਦੇਣਗੇ। ਇਸ ਤੋਂ ਬਾਹਰ ਨਿਕਲਣ ਦਾ ਇਕੋ ਇਕ ਰਸਤਾ ਹੈ ਕਿ ਈਰਾਨ ਦੇ ਵਿਰੁੱਧ ਬਦਲਾ ਲੈਣਾ ਇੱਕ ਵੱਡੀ ਜੰਗ ਸ਼ੁਰੂ ਕਰਨਾ ਹੈ, ਪਰ ਇਜ਼ਰਾਈਲ ਦਾ ਮੁੱਖ ਦਾਨੀ ਅਜਿਹਾ ਨਹੀਂ ਚਾਹੁੰਦਾ ਹੈ।

ਇਸ ਮੌਕੇ 'ਤੇ, ਵੱਖ-ਵੱਖ ਆਧਾਰਾਂ 'ਤੇ ਜਿੱਤ ਦਾ ਐਲਾਨ ਕਰਨਾ ਅਤੇ ਪਿੱਛੇ ਹਟਣਾ ਉਨ੍ਹਾਂ ਦਾ ਸਭ ਤੋਂ ਵਧੀਆ ਵਿਕਲਪ ਹੈ। ਉਹ ਈਰਾਨੀ ਹਮਲੇ 'ਤੇ ਜਿੱਤ ਦਾ ਦਾਅਵਾ ਕਰ ਸਕਦੇ ਹਨ ਅਤੇ ਲੜਾਈ ਬੰਦ ਕਰ ਸਕਦੇ ਹਨ। ਗਾਜ਼ਾ ਸਿਰਫ ਦਾਅਵਾ ਕਰ ਸਕਦਾ ਹੈ ਕਿ ਉਨ੍ਹਾਂ ਦੀ ਕਾਰਵਾਈ ਨੇ ਹਮਾਸ ਨੂੰ ਨੁਕਸਾਨ ਪਹੁੰਚਾਇਆ ਅਤੇ ਗਾਜ਼ਾ ਛੱਡ ਦਿੱਤਾ। ਇਸ ਆਪ੍ਰੇਸ਼ਨ ਨੇ ਉਨ੍ਹਾਂ ਨੂੰ ਦੁਨੀਆਂ ਦੇ 80 ਫੀਸਦੀ ਅਤੇ ਇਜ਼ਰਾਈਲ ਦੇ ਕੁਝ ਸਹਿਯੋਗੀਆਂ ਦੀਆਂ ਨਜ਼ਰਾਂ ਵਿਚ ਇੱਕ ਪਰਿਆ ਬਣਾ ਦਿੱਤਾ। ਇਸ ਨੂੰ ਛੱਡਣ ਲਈ ਦਹਾਕੇ ਲੱਗ ਜਾਣਗੇ। ਸਭ ਤੋਂ ਵਧੀਆ ਰਣਨੀਤੀ ਹਾਰ ਮੰਨਣਾ ਅਤੇ ਖੇਤਰ ਵਿਚ ਸਥਾਈ ਸ਼ਾਂਤੀ ਲਈ ਗੱਲਬਾਤ ਕਰਨ ਲਈ ਕੂਟਨੀਤਕ ਤਰਕ ਦੀ ਵਰਤੋਂ ਕਰਨਾ ਹੈ।

ਦੁਨੀਆਂ ਦੇ 80 ਫੀਸਦੀ ਲੋਕਾਂ ਦੀਆਂ ਨਜ਼ਰਾਂ ਵਿਚ ਨਸਲਕੁਸ਼ੀ ਵਾਲਾ ਰਾਜ ਬਣਨਾ, ਜਿਸ ਵਿਚ ਮਨੁੱਖੀ ਸੱਭਿਅਤਾ ਦੇ ਜ਼ਿਆਦਾਤਰ ਸਰੋਤ ਅਤੇ ਨਿਰਮਾਣ, ਸਭ ਤੋਂ ਵੱਡੇ ਬਾਜ਼ਾਰਾਂ ਨੂੰ ਛੱਡ ਕੇ, ਕੱਟੜਪੰਥੀ ਬਿਆਨਬਾਜ਼ੀ ਛੱਡਣ ਦਾ ਇਕ ਚੰਗਾ ਕਾਰਨ ਹੋਵੇਗਾ, ਪਰ ਪਿਛਲੇ ਛੇ ਮਹੀਨਿਆਂ ਵਿਚ ਦਿਖਾਇਆ ਹੈ ਕਿ ਇਜ਼ਰਾਈਲ ਦੇ ਕੱਟੜਪੰਥੀ "ਤਰਕਸ਼ੀਲ ਫੈਸਲੇ ਨਹੀਂ ਲੈਂਦੇ" ਜਿਵੇਂ ਕਿ ਬਾਇਡਨ ਪ੍ਰਸ਼ਾਸਨ ਨੇ ਬੀਤੇ ਦਿਨੀਂ ਕਿਹਾ ਸੀ।

ਬਾਇਡਨ ਪ੍ਰਸ਼ਾਸਨ ਵੀ ਫਸਿਆ ਹੋਇਆ ਹੈ। ਤਾਈਵਾਨ ਯੁੱਧ ਤੋਂ ਪਹਿਲਾਂ, ਉਨ੍ਹਾਂ ਦਾ ਮੰਨਿਆ ਗਿਆ ਸਹਿਯੋਗੀ ਇੱਕ ਤੀਜਾ ਮੋਰਚਾ ਖੋਲ੍ਹਣ ਦੀ ਕੋਸ਼ਿਸ਼ ਕਰ ਰਿਹਾ ਹੈ, ਜੋ ਬਾਇਡਨ ਪ੍ਰਸ਼ਾਸਨ ਦੀਆਂ ਯੋਜਨਾਵਾਂ ਨੂੰ ਖਤਰੇ ਵਿਚ ਪਾ ਕੇ ਉਨ੍ਹਾਂ ਨੂੰ ਹੋਰ ਵੀ ਵਧਾ ਦੇਵੇਗਾ। ਚੋਣਾਂ ਵਿਚ ਬਾਇਡਨ ਪ੍ਰਸ਼ਾਸਨ ਨੂੰ ਠੇਸ ਪਹੁੰਚਾਉਣ ਵਾਲੀ ਮਹਿੰਗਾਈ ਵਧਣ ਨਾਲ ਅਮਰੀਕੀ ਆਰਥਿਕਤਾ ਸੰਕਟ ਵਿਚ ਹੈ। ਰੂਸ ਦੇ ਵਿਰੁੱਧ ਪਾਬੰਦੀਆਂ ਨੇ ਚੀਨ, ਰੂਸ, ਭਾਰਤ ਅਤੇ ਗਲੋਬਲ ਸਾਊਥ ਵੱਲ ਵਿਸ਼ਵ ਅਰਥਵਿਵਸਥਾ ਨੂੰ ਪੁਨਰਗਠਿਤ ਕਰਨ ਤੋਂ ਬਾਅਦ, ਜੈਨੇਟ ਯੇਲੇਨ ਚੀਨ ਜਾ ਕੇ ਉਨ੍ਹਾਂ ਨੂੰ ਅਮਰੀਕੀ ਕਰਜ਼ੇ ਨੂੰ ਫਲੋਟ ਕਰਨ ਲਈ ਯੂ.ਐੱਸ. ਬਾਂਡ ਖਰੀਦਣ ਅਤੇ ਚੀਨੀ ਨਿਰਮਾਤਾਵਾਂ ਦੇ ਕਾਨੂੰਨੀ ਤੌਰ 'ਤੇ ਬਾਹਰ ਨਿਕਲਣ ਦੇ ਰੂਪ ਵਿਚ ਈ.ਵੀ. ਉਤਪਾਦਨ ਵਿਚ ਕਟੌਤੀ ਕਰਨ ਲਈ ਬੇਨਤੀ ਕਰਨ ਲਈ ਲਗਾਤਾਰ ਚੀਨ ਜਾ ਰਹੀ ਹੈ।

ਹਾਲਾਂਕਿ, ਗਲੋਬਲ ਦੱਖਣ – ਜ਼ਰੂਰੀ ਤੌਰ 'ਤੇ 'ਅਮਰੀਕਾ ਅਤੇ ਯੂਰਪ ਤੋਂ ਬਾਹਰ ਬਾਕੀ ਦੀ ਦੁਨੀਆਂ' ਨੇ ਦੇਖਿਆ ਹੈ ਕਿ ਨਾ ਤਾਂ ਅਮਰੀਕਾ ਦੁਆਰਾ ਨਿਯੰਤਰਿਤ ਪੱਛਮ ਦੀ ਭੂ-ਰਾਜਨੀਤਿਕ ਅਤੇ ਨਾ ਹੀ ਫੌਜੀ ਮਸ਼ੀਨ ਅਜਿੱਤ ਹੈ। ਸਸਤੇ ਡਰੋਨਾਂ ਦਾ ਇੱਕ ਝੁੰਡ ਉਸ ਫੌਜ ਨੂੰ ਹਾਵੀ ਕਰ ਸਕਦਾ ਹੈ। ਸਸਤੇ ਡਰੋਨਾਂ ਨੂੰ ਸ਼ੂਟ ਕਰਨਾ ਪੱਛਮ ਦੀ ਆਰਥਿਕਤਾ ਨੂੰ ਬੁਨਿਆਦੀ ਢਾਂਚੇ ਜਾਂ ਫੌਜੀ ਨੁਕਸਾਨ ਤੋਂ ਬਿਨਾਂ ਅਪਾਹਜ ਕਰ ਸਕਦਾ ਹੈ। ਏਅਰਬੇਸ ਅਤੇ ਏਅਰ ਡਿਫੈਂਸ ਸਿਸਟਮ ਪੂਰੀ ਸਮਰੱਥਾ ਨਾਲ ਕੰਮ ਕਰ ਰਹੇ ਹਨ, ਤਾਂ ਜੋ ਉਹ ਸਸਤੇ ਡਰੋਨਾਂ ਨੂੰ ਮਾਰਨ ਲਈ ਮਹਿੰਗੀਆਂ ਮਿਜ਼ਾਈਲਾਂ ਖਰਚ ਕਰਦੇ ਰਹਿਣ, ਉਨ੍ਹਾਂ ਨੂੰ ਨਸ਼ਟ ਕਰਨ ਨਾਲੋਂ ਨਿਸ਼ਾਨਾ ਦੇਸ਼ ਲਈ ਵਧੇਰੇ ਨੁਕਸਾਨਦੇਹ ਜਾਪਦਾ ਹੈ। ਮਿਜ਼ਾਈਲ ਨਿਰਮਾਤਾਵਾਂ ਨੂੰ ਲਾਭ ਹੋਵੇਗਾ, ਪਰ ਰਾਜ ਦੀ ਆਰਥਿਕਤਾ ਅਸਫਲ ਹੋ ਜਾਵੇਗੀ।

ਚੀਨ, ਰੂਸ ਅਤੇ ਭਾਰਤ ਵਰਗੇ ਸਹਿਯੋਗੀਆਂ ਨੇ ਆਪਣੀ ਵਫ਼ਾਦਾਰੀ ਦਿਖਾਈ ਹੈ। ਇਹ ਸਹਿਯੋਗੀ ਰਾਜਾਂ ਦੀ ਇੱਕ ਸਮਾਨਤਾਵਾਦੀ ਬਹੁਧਰੁਵੀ ਸੰਸਾਰ ਬਣਾਉਣ ਦੇ ਗਲੋਬਲ ਸਾਊਥ ਦੇ ਸੰਕਲਪ ਨੂੰ ਮਜ਼ਬੂਤ ਕਰੇਗਾ। ਉਨ੍ਹਾਂ ਦੀਆਂ ਜੰਜ਼ੀਰਾਂ ਨੂੰ ਤੋੜਨਾ ਅਤੇ ਇਸ ਬਹੁਧਰੁਵੀ ਸੰਸਾਰ ਵਿਚ ਸ਼ਾਮਲ ਹੋਣਾ ਦੇਸ਼ਾਂ ਨੂੰ ਆਰਥਿਕ ਜਾਂ ਫੌਜੀ ਤੌਰ 'ਤੇ ਇਕੱਲੇ ਨਹੀਂ ਛੱਡੇਗਾ।

ਜਿਵੇਂ ਕਿ ਗਾਜ਼ਾ ਵਿਚ ਆਪਣੀ ਜੰਗ ਦੌਰਾਨ ਇਜ਼ਰਾਈਲ ਨੂੰ ਬਦਲਾ ਲੈਣ ਤੋਂ ਬਚਾਉਣ ਦੀ ਅਫਵਾਹ ਹੈ, ਯੂ.ਐੱਸ., ਯੂ.ਕੇ., ਫਰਾਂਸ ਅਤੇ ਜਾਰਡਨ ਨੇ ਇਜ਼ਰਾਈਲ ਦੀ ਰੱਖਿਆ ਲਈ ਸ਼ਾਬਦਿਕ ਫੌਜੀ ਕਾਰਵਾਈ ਕੀਤੀ ਹੈ, ਜਿਸ ਨਾਲ ਉਹ 80' ਲੋਕਾਂ ਦੀਆਂ ਨਜ਼ਰਾਂ ਵਿਚ ਗਾਜ਼ਾ ਵਿਚ ਇਜ਼ਰਾਈਲ ਜੋ ਕਰ ਰਿਹਾ ਹੈ, ਉਸ ਵਿਚ ਸ਼ਾਮਲ ਹਨ।

ਸੰਸਾਰ ਇੱਕ ਪਰਿਵਰਤਨ ਵਿਚ ਹੈ, ਅਤੇ ਜਿਹੜੇ ਲੋਕ ਬਹੁਧਰੁਵੀ ਸੰਸਾਰ ਦੀ ਰੇਲਗੱਡੀ 'ਤੇ ਨਹੀਂ ਚੜ੍ਹਦੇ, ਉਹ ਇਸ ਤਰੀਕੇ ਨਾਲ ਪਿੱਛੇ ਰਹਿ ਜਾਣਗੇ, ਜੋ ਉਨ੍ਹਾਂ ਦੀ ਖੁਸ਼ਹਾਲੀ ਅਤੇ ਵਿਕਾਸ ਲਈ ਵਿਨਾਸ਼ਕਾਰੀ ਹੋਵੇਗਾ। ਨਵੇਂ ਯੁੱਗ ਦੇ ਮੁੱਖ ਸ਼ਬਦ ਸ਼ਾਂਤੀ, ਸਮਾਨਤਾਵਾਦ ਅਤੇ ਸਹਿਯੋਗ ਹਨ।

# ਮੋਰਲੇ-ਮਿੰਟੋ ਸੁਧਾਰਾਂ ਤੋਂ ਸੰਵਿਧਾਨ ਤੱਕ - ਵੋਟ ਅਧਿਕਾਰ

ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ
ਪੰਜਾਬ ਹਰਿਆਣਾ ਹਾਈ ਕੋਰਟ ਚੰਡੀਗੜ੍ਹ
ਮੋ : 78374-90309
(Punjab Mail USA)





ਸੰਵਿਧਾਨ ਨੇ ਨਾਗਰਿਕਾਂ ਨੂੰ ਸ਼ਕਤੀਸ਼ਾਲੀ ਅਧਿਕਾਰ ਦਿੱਤੇ ਹਨ, ਜਿਨ੍ਹਾਂ ਵਿਚ ਵੋਟ ਦਾ ਅਧਿਕਾਰ ਵੀ ਸ਼ਾਮਿਲ ਹੈ। ਵੋਟਿੰਗ ਬਹੁਤ ਪ੍ਰਭਾਵਸ਼ਾਲੀ ਮਾਧਿਅਮ ਹੈ, ਜਿਸ ਨਾਲ ਅਸੀਂ ਸਰਕਾਰ ਚੁਣ/ਬਦਲ ਸਕਦੇ ਹਾਂ। ਨਾਗਰਿਕ 18 ਸਾਲ ਦੀ ਉਮਰ ਤੋਂ ਹੀ ਦੇਸ਼ ਦਾ ਨੇਤਾ ਚੁਣ ਸੱਚਮੁੱਚ ਕਿੰਗ ਮੇਕਰ ਦੀ ਭੂਮਿਕਾ ਨਿਭਾਉਂਦੇ ਹਨ। 19 ਨਵੰਬਰ, 1863 ਨੂੰ ਅਮਰੀਕਾ ਦੇ ਰਾਸ਼ਟਰਪਤੀ ਅਬਰਾਹਿਮ ਲਿੰਕਨ ਨੇ ਲੋਕਤੰਤਰ ਸਬੰਧੀ ਆਖਿਆ ਕਿ ਜਮਹੂਰੀਅਤ ਵਿਚ ਲੋਕਾਂ ਦੀ ਸਰਕਾਰ, ਲੋਕਾਂ ਦੁਆਰਾ, ਲੋਕਾਂ ਲਈ ਹੋਵੇਗੀ, ਜਿਸ ਦਾ ਧਰਤੀ ਤੋਂ ਖਤਮ ਹੋਣਾ ਅਸੰਭਵ ਹੈ। ਇਹ ਵਿਸ਼ਵ ਇਤਿਹਾਸ ਵਿਚ ਸਭ ਤੋਂ ਮਸ਼ਹੂਰ ਭਾਸ਼ਣਾਂ ਵਿਚੋਂ ਇੱਕ ਹੈ। ਵੋਟ ਪਾਉਣਾ ਜ਼ਰੂਰੀ ਨਹੀਂ ਪਰ ਲਾਜ਼ਮੀ ਫਰਜ਼ ਸਮਝਣਾ ਚਾਹੀਦਾ ਹੈ, ਤਾਂ ਜੋ ਇਤਿਹਾਸਕ ਸੰਘਰਸ ਪਿੱਛੋਂ ਮਿਲੇ ਅਧਿਕਾਰ ਦਾ ਸਨਮਾਨ ਬਰਕਰਾਰ ਰਹੇ।

ਬ੍ਰਿਟਿਸ਼ ਪਾਰਲੀਮੈਂਟ ਨੇ ਇੰਡੀਅਨ ਕੌਂਸਲ ਐਕਟ 1901 ਦੁਆਰਾ ਮੋਰਲੇ-ਮਿੰਟੋ ਸੁਧਾਰਾਂ ਦੀ ਪੈਰਵੀ ਕੀਤੀ, ਜਿਸ ਨਾਲ ਵਿਧਾਨਿਕ ਤਬਦੀਲੀਆਂ ਲਈ ਰਾਹ ਪੱਧਰਾ ਹੋਇਆ। ਪਰ ਪ੍ਰਤੀਨਿਧੀ ਚੁਣਨ ਦਾ ਅਧਿਕਾਰ ਬਹੁਤ ਘੱਟ ਵਿਅਕਤੀਆਂ ਨੂੰ ਦਿੱਤਾ। ਇਸ ਐਕਟ ਵਿਚ 1919 ਤੋਂ ਬਾਅਦ ਵੱਡੀਆਂ ਤਬਦੀਲੀਆਂ ਆਈਆਂ। ਸਰਕਾਰੀ ਕੰਮਕਾਜ ਦੋ ਸੰਸਥਾਵਾਂ ਕੇਂਦਰ ਵਿਚ ਉੱਚ ਤੇ ਹੇਠਲੇ ਸਦਨ ਅਤੇ ਰਾਜਾਂ ਨੂੰ ਸਟੇਟ ਕੌਂਸਲ ਅਤੇ ਕੇਂਦਰੀ ਵਿਧਾਨ ਸਭਾ ਵਿਚ ਵੰਡਿਆ ਗਿਆ। ਵੋਟਿੰਗ ਅਧਿਕਾਰ ਦੀ ਯੋਗਤਾ ਜਾਇਦਾਦ ਦੀ ਮਾਲਕੀ, ਆਮਦਨ ਦਾ ਭੁਗਤਾਨ ਅਤੇ ਮਿਉਂਸਪਲ ਟੈਕਸ ਆਦਿ ਨਾਲ ਜੋੜ ਦਿੱਤਾ। ਇਸ ਨਾਲ ਜ਼ਮੀਨ ਮਾਲਕਾਂ ਅਤੇ ਅਮੀਰ ਘਰਾਣਿਆਂ ਨੂੰ ਪ੍ਰਸ਼ਾਸਨੀ ਬਲ ਮਿਲਿਆ। ਬ੍ਰਿਟਿਸ਼ ਸ਼ਾਸਨ ਅਧੀਨ ਹੀ ਔਰਤਾਂ ਨੂੰ ਵੋਟ ਦੇ ਅਧਿਕਾਰ ਦੀ ਲਹਿਰ ਉਭਰਨ ਲੱਗੀ। 1918 ਵਿਚ ਔਰਤਾਂ ਦੇ ਜਾਇਦਾਦ ਅਧਿਕਾਰਾਂ ਨੂੰ ਸੀਮਤ ਕਰ ਦਿੱਤਾ। ਇਹ ਨਿਯਮ ਦੁਨੀਆਂ ਦੇ ਹੋਰ ਹਿੱਸਿਆਂ ਵਿਚ ਬ੍ਰਿਟਿਸ਼ ਨਾਗਰਿਕਾਂ 'ਤੇ ਲਾਗੂ ਨਹੀਂ ਹੋਇਆ। 1919 ਵਿਚ ਹਾਊਸ ਆਫ ਲਾਰਡਜ਼ ਐਂਡ ਕਾਮਨਜ਼ ਦੀ ਸਾਂਝੀ ਕਮੇਟੀ ਨੇ ਵੀ ਔਰਤਾਂ ਨੂੰ ਵੋਟ ਜਾਂ ਚੋਣਾਂ ਲੜਨ ਦਾ ਅਧਿਕਾਰ ਨਹੀਂ ਦਿੱਤਾ। ਉਸ ਸਮੇਂ ਭਾਰਤ ਸਰਕਾਰ ਦੇ ਐਕਟ ਦੁਵਾਰਾ ਸੂਬਾਈ ਕੌਂਸਲ ਨੇ ਜਾਇਦਾਦ ਤੇ ਵਿਦਿਅਕ ਯੋਗਤਾ ਪੂਰਾ ਕਰਨ ਵਾਲੀਆ ਔਰਤਾਂ ਨੂੰ ਵੋਟ ਲਈ ਯੋਗ ਸਮਝਿਆ। ਕੁਝ ਔਰਤਾਂ ਨੂੰ 1920 ਵਿਚ ਬ੍ਰਿਟਿਸ਼ ਸਰਕਾਰ ਦੁਆਰਾ ਪਾਸ ਕੀਤੇ ਗਏ ਸੁਧਾਰਾਂ ਨਾਲ ਵੋਟ ਅਧਿਕਾਰ ਹਾਸਿਲ ਹੋਇਆ।

1919 ਅਤੇ 1929 ਦੇ ਵਿਚਕਾਰ, ਸਾਰੇ ਬ੍ਰਿਟਿਸ਼ ਸੂਬਿਆਂ ਅਤੇ ਰਿਆਸਤਾਂ ਨੇ ਔਰਤਾਂ ਨੂੰ ਵੋਟ ਪਾਉਣ ਦਾ ਅਧਿਕਾਰ ਦਿੱਤਾ ਅਤੇ ਸਥਾਨਕ ਪੱਧਰ ਤੋਂ ਚੋਣ ਲੜਨ ਦੀ ਇਜਾਜ਼ਤ ਦਿੱਤੀ। ਇਸ ਸਬੰਧ ਵਿਚ ਪਹਿਲੀ ਜਿੱਤ ਮਦਰਾਸ ਵਿਚ ਹੋਈ, ਉਸ ਤੋਂ ਬਾਅਦ 1920 ਵਿਚ ਤ੍ਰਾਵਣਕੋਰ ਰਾਜ ਅਤੇ ਝਾਲਾਵਾੜ ਰਿਆਸਤ ਨੇ ਜਿੱਤ ਪ੍ਰਾਪਤ ਕੀਤੀ। ਮਦਰਾਸ ਪ੍ਰੈਜ਼ੀਡੈਂਸੀ ਅਤੇ ਬੰਬਈ ਪ੍ਰੈਜ਼ੀਡੈਂਸੀ ਨੇ 1921 ਵਿਚ ਅਤੇ ਰਾਜਕੋਟ ਰਾਜ ਨੇ ਸਾਲ 1923 'ਚ ਪੂਰਾ ਮਤਾ ਪਾਸ ਕਰ ਦਿੱਤਾ। 1927 ਵਿਚ, ਨਿਊ ਇੰਡੀਆ ਐਕਟ ਨੂੰ ਵਿਕਸਤ ਕਰਨ ਲਈ ਸਾਈਮਨ ਕਮਿਸ਼ਨ ਨਿਯੁਕਤ ਕੀਤਾ ਗਿਆ ਸੀ, ਇਸ ਦਾ ਰਾਸ਼ਟਰਵਾਦੀਆਂ ਨੇ ਬਾਈਕਾਟ ਕੀਤਾ, ਕਿਉਂਕਿ ਕਮਿਸ਼ਨ ਵਿਚ ਕੋਈ ਭਾਰਤੀ ਨਹੀਂ ਸੀ ਪਰੰਤੂ ਕਮਿਸ਼ਨ ਨੇ ਵੋਟਿੰਗ ਅਧਿਕਾਰ ਨੂੰ ਵਧਾਉਣ 'ਤੇ ਚਰਚਾ ਕੀਤੀ। ਵੋਟਿੰਗ ਦੀ ਉਮਰ ਘਟਾ ਕੇ 21 ਸਾਲ ਕਰਨ ਦੀ ਸਿਫ਼ਾਰਸ਼ ਕੀਤੀ, ਪਰ ਔਰਤ ਦੀ ਯੋਗਤਾ ਅਜੇ ਵੀ ਵਿਆਹੁਤਾ ਸਥਿਤੀ ਅਤੇ ਵਿਦਿਅਕ ਪਿਛੋਕੜ 'ਤੇ ਨਿਰਭਰ ਕਰਦੀ ਹੈ। ਹਾਲਾਂਕਿ ਇਸ ਐਕਟ ਨੇ ਚੋਣ ਯੋਗਤਾ ਨੂੰ ਵਧਾਇਆ, ਫਿਰ ਵੀ ਭਾਰਤ ਦੀਆਂ ਸਿਰਫ 2.5 ਫੀਸਦੀ ਔਰਤਾਂ ਨੂੰ ਹੀ ਇਜਾਜ਼ਤ ਮਿਲੀ। 1946 ਵਿਚ, ਜਦੋਂ ਭਾਰਤ ਦੀ ਸੰਵਿਧਾਨ ਸਭਾ ਚੁਣੀ ਗਈ, ਤਾਂ 15 ਸੀਟਾਂ ਔਰਤਾਂ ਨੂੰ ਦਿੱਤੀਆਂ ਗਈਆਂ। ਉਨ੍ਹਾਂ ਨੇ ਨਵੇਂ ਸੰਵਿਧਾਨ ਦਾ ਖਰੜਾ ਤਿਆਰ ਕਰਨ ਵਿਚ ਮਦਦ ਕੀਤੀ। 1946 ਤੱਕ ਭਾਰਤ ਦੇ ਮੂਲ ਨਿਵਾਸੀਆਂ ਦੀ ਕੁੱਲ ਵੋਟ ਪ੍ਰਤੀਸ਼ਤਤਾ ਬਹੁਤ ਘੱਟ ਸੀ। 1947 ਵਿਚ, ਪਾਰਲੀਮੈਂਟ ਸਰਬ ਵਿਆਪੀ ਮੱਤ ਅਧਿਕਾਰ ਬਾਰੇ ਸਿਧਾਂਤਕ ਤੌਰ 'ਤੇ ਸਹਿਮਤੀ ਹੋ ਗਈ। 26 ਜਨਵਰੀ, 1950 ਸੰਵਿਧਾਨ ਲਾਗੂ ਦੇ ਹੋਣ ਨਾਲ ਵੋਟ ਜਾ ਚੋਣ ਲੜਨ ਦਾ ਅਧਿਕਾਰ ਭਾਰਤੀ ਨਾਗਰਿਕਾ ਨੂੰ ਬਿਨਾ ਕਿਸੇ ਵਿਤਕਰੇ ਦੇ ਪ੍ਰਪਤ ਹੋਇਆ। 1951 ਦੀਆਂ ਪਹਿਲੀਆਂ ਆਮ ਚੋਣਾਂ ਨਾਲ ਭਾਰਤ ਵਿਸ਼ਵ ਨਕਸ਼ੇ ਉਪਰ ਆਉਣ ਦਾ ਐਲਾਨ ਕੀਤਾ। ਇਹ ਸਿਰਫ਼ ਦੱਖਣੀ ਏਸ਼ੀਆ ਵਿਚ ਹੀ ਨਹੀਂ, ਸਗੋਂ ਵਿਸ਼ਵ ਵਿਚ ਭਾਰਤ ਦੇ ਜਮਹੂਰੀ ਕਦਰਾਂ-ਕੀਮਤਾਂ ਦਾ ਅਸਲੀ ਝੰਡਾ-ਬਰਦਾਰ ਬਣਨ ਦੀ ਸ਼ੁਰੂਆਤ ਸੀ। ਪਹਿਲੇ ਕੁਝ ਦਹਾਕਿਆਂ ਵਿਚ, ਔਰਤਾਂ ਮਰਦਾਂ ਨਾਲੋਂ ਬਹੁਤ ਘੱਟ ਵੋਟ ਪਾਉਂਦੀਆਂ ਸਨ ਅਤੇ ਇਹ ਅੰਤਰ ਲਗਭਗ 14.15 ਹੁੰਦਾ ਸੀ। ਪਰ ਹੌਲੀ-ਹੌਲੀ ਇਹ ਪਾੜਾ ਘੱਟਣਾ ਸ਼ੁਰੂ ਹੋ ਗਿਆ ਅਤੇ 90 ਦੇ ਦਹਾਕੇ ਦੇ ਆਸ-ਪਾਸ ਇਹ ਪਾੜਾ 10 ਦੇ ਆਸ-ਪਾਸ ਰਹਿ ਗਿਆ। 2014 ਵਿਚ, ਇਹ ਅੰਤਰ 1.6 ਸੀ। 2019 ਵਿਚ, ਪੁਰਸ਼ਾਂ ਅਤੇ ਔਰਤਾਂ ਵਿਚ ਸ਼ਾਇਦ ਹੀ ਕੋਈ ਅੰਤਰ ਸੀ।

ਸੰਵਿਧਾਨ ਖਰੜਾ ਕਮੇਟੀ ਦੇ ਚੈਅਰਮੈਨ ਸ਼੍ਰੀ ਬੀ.ਆਰ. ਅੰਬੇਡਕਰ ਦੀ ਦਲੀਲ ਸੀ ਕਿ ਵੋਟਿੰਗ ਨਾਗਰਿਕਤਾ ਲਈ ਜ਼ਰੂਰੀ ਇਹ ਇਤਿਹਾਸਕ ਤੌਰ 'ਤੇ ਵਾਂਝੇ ਵਰਗਾਂ ਲਈ ਰਾਜਨੀਤਿਕ ਸਿੱਖਿਆ ਦੇ ਸਾਧਨ ਵਜੋਂ ਕੰਮ ਕਰਦੀ ਹੈ, ਭਾਰਤ ਦੀ ਵੋਟ ਪ੍ਰਣਾਲੀ ਅਧਿਕਾਰਾਂ ਦੀ ਕੁੰਜੀ ਤੋਂ ਘੱਟ ਨਹੀਂ। 26 ਜਨਵਰੀ, 1950 ਨੂੰ ਸੰਵਿਧਾਨ ਨੇ ਵਿਤਕਰਾ ਖ਼ਤਮ ਕਰ ਦਿੱਤਾ। ਇਕ ਲੰਮੀ ਜੱਦੋ-ਜਹਿਦ ਮਗਰੋਂ ਸੰਵਿਧਾਨ ਦੇ ਪੰਨਿਆਂ ਵਿਚ ਦਰਜ ਹੋ ਗਿਆ। ਵਿਡੰਬਨਾ ਇਹ ਹੈ ਕਿ ਨੌਜਵਾਨ ਅਠਾਰਾਂ ਸਾਲ ਪੂਰਾ ਹੋਣ 'ਤੇ ਵੋਟ ਨੂੰ ਪਹਿਲ ਨਹੀਂ ਦਿੰਦੇ। ਸਗੋਂ ਬਾਲਗ ਹੁੰਦਿਆ ਡਰਾਈਵਿੰਗ ਲਾਇਸੰਸ ਜਾਂ ਪਾਸਪੋਰਟ ਬਣਵਾਉਣ ਲਈ ਕਾਹਲ ਕਰਦੇ ਹਨ। ਇਹ ਸਾਡਾ ਫ਼ਰਜ਼ ਹੈ ਕਿ ਅਸੀਂ ਆਪਣਾ ਨਾਮ ਨੂੰ ਵਿਧਾਨ ਸਭਾ ਖੇਤਰ ਦੀ ਵੋਟਰ ਸੂਚੀ ਵਿਚ ਦਰਜ ਕਰਵਾਈਏ। ਹਰ ਨਾਗਰਿਕ ਨੈਤਿਕ ਜ਼ਿੰਮੇਵਾਰੀ ਸਮਝਦੇ ਹੋਏ, ਬਤੌਰ ਵੋਟਰ ਜ਼ਰੂਰ ਭਾਗ ਲੈਣਾ ਚਾਹੀਦਾ ਹੈ। ਇਹ ਤਦ ਹੀ ਸੰਭਵ ਹੈ, ਜਦੋਂ ਸਭ ਵੋਟਰ ਸੂਚੀ ਵਿਚ ਦਰਜ ਹੋਵਣਗੇ। ਕੇਂਦਰੀ ਚੋਣ ਕਮਿਸ਼ਨ ਵੱਲੋਂ ਹਰ ਸਾਲ 1 ਜਨਵਰੀ ਦੇ ਮੁਤਾਬਕ ਫੋਟੋ ਵੋਟਰ ਸੂਚੀਆਂ ਦੀ ਸੁਧਾਈ ਕੀਤੀ ਜਾਂਦੀ ਹੈ, ਤਾਂ ਜੋ ਮਿਤੀ ਦੇ ਆਧਾਰ ਮੁਤਾਬਕ 18 ਸਾਲ ਜਾਂ ਵੱਧ ਉਮਰ ਦੇ ਲੋਕ ਵੋਟ ਬਣਵਾ ਸਕਣ। ਜਿਸ ਨਾਲ ਦੇਸ਼ ਦੀ ਨੂੰ ਸਹੀ ਦਿਸ਼ਾ ਵਾਲੀ ਕਾਨੂੰਨ ਵਿਵਸਥਾ ਮਿਲਦੀ ਹੈ। ਸੰਵਿਧਾਨ ਦੀ ਧਾਰਾ 325 ਅਤੇ 326 ਰਾਹੀਂ ਦੇਸ਼ ਦੇ ਹਰ ਵਿਅਕਤੀ ਨੂੰ ਵੋਟ ਦਾ ਅਧਿਕਾਰ ਪ੍ਰਾਪਤ ਹੈ। ਕਿਸੇ ਵੀ ਨਾਗਰਿਕ ਨੂੰ ਧਰਮ, ਜਾਤੀ, ਵਰਗ, ਫਿਰਕੇ ਜਾਂ ਲਿੰਗ-ਭੇਦ ਕਾਰਨ ਵੋਟ ਦੇ ਅਧਿਕਾਰ ਤੋਂ ਵਾਂਝਾ ਨਹੀਂ ਕੀਤਾ ਜਾ ਸਕਦਾ। ਬਸ਼ਰਤੇ ਉਹ ਵਿਆਤੀ ਪਾਗ਼ਲ ਜਾਂ ਅਪਰਾਧੀ ਨਾ ਹੋਵੇ। 1935 ਤੋਂ ਪਹਿਲਾਂ ਦੇ ਗਵਰਨਮੈਂਟ ਆਫ਼ ਇੰਡੀਆ ਐਕਟ ਅਨੁਸਾਰ ਸਿਰਫ਼ 13 ਫ਼ੀਸਦੀ ਵੋਟਰਾਂ ਨੂੰ ਹੀ ਅਧਿਕਾਰ ਪ੍ਰਾਪਤ ਸੀ, ਜੋ ਸਿਰਫ਼ ਸਿੱਖਿਆ, ਆਰਥਿਕ ਅਤੇ ਸਮਾਜਿਕ ਆਧਾਰ ਅਨੁਸਾਰ ਮਿਲਦਾ ਸੀ।

ਆਗਾਮੀ ਲੋਕ ਸਭਾ ਚੋਣਾਂ 2024 ਵਿਚ ਵੋਟਰ ਦੀ ਭਾਈਵਾਲੀ ਨੂੰ ਯਕੀਨੀ ਬਣਾਉਣ ਸਰਕਾਰ ਦਾ ਮੁੱਖ ਉਦੇਸ਼ ਹੈ, ਜਿਸ ਲਈ ਭਾਰਤੀ ਚੋਣ ਕਮਿਸ਼ਨ ਵੱਲੋਂ ਪੰਜਾਬ ਵਿਚ ਯੋਗਤਾ ਆਧਾਰ ਤੇ ਫੋਟੋ ਵੋਟਰ ਸੂਚੀਆਂ ਦੀ ਸਪੈਸ਼ਲ ਸਮਰੀ ਰਵੀਜ਼ਨ ਦਾ ਕੰਮ ਕੀਤਾ ਜਾ ਰਿਹਾ ਹੈ। ਇਸ ਦੌਰਾਨ ਬੀ.ਐੱਲ.ਓਜ਼ ਵੱਲੋਂ ਨਵੀਂ ਵੋਟ ਬਣਾਉਣ ਲਈ ਫਾਰਮ ਨੰਬਰ 6, ਕਿਸੇ ਵੋਟਰ ਦੀ ਮੌਤ ਹੋਣ ਜਾਂ ਸ਼ਿਫ਼ਟ ਹੋਣ ਦੀ ਸੂਰਤ ਵਿਚ ਉਸ ਦੀ ਵੋਟ ਕੱਟਣ ਲਈ ਫਾਰਮ ਨੰਬਰ 7, ਫੋਟੋ ਵੋਟਰ ਸ਼ਨਾਖਤੀ ਕਾਰਡ ਵਿਚ ਦਰੁੱਸਤੀ ਲਈ ਫਾਰਮ ਨੰਬਰ 8 ਅਤੇ ਵਿਧਾਨ ਸਭਾ ਹਲਕੇ ਵਿਚ ਇਕ ਥਾਂ ਤੋਂ ਦੂਜੀ ਥਾਂ 'ਤੇ ਸ਼ਿਫ਼ਟ ਹੋਣ ਲਈ ਫਾਰਮ ਨੰਬਰ 8 (ੳ) ਭਰਨਗੇ। ਇਸ ਪ੍ਰੋਗਰਾਮ ਦੌਰਾਨ ਬੀ.ਐੱਲ.ਓਜ਼ ਦਾਅਵੇ ਅਤੇ ਇਤਰਾਜ਼ ਵੀ ਪ੍ਰਾਪਤ ਕਰਨਗੇ। ਸਾਨੂੰ ਇਸ ਸੁਧਾਈ ਕਾਰਜ ਵਿਚ ਲੋੜੀਦੇਂ ਬਦਲਾਉ ਕਰਵਾਉਣੇ ਚਾਹੀਦੇ ਹਨ।

ਜੇਕਰ ਰਾਸ਼ਟਰ-ਨਿਰਮਾਣ ਵਿਚ ਯੋਗਦਾਨ ਪਾਉਣਾ ਚਾਹੁੰਦੇ ਹੋ, ਤਾਂ ਵੋਟ ਜ਼ਰੂਰ ਪਾਉ। ਵਿਰੋਧ ਪ੍ਰਦਰਸ਼ਨਾਂ ਦੇ ਨਾਲੋਂ-ਨਾਲ ਵੋਟਿੰਗ ਵੀ ਇੱਕ ਬਹੁਤ ਪ੍ਰਭਾਵਸ਼ਾਲੀ ਮਾਧਿਅਮ ਹੈ। ਛੁੱਟੀ ਦਾ ਆਨੰਦ ਮਾਣਨ ਦੀ ਬਜਾਏ, ਸਾਨੂੰ ਸੰਵਿਧਾਨ ਦੁਆਰਾ ਦਿੱਤੇ ਗਏ ਵੋਟ ਦੇ ਅਧਿਕਾਰ ਦਾ ਸਨਮਾਨ ਕਰਨਾ ਚਾਹੀਦਾ ਹੈ। ਕੁਝ ਨੌਜਵਾਨ 18 ਸਾਲ ਦੇ ਹੁੰਦੇ ਹੀ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਲਈ ਬਹੁਤ ਉਤਸ਼ਾਹਿਤ ਹੰਦੇ ਹਨ। ਵੋਟ ਪਾਉਣ ਤੋਂ ਬਾਅਦ ਇੱਕ ਜ਼ਿੰਮੇਵਾਰ ਨਾਗਰਿਕ ਹੋਣ 'ਤੇ ਮਾਣ ਦੀ ਭਾਵਨਾ ਪੈਦਾ ਹੁੰਦੀ ਹੈ। ਜਿਵੇਂ ਕਿ ਸੋਸ਼ਲ ਮੀਡੀਆ 'ਤੇ ਸਿਆਹੀ ਵਾਲੀ ਉਂਗਲੀ ਨੂੰ ਸਾਂਝਾ ਕਰਨ ਤੋਂ ਦੇਖਿਆ ਜਾ ਸਕਦਾ ਹੈ। ਭਾਵੇਂ ਸੋਸ਼ਲ ਮੀਡੀਆ ਵੋਟਰਾਂ ਵਿਚ ਉਤਸ਼ਾਹ ਭਰਨ ਲਈ ਚੰਗਾ ਸਾਧਨ ਹੈ। ਪਰ ਅਜੋਕੀ ਪੀੜ੍ਹੀ ਨੂੰ ਆਪਣੇ ਭਵਿੱਖ ਦੀ ਸੁਰੱਖਿਆ ਲਈ ਇਤਿਹਾਸਿਕ ਅਧਿਕਾਰ ਦੀ ਵਰਤੋਂ ਕਰਨੀ ਲਾਜ਼ਮੀ ਹੈ। ਅਮਰੀਕਾ ਦੀ ਮਨੁੱਖੀ ਅਧਿਕਾਰਾਂ ਦੀ ਪੈਰਵੀ ਕਰਨ ਵਾਲੀ ਪ੍ਰੋਫੈਸਰ ਲਾਂਗਅਨ ਨੇ ਕਿਹਾ ਕਿ ਜਿਸ ਦਾ ਅਸਰ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਤੈਅ ਕਰਦਾ ਹੈ।

# ਮਨੁੱਖੀ ਖੁਸ਼ਹਾਲੀ ਵਧੀਆ ਲੋਕਤੰਤਰ 'ਤੇ ਨਿਰਭਰ

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955



ਕਿਸੇ ਵੀ ਦੇਸ਼ ਦੀ ਉੱਨਤੀ ਉਸ ਦੇਸ਼ ਦੇ ਵਿਸ਼ੇਸ਼ ਵਿਅਕਤੀਆਂ 'ਤੇ ਨਿਰਭਰ ਕਰਦੀ ਹੈ। ਇਨ੍ਹਾਂ ਲੋਕਾਂ ਦਾ ਸਦਕਾ ਹੀ ਲੋਕਾਂ ਦਾ ਜੀਵਨ ਸੁਖਮਈ, ਸ਼ਾਂਤ ਤੇ ਖੁਸ਼ਹਾਲ ਹੋ ਸਕਦਾ ਹੈ। ਇਹ ਵਿਸ਼ੇਸ਼ ਵਿਅਕਤੀ ਹਨ, ਜਿਵੇਂ ਰਾਜਨੀਤਿਕ, ਪ੍ਰਬੰਧਕ, ਧਾਰਮਿਕ ਆਗੂ, ਅਧਿਆਪਕ, ਪੱਤਰਕਾਰ, ਨਿਆਂਪਾਲਿਕਾ, ਪੁਲਿਸ ਤੇ ਸਾਹਿਤਕਾਰ।

**ਰਾਜਨੀਤਿਕ:** ਪਹਿਲਾਂ ਗੱਲ ਰਾਜਨੀਤਿਕਾਂ ਦੀ ਕਰਦੇ ਹਾਂ। ਇਕ ਚੰਗਾ ਰਾਜਨੀਤਿਕ ਕਿਹੜਾ ਹੈ, ਜਿਹੜਾ ਆਪਣੇ ਫਰਜ਼ ਪ੍ਰਤੀ ਸੁਹਿਰਦ ਹੋਵੇ ਤੇ ਲੋਕਾਂ ਬਾਰੇ ਠੀਕ ਤਰ੍ਹਾਂ ਸੋਚ ਸਕੇ, ਭਾਵ ਉਨ੍ਹਾਂ ਦੀਆਂ ਮੁੱਢਲੀਆਂ ਲੋੜਾਂ ਅਤੇ ਸਮੱਸਿਆਵਾਂ ਬਾਰੇ ਸੋਚੇ। ਜਿਸ ਮਨੁੱਖ ਦੇ ਹਿਰਦੇ ਵਿਚ ਮਨੁੱਖਤਾ ਲਈ ਪਿਆਰ ਅਤੇ ਮਨੁੱਖੀ ਪੀੜਾ ਦਾ ਅਹਿਸਾਸ ਹੈ, ਭਾਵ ਰਾਜਨੀਤਿਕ ਮਾਨਵਵਾਦੀ ਹੋਣਾ ਚਾਹੀਦਾ ਹੈ। ਸੱਤਾ ਦਾ ਭੁੱਖਾ ਅਤੇ ਮਾਇਆਧਾਰੀ ਮਨੁੱਖ ਕਦੀ ਵੀ ਚੰਗਾ ਰਾਜਨੀਤਿਕ ਨਹੀਂ ਹੋ ਸਕਦਾ ਅਤੇ ਉਹ ਜਨਤਾ ਦਾ ਕੁੱਝ ਵੀ ਸੁਆਰ ਨਹੀਂ ਸਕਦਾ। ਅੱਜਕੱਲ੍ਹ ਰਾਜਨੀਤਿਕਾਂ ਵਿਚ ਨਿਘਾਰ ਆਉਣ ਦਾ ਕਾਰਨ ਵੀ ਇਹੋ ਹੈ ਕਿ ਯੋਗ ਮਨੁੱਖ ਰਾਜਨੀਤਿਕ ਖੇਤਰ ਵਿਚ ਨਹੀਂ ਆ ਰਹੇ। ਕਿੰਨੇ ਸੰਸਦ ਮੈਂਬਰ ਪੈਸੇ ਦੇ ਸਕੈਂਡਲ ਕਰਦੇ ਟਰਮੀਨੇਟ ਕੀਤੇ ਗਏ ਹਨ, ਕਿੰਨਿਆਂ ਨੂੰ ਸਜ਼ਾ ਹੋ ਚੁੱਕੀ ਹੈ ਅਤੇ ਸੰਸਦਾਂ ਤੇ ਵਿਧਾਇਕਾਂ 'ਤੇ ਕੋਰਟਾਂ ਅੰਦਰ ਕੇਸ ਚੱਲ ਰਹੇ ਹਨ। ਰਾਜਨੀਤਿਕ ਕਿਰਦਾਰ ਪੱਖੋਂ ਭਾਵ ਮਨੁੱਖੀ ਤੇ ਨੈਤਿਕ ਕਦਰਾਂ-ਕੀਮਤਾਂ ਦਾ ਵੀ ਧਾਰਨੀ ਹੋਣਾ ਚਾਹੀਦਾ ਹੈ, ਜਿਵੇਂ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ:

'ਸੱਚ ਹੂੰ ਉਰੇ ਸਭ ਕੋ, ਸੱਚ ਉਪਰ ਆਚਾਰ'॥

**ਪੁਲਿਸ, ਪ੍ਰਬੰਧਕ ਅਤੇ ਕਰਮਚਾਰੀ:** ਲੋਕ ਰਾਜ ਵਿਚ ਕਰਮਚਾਰੀ ਜਨਤਾ ਦੇ ਸੇਵਕ ਹੋਇਆ ਕਰਦੇ ਹਨ ਅਤੇ ਪ੍ਰਬੰਧਕ ਵੀ ਇਵੇਂ ਯੋਗ ਵਿਅਕਤੀ ਤੇ ਸੂਝ-ਬੂਝ ਵਾਲੇ ਹੋਣੇ ਚਾਹੀਦੇ ਹਨ। ਉਹ ਕੰਮ ਦੇ ਕਰਿੰਦੇ, ਮਿਹਨਤੀ ਤੇ ਇਮਾਨਦਾਰ ਹੋਣ।

ਸਾਨੂੰ ਯੂਰਪ ਦੇ ਦੇਸ਼ਾਂ ਤੋਂ ਸਿੱਖਿਆ ਲੈਣੀ ਚਾਹੀਦੀ ਹੈ, ਉਥੋਂ ਦੇ ਕਰਮਚਾਰੀ ਕਿੰਨੇ ਮਿਹਨਤੀ, ਇਮਾਨਦਾਰ ਤੇ ਕਿੰਨੇ ਸੱਭਿਅਕ ਤਰੀਕੇ ਨਾਲ ਜਨਤਾ ਨਾਲ ਪੇਸ਼ ਆਉਂਦੇ ਹਨ, ਜਿਸ ਕਰਕੇ ਇਨ੍ਹਾਂ ਦੇਸ਼ਾਂ ਨੇ ਉਨਤੀ ਕੀਤੀ ਹੈ।

**ਧਾਰਮਿਕ ਆਗੂ :** ਧਰਮ ਦਾ ਸਾਡੀ ਜ਼ਿੰਦਗੀ ਵਿਚ ਬਹੁਤ ਡੂੰਘਾ ਸਬੰਧ ਹੈ। ਧਰਮ ਨੇ ਮਨੁੱਖੀ ਜੀਵਨ ਲਈ ਸੇਧ ਦੇਣੀ ਹੁੰਦੀ ਹੈ। ਧਰਮ ਦਾ ਸਬੰਧ ਜਿੱਥੇ ਪ੍ਰਮਾਤਮਾ ਦੀ ਪ੍ਰਾਪਤੀ ਕਰਨ ਦਾ ਸਾਧਨ ਹੈ, ਉਥੇ ਹੀ ਧਰਮ ਦਾ ਸਬੰਧ ਸਾਡੀ ਰੋਜ਼ਾਨਾ ਜ਼ਿੰਦਗੀ ਨਾਲ ਵੀ ਹੈ। ਪਰ ਅੱਜਕੱਲ੍ਹ ਧਰਮ ਵਿਚ ਜੋ ਕਮਜ਼ੋਰੀਆਂ ਆ ਚੁੱਕੀਆਂ ਹਨ, ਜੇਕਰ ਅਸੀਂ ਇਨ੍ਹਾਂ ਤਰੁੱਟੀਆਂ ਨੂੰ ਦੂਰ ਨਾ ਕੀਤਾ, ਤਾਂ ਧਰਮ ਵਿਚ ਬਹੁਤ ਗਿਰਾਵਟ ਆ ਜਾਏਗੀ ਤੇ ਮਨੁੱਖ ਸਦਾਚਾਰਕ ਜੀਵਨ ਤੋਂ ਦੂਰ ਚਲੇ ਜਾਣਗੇ। ਦਾਰਸ਼ਨਿਕ ਅਗਿਆਤ ਦਾ ਕਹਿਣਾ ਹੈ ਕਿ ਧਰਮ ਦੇ ਹੁੰਦਿਆਂ ਵੀ ਦੁਨੀਆਂ ਵਿਚ ਕਿੰਨੇ ਕਮੀਨੇ ਲੋਕ ਹਨ, ਪਰ ਜੇਕਰ ਧਰਮ ਨਾ ਹੁੰਦਾ, ਤਾਂ ਫਿਰ ਦੁਨੀਆਂ ਦਾ ਕੀ ਬਣਦਾ।

ਅੱਜ ਅਸੀਂ ਗੁਰਬਾਣੀ ਤੋਂ ਬਹੁਤ ਦੂਰ ਜਾ ਰਹੇ ਹਾਂ ਤੇ ਧਾਰਮਿਕ ਖੇਤਰ ਵਿਚ ਵੀ ਬਹੁਤ ਨਿਘਾਰ ਆ ਚੁੱਕਾ ਹੈ। ਇਹ ਸਭ ਕੁੱਝ ਠੀਕ ਤਾਂ ਹੀ ਹੋ ਸਕਦਾ ਹੈ, ਜੇਕਰ ਸਾਡੇ ਧਾਰਮਿਕ ਆਗੂ ਸੱਚ-ਮੁੱਚ ਹੀ ਧਰਮੀ ਹੋਣ ਪਰ ਅਜਿਹਾ ਨਹੀਂ ਹੈ, ਉਨ੍ਹਾਂ ਦੀ ਕਹਿਣੀ ਤੇ ਕਰਨੀ ਇਕ ਨਹੀਂ, ਭਾਵ ਉਹ ਆਪਣੇ ਗੁਰੂਆਂ ਦੀ ਸਿੱਖਿਆ ਅਨੁਸਾਰ ਆਪਣਾ ਜੀਵਨ ਨਹੀਂ ਗੁਜ਼ਾਰ ਰਹੇ ਤੇ ਲੋਕਾਂ 'ਤੇ ਉਨ੍ਹਾਂ ਦਾ ਪ੍ਰਭਾਵ ਕੀ ਪੈਣਾ ਹੈ। ਇਸੇ ਤਰ੍ਹਾਂ ਹੀ ਪ੍ਰਚਾਰਕਾਂ, ਕਥਾਵਾਚਕਾਂ ਤੇ ਗ੍ਰੰਥੀਆਂ ਦਾ ਕਿਰਦਾਰ ਵੀ ਉੱਚਾ ਤੇ ਸੁੱਚਾ ਚਾਹੀਦਾ ਹੈ।

ਪੱਤਰਕਾਰਾਂ ਸੱਚ ਤੇ ਇਨਸਾਫ ਦੀ ਖਾਤਿਰ ਜਾਨ ਦੀ ਬਾਜ਼ੀ ਵੀ ਲਾਉਣੀ ਪੈਂਦੀ ਹੈ। ਇਸ ਲਈ ਇਕ ਚੰਗਾ ਪੱਤਰਕਾਰ ਉਹੀ ਹੈ, ਜਿਹੜਾ ਹੱਕ-ਸੱਚ ਅਤੇ ਇਨਸਾਫ ਦੇ ਰਾਹ 'ਤੇ ਚੱਲੇ ਤੇ ਨਿਰਪੱਖ ਹੋ ਕੇ ਕਿਸੇ ਵੀ ਵਿਸ਼ੇ ਬਾਰੇ ਆਪਣੇ ਵਿਚਾਰ ਦੇਵੇ। ਅੱਜਕੱਲ੍ਹ ਪੱਤਰਕਾਰੀ ਵੀ ਦੋ ਭਾਗਾਂ ਵਿਚ ਵੰਡੀ ਹੋਈ ਹੈ। ਇੱਕ ਤਾਂ ਸੱਚ 'ਤੇ ਪਹਿਰਾ ਦੇ ਰਹੇ ਹਨ ਤੇ ਉਹ ਪੱਖਪਾਤ ਤੋਂ ਰਹਿਤ ਹਨ ਅਤੇ ਅਜਿਹਾ ਕਰਦੇ ਹੋਏ ਕਈਆਂ ਨੂੰ ਸ਼ਹਾਦਤਾਂ ਵੀ ਦੇਣੀਆਂ ਪਈਆਂ ਹਨ ਪਰ ਅਜਿਹੇ ਥੋੜ੍ਹੇ ਹਨ ਤੇ ਬਹੁਤੇ ਪੱਖਪਾਤੀ ਤੇ ਆਪਣੇ ਧੜੇ ਨਾਲ ਖੜ੍ਹਦੇ ਹਨ, ਨਾ ਕਿ ਸੱਚ ਨਾਲ। ਸੱਚੀ ਪੱਤਰਕਾਰੀ ਸਮਾਜ ਦਾ ਬਹੁਤ ਸੁਧਾਰ ਕਰ ਸਕਦੀ ਹੈ, ਜੇਕਰ ਪੱਤਰਕਾਰ ਮਾਨਵਵਾਦੀ ਹੋਣ, ਭਾਵ ਜਿਨ੍ਹਾਂ ਦੇ ਦਿਲ ਵਿਚ ਮਨੁੱਖਤਾ ਲਈ ਹਮਦਰਦੀ ਤੇ ਪਿਆਰ ਹੈ।

**ਨਿਆਂਪਾਲਿਕਾ:** ਕਿਸੇ ਵੀ ਦੇਸ਼ ਦੀ ਉੱਨਤੀ ਤੇ ਮਨੁੱਖਤਾ ਦੇ ਭਲੇ ਲਈ ਬਹੁਤ ਅਹਿਮ ਰੋਲ ਅਦਾ ਕਰ ਸਕਦੀ ਹੈ। ਆਰਥਿਕ ਪੱਖ ਇੰਨਾ ਜ਼ਰੂਰੀ ਨਹੀਂ, ਜੇਕਰ ਮਨੁੱਖ ਨੂੰ ਕੁੱਲੀ, ਗੁੱਲੀ, ਜੁੱਲੀ ਤੇ ਮਨੁੱਖ ਦੀ ਇੱਜ਼ਤ, ਜਾਨ ਮਹਿਫੂਜ਼ ਹੈ ਤੇ ਜਨਤਾ ਨੂੰ ਨਿਆਂਪਾਲਿਕਾ ਵੱਲੋਂ ਇਨਸਾਫ ਮਿਲ ਜਾਵੇ, ਤਾਂ ਮਨੁੱਖੀ ਜੀਵਨ ਬਹੁਤ ਹੱਕ ਤੱਕ ਸੁਹਾਵਣਾ ਹੋ ਸਕਦਾ ਹੈ। ਇਹ ਤਾਂ ਹੀ ਸਭ ਕੁੱਝ ਹੋ ਸਕਦਾ ਹੈ, ਜੇਕਰ ਜੱਜ ਵੀ ਇਮਾਨਦਾਰ ਤੇ ਮਾਨਵਵਾਦੀ ਹੋਣ ਅਤੇ ਉੱਚੇ ਤੇ ਸੁੱਚੇ ਕਿਰਦਾਰ ਦੇ ਮਾਲਕ ਹੋਣ, ਨਾ ਕਿ ਮਾਇਆਧਾਰੀ। ਮਾਇਆਧਾਰੀ ਮਨੁੱਖ ਕਦੀ ਵੀ ਇਨਸਾਫ ਨਹੀਂ ਦੇ ਸਕਦਾ।

ਪਰ ਖੁਸ਼ੀ ਦੀ ਗੱਲ ਇਹ ਹੈ ਕਿ ਜਿੱਥੇ ਅੱਜ ਤੱਕ ਭਾਰਤ ਦੀ ਨਿਆਂਪਾਲਿਕਾ 'ਤੇ ਉਂਗਲੀ ਉਠਦੀ ਰਹੀ ਹੈ ਕਿ ਲੋਕਾਂ ਨੂੰ ਇਨਸਾਫ ਨਹੀਂ ਮਿਲਦਾ, ਉਥੇ ਭਾਰਤ ਦੀ ਨਿਆਂਪਾਲਿਕਾ ਨੇ ਕੁੱਝ ਦੋਸ਼ਾਂ ਵਿਚ ਪੂਰਾ ਇਨਸਾਫ ਦੇ ਕੇ ਇਸ ਗੱਲ ਨੂੰ ਗਲਤ ਸਿੱਧ ਕਰ ਦਿੱਤਾ ਤੇ ਲੋਕਾਂ ਨੂੰ ਅਸਚਰਜ ਕਰ ਦਿੱਤਾ। ਜੇਕਰ ਇਸੇ ਤਰ੍ਹਾਂ ਹੀ ਨਿਆਂਪਾਲਿਕਾ ਲੋਕਾਂ ਨੂੰ ਇਨਸਾਫ ਦਿੰਦੀ ਰਹੀ, ਤਾਂ ਲੋਕਾਂ ਨੂੰ ਨਿਆਂਪਾਲਿਕਾ 'ਤੇ ਹੋਰ ਵੀ ਵਿਸ਼ਵਾਸ, ਇਨਸਾਫ ਪ੍ਰਤੀ ਪੱਕਾ ਹੋ ਜਾਏਗਾ, ਕਿਉਂਕਿ ਹੁਣ ਇਹ ਗੱਲ ਸਿੱਧ ਹੋ ਗਈ ਹੈ ਕਿ ਕੋਈ ਵੀ ਵੱਡੇ ਤੋਂ ਵੱਡਾ ਤੇ ਅਮੀਰ ਆਦਮੀ ਵੀ ਦੋਸ਼ ਤੋਂ ਮੁਕਤ ਨਹੀਂ ਹੋ ਸਕਦਾ।

**ਸਾਹਿਤਕਾਰ:** ਸਾਹਿਤ ਦੀ ਵੀ ਸਮਾਜ ਵਿਚ ਬੜੀ ਮਹਾਨਤਾ ਹੈ। ਚੰਗਾ ਸਾਹਿਤ ਵੀ ਸਮਾਜ ਵਿਚ ਬਹੁਤ ਪਰਿਵਰਤਨ ਲਿਆ ਸਕਦਾ ਹੈ, ਪਰ ਜੇਕਰ ਸਾਹਿਤ ਮਨੁੱਖੀ ਜੀਵਨ ਤੇ ਸਮਾਜ ਦੇ ਨੇੜੇ ਹੋਵੇ। ਚੰਗਾ ਸਾਹਿਤ ਸਮਾਜ ਲਈ ਬਹੁਤ ਹੀ ਕਲਿਆਣਕਾਰੀ ਤੇ ਗੁਣਕਾਰੀ ਹੁੰਦਾ ਹੈ ਤੇ ਸਮਾਜ ਤੋਂ ਦੂਰ ਦੇ ਸਾਹਿਤ ਦਾ ਕੋਈ ਲਾਭ ਨਹੀਂ ਹੁੰਦਾ। ਸਾਹਿਤ ਕਿਸੇ ਵੀ ਵਿਚਾਰਧਾਰਾ ਅਧੀਨ ਲਿਖਿਆ ਗਿਆ ਹੋਵੇ, ਜਿਹੜਾ ਸਾਹਿਤ ਇੰਨਾ ਲਾਭਦਾਇਕ ਨਹੀਂ ਹੁੰਦਾ, ਸਗੋਂ ਮਨੁੱਖ ਨੂੰ ਗੁੰਮਰਾਹ ਕਰਦਾ ਹੈ। ਘੱਟੋ-ਘੱਟ ਸਾਹਿਤ ਜਾਂ ਕੋਈ ਵੀ ਰਚਨਾ ਪੜ੍ਹਨਯੋਗ ਤਾਂ ਹੋਵੇ, ਭਾਵ ਮਨ ਨੂੰ ਟੁੰਬਦੀ ਹੋਵੇ ਪਰ ਕਈ ਰਚਨਾਵਾਂ ਤਾਂ ਇੰਨੀਆਂ ਲੱਚਰ ਤੇ ਅਸ਼ਲੀਲ ਹੁੰਦੀਆਂ ਹਨ ਕਿ ਉਨ੍ਹਾਂ ਨੂੰ ਪੜ੍ਹਨ ਲੱਗਿਆਂ ਤਾਂ ਮਨੁੱਖ ਨੂੰ ਉਲਟੀਆਂ ਆਉਣ ਲੱਗ ਪੈਂਦੀਆਂ ਹਨ। ਇਕ ਚੰਗਾ ਲੇਖਕ ਹੋਣਾ ਹੋਰ ਗੱਲ ਹੈ ਤੇ ਇੱਕ ਵਧੀਆ ਮਨੁੱਖ ਹੋਣਾ ਹੋਰ ਗੱਲ ਹੈ। ਕਹਾਣਕਾਰੀ ਸੁਜਾਨ ਸਿੰਘ ਨੇ ਨਾਵਲਕਾਰ ਨਾਨਕ ਸਿੰਘ ਨੂੰ ਉਨ੍ਹਾਂ ਦੀ ਸ਼ਰਧਾਂਜਲੀ ਸਮਾਗਮ 'ਤੇ ਕਿਹਾ ਸੀ ਕਿ ਲੇਖਕ ਬਣਨਾ ਸੌਖਾ ਹੈ ਪਰ ਇਕ ਚੰਗਾ ਇਨਸਾਨ ਬਣਨਾ ਔਖਾ ਹੈ। ਉਨ੍ਹਾਂ ਕਿਹਾ ਸੀ ਕਿ ਨਾਨਕ ਸਿੰਘ ਇੱਕ ਬਹੁਤ ਵਧੀਆ ਇਨਸਾਨ ਸਨ, ਕਿਉਂਕਿ ਉਹ ਕਹਿਣੀ ਤੇ ਕਰਨੀ ਦੇ ਧਾਰਨੀ ਸਨ। ਇਸ ਲਈ ਵਧੀਆ ਸਾਹਿਤਕਾਰ ਹੋਣ ਦੇ ਨਾਲ-ਨਾਲ ਜੇਕਰ ਸਾਹਿਤਕਾਰ ਉੱਚੇ ਤੇ ਸੁੱਚੇ ਕਿਰਦਾਰ ਦਾ ਮਾਲਕ ਵੀ ਹੋਵੇ, ਤਾਂ ਫਿਰ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ।

ਇਸ ਤਰ੍ਹਾਂ ਸੰਖੇਪ ਵਿਚ ਆਖ ਸਕਦੇ ਹਾਂ ਕਿ ਸਰਕਾਰੀ ਮਸ਼ੀਨਰੀ ਕਈ ਪੁਰਜਿਆਂ ਨਾਲ ਬਣੀ ਹੋਈ ਹੈ ਤੇ ਹਰ ਇੱਕ ਪਰਜਾ ਆਪਣੇ ਥਾਂ ਠੀਕ-ਠਾਕ ਕੰਮ ਕਰੇ, ਤਾਂ ਹੀ ਉਹ ਸਰਕਾਰ ਰੂਪੀ ਮਸ਼ੀਨ ਮਨੁੱਖਤਾ ਦਾ ਕੁੱਝ ਸੁਆਰ ਸਕਦੀ ਹੈ। ਜਿੱਥੇ ਰਾਜਨੀਤਿਕ, ਅਧਿਆਪਕ, ਧਾਰਮਿਕ ਆਗੂ, ਪੁਲਿਸ, ਨਿਆਂਪਾਲਿਕਾ, ਪ੍ਰਬੰਧਕ, ਪੱਤਰਕਾਰ ਤੇ ਸਾਹਿਤਕਾਰ ਯੋਗ ਤੇ ਉੱਚੇ ਤੇ ਸੁੱਚੇ ਕਿਰਦਾਰ ਵਾਲੇ ਹੋਣੇ ਚਾਹੀਦੇ ਹਨ, ਇਵੇਂ ਹੀ ਦੇਸ਼ ਦੇ ਪ੍ਰਧਾਨ ਤੇ ਪ੍ਰਧਾਨ ਮੰਤਰੀ ਕਦਰਾਂ-ਕੀਮਤਾਂ ਦੇ ਧਾਰਨੀ ਹੋਣੇ ਚਾਹੀਦੇ ਹਨ।

# ਡਾ. ਬਲਦੇਵ ਸਿੰਘ ਕੰਦੋਲਾ ਦੀ ਪੁਸਤਕ ਵਿਗਿਆਨ ਕੀ ਹੈ? ਪੰਜਾਬੀ ਪ੍ਰੇਮੀਆਂ ਲਈ ਲਾਹੇਬੰਦ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)




ਡਾ. ਬਲਦੇਵ ਸਿੰਘ ਕੰਦੋਲਾ ਖੁਦ ਇੱਕ ਵਿਗਿਆਨੀ ਹਨ, ਉਨ੍ਹਾਂ ਦੀ ਖੋਜੀ ਪੁਸਤਕ "ਵਿਗਿਆਨ ਕੀ ਹੈ? ਵਿਗਿਆਨ ਦੀ ਵਿਚਾਰਧਾਰਾ, ਵਿਧੀ ਅਤੇ ਤਰਕ" ਵਿਗਿਅਨਕ ਸੋਚ ਦਾ ਪ੍ਰਗਟਾਵਾ ਹੈ।


ਮੁੱਢਲੇ ਤੌਰ 'ਤੇ ਇਹ ਪੁਸਤਕ ਪੰਜਾਬੀ ਪ੍ਰੇਮੀਆਂ ਨੂੰ ਵਿਗਿਆਨ ਦੀ ਪੜ੍ਹਾਈ ਪੰਜਾਬੀ ਭਾਸ਼ਾ ਵਿਚ ਕਰਨ ਲਈ ਉਤਸ਼ਾਹਤ ਕਰਨ ਦਾ ਉਦਮ ਹੈ। ਜਿਹੜੇ ਲੋਕ ਕਹਿੰਦੇ ਸੀ ਕਿ ਵਿਗਿਆਨ ਪੰਜਾਬੀ ਵਿਚ ਪੜ੍ਹਾਇਆ ਨਹੀਂ ਜਾ ਸਕਦਾ, ਉਨ੍ਹਾਂ ਲਈ ਡਾ. ਬਲਦੇਵ ਸਿੰਘ ਕੰਦੋਲਾ ਨੇ ਮਾਰਗ ਦਰਸ਼ਨ ਕੀਤਾ ਹੈ। ਪੁਸਤਕ ਨੂੰ 10 ਕਾਂਡਾਂ ਵਿਚ ਵੰਡਿਆ ਹੈ। ਦਸਵੇਂ ਕਾਂਡ ਵਿਚ ਹਵਾਲਾ ਪੁਸਤਕਾਂ ਦਾ ਜ਼ਿਕਰ ਹੈ। ਪਹਿਲੇ ਕਾਂਡ ਵਿਗਿਆਨ ਦਾ ਸਵਰੂਪ ਵਿਚ ਪਰਿਚੈ, ਭਾਸ਼ਾ ਅਤੇ ਵਿਗਿਆਨਕ ਸੋਚ, ਵਿਗਿਆਨ ਦੀ ਪਰਿਭਾਸ਼ਾ, ਯੂਰਪੀ ਪੁਨਰ-ਜਾਗ੍ਰਤੀਕਾਲ ਅਤੇ ਵਿਗਿਆਨ, ਵਿਗਿਆਨ ਅਤੇ ਧਰਮ, ਵਿਗਿਆਨ ਅਤੇ ਨੈਤਿਕਤਾ, ਵਿਗਿਆਨ ਅਤੇ ਸਮਾਜ, ਵਿਗਿਆਨ ਅਤੇ ਸੱਭਿਆਚਾਰ ਅਤੇ ਵਿਗਿਆਨ ਦੀ ਸਫਲਤਾ ਸ਼ਾਮਲ ਹਨ। ਇਨ੍ਹਾਂ ਵਿਚ ਬੜੀ ਬਾਰੀਕੀ ਨਾਲ ਇਤਿਹਾਸਕ ਤੱਥਾਂ 'ਤੇ ਆਧਾਰਿਤ ਜਾਣਕਾਰੀ ਦਿੱਤੀ ਗਈ ਹੈ।

ਭਾਰਤੀ ਵਿਗਿਆਨਕ ਰਹਿਮਤਾਂ ਨੂੰ ਦੇਵੀ ਦੇਵਤਿਆਂ ਦੀ ਦੇਣ ਸਮਝਕੇ ਵਹਿਮਾਂ-ਭਰਮਾਂ ਵਿਚ ਪੈ ਗਏ ਸਨ, ਜਾਗ੍ਰਤੀ ਆਉਣ ਨਾਲ ਵਿਗਿਅਨਕ ਨਿਯਮਾਂ ਦੀ ਸਮਝ ਆਉਣ ਲੱਗੀ। ਪੁਸਤਕ ਪੜ੍ਹਨ ਤੋਂ ਮਹਿਸੂਸ ਹੁੰਦਾ ਹੈ ਕਿ ਡਾ. ਬਲਦੇਵ ਸਿੰਘ ਕੰਦੋਲਾ ਨੇ ਇਹ ਪੁਸਤਕ ਲੰਬਾ ਸਮਾਂ ਸੰਸਾਰ ਦੇ ਸਾਰੇ ਪੁਰਾਤਨ ਕਾਲ ਤੋਂ ਲੈ ਕੇ ਆਧੁਨਿਕ ਕਾਲ ਤੱਕ ਦੇ ਵਿਗਿਆਨੀਆਂ ਦੀਆਂ ਖੋਜਾਂ ਦੀ ਡੂੰਘੀ ਜਾਣਕਾਰੀ ਹਾਸਲ ਕਰਕੇ ਉਸ ਨੇ ਆਪਣੀ ਇਹ ਪੁਸਤਕ ਲਿਖੀ ਹੈ। ਉਨ੍ਹਾਂ ਇਸ ਪੁਸਤਕ ਵਿਚ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਵਿਗਿਆਨ ਦੀ ਪੜ੍ਹਾਈ ਭਾਵੇਂ ਉਹ ਵਿਗਿਆਨ ਦੇ ਕਿਸੇ ਵੀ ਵਿਸ਼ੇ ਵਿਚ ਹੋਵੇ, ਉਹ ਪੰਜਾਬੀ ਵਿਚ ਲਿਖੀ ਤੇ ਪੜ੍ਹਾਈ ਜਾ ਸਕਦੀ ਹੈ। ਉਨ੍ਹਾਂ ਇਹ ਇੱਕ ਨਮੂਨਾ ਪੰਜਾਬੀਆਂ ਲਈ ਪ੍ਰੋਸ ਕੇ ਰੱਖ ਦਿੱਤਾ ਹੈ।

ਉਸ ਨੇ ਇਸ ਪੁਸਤਕ ਵਿਚ ਵਿਗਿਆਨ ਦੀ ਪਰਿਭਾਸ਼ਾ, ਵਿਗਿਆਨਕ ਭਾਸ਼ਾ ਦੇ ਅਰਥ ਤੇ ਵਿਕਾਸ ਤੱਥਾਂ ਨਾਲ ਦੱਸੀ ਹੈ। ਉਨ੍ਹਾਂ ਦੱਸਿਆ ਕਿ ਭਾਰਤ ਦੀ ਦਾਰਸ਼ਨਿਕ ਅਤੇ ਗਿਆਨਵਾਦੀ ਪ੍ਰੰਪਰਾ ਵਿਚ ਵਿਗਿਆਨ ਸ਼ਬਦ ਦੀ ਵਰਤੋਂ ਬਹੁਤ ਪੁਰਾਣੀ ਹੈ। ਇਹ ਸਭ ਤੋਂ ਸਰਵੋਤਮ ਹੈ। ਯੂਰਪ ਵਿਚ ਇਹ ਪ੍ਰੰਪਰਾ ਨਵੀਂ ਹੈ। ਵਿਗਿਆਨਕ ਜਾਂਚ ਪੜਤਾਲ ਦਾ ਮੁੱਖ ਮਨੋਰਥ ਸੱਚ ਦੀ ਭਾਲ ਕਰਨਾ ਹੈ। ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਉਦਾਹਰਨਾਂ ਦੇ ਕੇ ਸਾਬਤ ਕੀਤਾ ਹੈ। ਪ੍ਰਸਿੱਧ ਵਿਗਿਆਨੀ ਨੀਡੂਮ ਅਨੁਸਾਰ ਅਰਬੀ ਤੋਂ ਲਾਤੀਨੀ ਵਿਚ ਯੂਰਪੀ ਅਨੁਵਾਦਕਾਂ ਨੇ ਜਾਣਬੁੱਝ ਕੇ ਭਾਰਤੀ ਤੇ ਚੀਨੀ ਰਚਨਾਵਾਂ ਨੂੰ ਨਜ਼ਰਅੰਦਾਜ਼ ਕੀਤਾ ਹੈ। ਦਸ਼ਮਲਵ ਅੰਕੜਾ ਤੰਤਰ ਨੂੰ ਅਰਬੀ ਤੰਤਰ ਨੇ ਭਾਰਤੀ ਤੰਤਰ ਮੰਨਿਆ ਹੈ।

ਦੂਜੇ ਵਿਗਿਆਨ ਅਤੇ ਤਰਕ ਕਾਂਡ ਵਿਚ ਪਰਿਚੈ, ਤਰਕ ਕੀ ਹੈ? ਵਿਗਿਆਨ ਵਿਚ ਤਰਕ, ਭਾਰਤੀ ਤਰਕ ਅਤੇ ਵਿਗਿਆਨ ਅਤੇ ਭਾਰਤੀ ਤਰਕ ਦੇ ਵਿਸ਼ਿਆਂ 'ਤੇ ਚਰਚਾ ਕੀਤੀ ਗਈ ਹੈ। ਤਰਕ ਅਤੇ ਵਿਵੇਕ ਦਾ ਵਿਗਿਆਨ ਨਾਲ ਗੂੜ੍ਹਾ ਸੰਬੰਧ ਹੈ। ਵਿਗਿਆਨੀ, ਤਾਰਕਿਕ ਹੋਣ ਦੇ ਨਾਲ-ਨਾਲ ਬੜੇ ਸਿਰਜਣਸ਼ੀਲ ਵੀ ਹੁੰਦੇ ਹਨ। ਵਿਗਿਆਨਕਾਂ ਦੀ ਦੂਰ ਅੰਦੇਸ਼ੀ, ਪ੍ਰਤਿਭਾ, ਕਲਪਨਾ ਅਤੇ ਨਿਰੀ ਦ੍ਰਿੜ੍ਹਤਾ ਵੀ ਪੂਰਤੀਆਂ ਦਾ ਸਬੂਤ ਹਨ।




ਗਿਆਨਿੰਦ੍ਰੀਆਂ ਤੇ ਮਨ ਦੀ ਇੰਦ੍ਰੀ ਰਾਹੀਂ ਬਾਹਰੀ ਸੰਸਾਰ ਨੂੰ ਅਨੁਭਵ ਅਤੇ ਨਵੀਂ ਜਾਣਕਾਰੀ ਹਾਸਲ ਕਰਦੇ ਹਾਂ। ਤਰਕ ਦਲੀਲਾਂ ਦਾ ਵਿਸ਼ਲੇਸ਼ਣ ਹੁੰਦਾ ਹੈ। ਵਿਗਿਆਨ ਦੀ ਤਰਕ ਲਈ ਨਵੀਂਆਂ ਖੋਜਾਂ ਅਤੇ ਕਾਢਾਂ ਵਿਚ ਅੰਤਰਦ੍ਰਿਸ਼ਟੀ ਦੀ ਸਚਾਈ ਦੇ ਪ੍ਰਮਾਣ ਪੇਸ਼ ਕਰਨ ਲਈ ਸਿਧਾਂਤ, ਪ੍ਰਯੋਗ ਅਤੇ ਸਿਧਾਂਤ ਦੇ ਆਪਸੀ ਸੰਬੰਧ, ਪ੍ਰਯੋਗ ਦੀ ਸਥਾਪਤੀ ਦੀ ਪ੍ਰਮਾਣਿਕਤਾ ਦੀ ਲੋੜ ਪੈਂਦੀ ਹੈ। ਤਰਕ, ਵਿਗਿਆਨ ਵਿਧੀ ਦਾ ਵਿਸ਼ੇਸ਼ ਅਤੇ ਅਨਿੱਖੜਵਾਂ ਅੰਗ ਹੈ। ਭਾਰਤ ਵਿਚ ਤਰਕ ਅਤੇ ਤਰਕ ਦੇ ਅਧਿਐਨ ਦੀ ਪ੍ਰੰਪਰਾ ਪੁਰਾਣੀ ਹੈ। ਤਰਕ ਦਾ ਜ਼ਿਕਰ ਮਹਾਂ ਭਾਰਤ ਵਿਚ ਆਉਂਦਾ ਹੈ।

ਵਿਗਿਆਨ ਅਤੇ ਵਾਸਤਵਿਕਤਾ ਤੀਜਾ ਕਾਂਡ ਹੈ, ਜਿਸ ਵਿਚ ਵਾਸਤਵਿਕਤਾ ਬਾਰੇ ਪਰਿਚੈ, ਵਾਸਤਵਿਕਤਾ ਦਾ ਵਰਣਨ, ਦੇਸ਼ ਅਤੇ ਮਾਦੇ ਬਾਰੇ ਵਿਗਿਆਨਕ ਵਿਚਾਰ, ਵਿਗਿਆਨਕ ਯਥਾਰਥਵਾਦ ਅਤੇ ਜੰਤਰਿਕ ਜਾਂ ਉਪਕਰਣਵਤ ਪ੍ਰਤੱਖਣ ਰਾਹੀਂ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਭਾਰਤ ਦੀ ਸਮੁੱਚੀ ਦਾਰਸ਼ਨਿਕ ਵਿਚਾਰਧਾਰਾ ਨੂੰ ਜਾਨਣ ਤੇ ਸਮਝਣ ਤੋਂ ਆਰੰਭ ਹੁੰਦੀ ਹੈ। ਜਦੋਂ ਅਸੀਂ ਵਸਤੂਆਂ ਅਤੇ ਪਰਿਘਟਨਾਵਾਂ ਦੇਖਦੇ ਹਾਂ ਤੇ ਉਨ੍ਹਾਂ ਦੀ ਮੌਜੂਦਗੀ ਮਹਿਸੂਸ ਕਰਦੇ ਹਾਂ ਤੇ ਪਛਾਣ ਕੇ ਵਸ਼ਿਸ਼ਟ ਨਾਮ ਦਿੰਦੇ ਹਾਂ, ਇਹ ਸਾਡੀ ਸਿਰਜਣ ਸ਼ਕਤੀ ਦੀ ਦੇਣ ਹੈ। ਮਨ ਸਾਡੇ ਲਈ ਵਾਸਤਵਿਕਤਾ ਨੂੰ ਸੰਗਠਿਤ ਕਰਦਾ ਹੈ। ਮਨ ਤੇ ਇੰਦ੍ਰੀਆਂ ਮਿਲ ਕੇ ਬਾਹਰੀ ਵਾਸਤਵਿਕਤਾ ਪੈਦਾ ਕਰਦੇ ਹਨ। ਪਦਾਰਥਾਂ ਨੂੰ ਮੂਲ ਵਾਸਤਵਿਕਤਾ ਸਮਝ ਕੇ ਵਿਗਿਆਨਕ ਸਿਧਾਂਤ ਘੜੇ ਜਾਂਦੇ ਹਨ। ਦੇਸ ਅਤੇ ਮਾਦੇ ਦੇ ਸਵਾਲ ਨੂੰ ਵਿਗਿਆਨ ਅਲੱਗ ਦ੍ਰਿਸ਼ਟੀ ਤੋਂ ਲੈਂਦਾ ਹੈ: ਇਹ ਅਨੁਭਾਵਕ ਅਤੇ ਵਿਹਾਰਕ ਪੱਖ ਤੋਂ ਵੇਖਦਾ ਹੈ। ਮਾਦੇ ਦੀਆਂ ਵਸਤੂਆਂ ਸਥਿਰ ਰਹਿੰਦੀਆਂ ਹਨ ਕਿਉਂਕਿ ਜੜ੍ਹਤਾ ਮਾਦੇ ਦਾ ਗੁਣਧਰਮ ਹੈ। ਨਿਊਟਨ ਅਨੁਸਾਰ ਵਸਤੂਆਂ ਦੀ ਗਤੀ ਲਈ ਦੇਸ ਅਤੇ ਕਾਲ ਦੀ ਲੋੜ ਹੈ, ਅਤੇ ਉਹ ਇਨ੍ਹਾਂ ਨੂੰ ਪਰਮ ਕਾਲ ਅਤੇ ਪਰਮ ਦੇਸ ਮੰਨਦਾ ਹੈ। ਆਈਨਸਟਾਈਨ ਅਨੁਸਾਰ ਕੁਦਰਤ ਵਿਚ ਸਿਰਫ ਘਟਨਾਵਾਂ ਦੀ ਹੀ ਹੋਂਦ ਨੂੰ ਇਹ ਸੰਪੂਰਨ ਤੌਰ 'ਤੇ ਰੱਦ ਕਰਦਾ ਹੈ। ਵਿਗਿਆਨਕ ਯਥਾਰਥਵਾਦ ਵਿਚ ਦੱਸਿਆ ਹੈ ਕਿ ਦ੍ਰਵਮਾਨ, ਦੇਸ, ਕਾਲ ਅਤੇ ਸੰਖਿਆ ਵਿਗਿਅਨ ਦੁਆਰਾ ਅਸਲੀ ਮੰਨੇ ਜਾਂਦੇ ਹਨ। ਪਰਮਾਣੂ ਦੀ ਵਾਸਤਵਿਕਤਾ ਬਾਰੇ ਚਰਚਾ ਵੀ ਸਦੀਆਂ ਪੁਰਾਣੀ ਹੈ। ਗਣਿਤਵਿਗਿਆਨ ਅਨੁਸਾਰ ਦ੍ਰਵਮਾਨ, ਜੁਟ, ਦੇਸ ਅਤੇ ਕਾਲ ਆਦਿ ਪਿੱਛੇ ਕੀ ਵਾਸਤਵਿਕਤਾ ਹੈ? ਈਸ਼ਵਰ ਵੀ ਮਨਘੜਤ ਹੈ। ਵਿਗਿਆਨ ਵਿਚ ਪ੍ਰਤੱਖਣ ਦੀ ਸੀਮਾ ਸਾਖਿਆਤ ਪ੍ਰਤੱਖਣ ਤੱਕ ਹੀ ਸੀਮਤ ਨਹੀਂ, ਅਸਿੱਧੇ ਪ੍ਰਤੱਖਣ ਦਾ ਵੀ ਮਹੱਤਵ ਹੈ। ਜੰਤਰਿਕ ਜਾਂ ਉਪਕਰਣਵਤ ਪ੍ਰਤੱਕਖਣ ਵਿਚ ਦੱਸਿਆ ਹੈ ਕਿ ਜੰਤਰਾਂ ਦੀ ਮਦਦ ਨਾਲ ਭੌਤਿਕ ਵਸਤੂਆਂ ਬਾਰੇ ਜਾਣਕਾਰੀ ਹਾਸਲ ਕਰਨ ਨੂੰ ਜੰਤਰਿਕ ਪ੍ਰਤੱਖਣ ਕਿਹਾ ਜਾਂਦਾ ਹੈ। ਜੰਤਰਾਂ ਰਾਹੀਂ ਨਤੀਜਿਆਂ 'ਤੇ ਪਹੁੰਚਣ ਲਈ ਸਿਧਾਂਤ ਪ੍ਰਣਾਲੀ ਵਰਤਣੀ ਪੈਂਦੀ ਹੈ। ਸਿਧਾਂਤ ਲੱਦੀ ਦ੍ਰਿਸ਼ਟੀ ਦੀ ਘਾਟ ਇਹ ਹੈ ਕਿ ਕਿਸੇ ਨਿਰੀਖਣ ਦੀ ਤਰਜਮਾਨੀ ਵਿਭਿੰਨ ਸਿਧਾਂਤਕ ਪੱਖਾਂ ਤੋਂ ਕੀਤੀ ਜਾ ਸਕਦੀ ਹੈ।

ਚੌਥੇ ਕਾਂਡ ਵਿਗਿਆਨ ਅਤੇ ਅਨੁਭਵ ਵਿਚ ਦੱਸਿਆ ਹੈ ਕਿ ਇਹ ਠੋਸ ਤੱਥਾਂ 'ਤੇ ਆਧਾਰਿਤ ਹੁੰਦਾ ਹੈ। ਵਸਤੂਨਿਸ਼ਠ ਤੱਥ ਸਮੁੱਚੇ ਵਿਗਿਆਨ ਦਾ ਮੁੱਖ ਆਧਾਰ ਹੁੰਦੇ ਹਨ। ਤੱਥ ਉਹ ਚੀਜ਼ ਹੁੰਦੀ ਹੈ, ਜਿਸ ਦੀ ਪ੍ਰਤੱਖ ਹੋਂਦ ਹੋਵੇ। ਵਿਗਿਆਨਕ ਤੱਥਾਂ ਨੂੰ ਸੁਚੇਤ ਦੁਹਰਾਉਣਯੋਗ ਨਿਰੀਖਣਾਂ ਜਾਂ ਪ੍ਰਯੋਗਾਤਮਕ ਮਾਪ ਦੁਆਰਾ ਅੰਕੜੇ ਇਕੱਠੇ ਕਰਕੇ ਤਸਦੀਕ ਕੀਤਾ ਜਾਂਦਾ ਹੈ। ਕਿਸੇ ਖਾਸ ਮੰਤਵ ਨਾਲ ਨੀਝ ਲਗਾ ਕੇ ਦੇਖਣ ਨੂੰ ਨਿਰੀਖਣ ਕਿਹਾ ਜਾਂਦਾ ਹੈ। ਨਿਰੀਖਣਾਂ ਨੂੰ ਜਦੋਂ ਯੰਤ੍ਰਿਕ ਉਪਕਰਣਾਂ ਨਾਲ ਮਾਪਿਆ ਜਾਂਦਾ ਹੈ, ਤਾਂ ਇਹ ਠੋਸ ਤੱਥ ਬਣ ਜਾਂਦੇ ਹਨ।

ਪੰਜਵਾਂ ਕਾਂਡ ਵਿਗਿਆਨਕ ਵਿਧੀ ਹੈ, ਜਿਸ ਰਾਹੀਂ ਵਿਹਾਰਕ ਸਮੱਸਿਆਵਾਂ ਦਾ ਹੱਲ ਲੱਭਿਆ ਜਾਂਦਾ ਹੈ, ਉਸ ਨੂੰ ਵਿਗਿਆਨਕ ਵਿਧੀ ਕਿਹਾ ਜਾਂਦਾ ਹੈ। ਤਰਕ ਦਾ ਸੰਬੰਧ ਪ੍ਰਸਤਾਵਾਂ ਅਤੇ ਸਬੂਤਾਂ ਨਾਲ ਹੈ। ਤਰਕ ਸੱਚਾਈ 'ਤੇ ਨਿਰਭਰ ਕਰਦੀ ਹੈ। ਸਹੀ ਤਾਰਕਿਕ ਦਲੀਲ ਦੀ ਵਿਹਾਰਕ ਯੁਕਤਿ ਦੇ ਹੁਨਰ ਨੂੰ ਪ੍ਰਯੁਕਤ ਤਰਕ ਕਿਹਾ ਜਾਂਦਾ ਹੈ। ਪਰਿਕਲਪਨਾਵਾਂ ਦਾ ਪ੍ਰਮਾਣਯੋਗ ਹੋਣਾ ਲਾਜ਼ਮੀ ਹੈ। ਆਮ ਤੌਰ 'ਤੇ ਪ੍ਰਮਾਣੀਕਰਨ ਪ੍ਰਯੋਗਾਂ ਅਤੇ ਨਿਰੀਖਣਾਂ ਰਾਹੀਂ ਸੰਪਨ ਕੀਤਾ ਜਾਂਦਾ ਹੈ। ਜਿਹੜੀ ਪਰਿਕਲਪਨਾ ਨਿਰੀਖਣ ਨੂੰ ਨਿਰਦੇਸ਼ ਦਿੰਦੀ ਹੈ, ਉਹ ਹੀ ਕਿਸੇ ਵਸਤੂ ਬਾਰੇ ਫੈਸਲਾ ਕਰਦੀ ਹੈ। ਸ਼੍ਰੇਣੀਕਰਨ ਵਿਗਿਆਨਕ ਅਨ੍ਵੇਸ਼ਣ ਦੇ ਗਿਆਨ ਨੂੰ ਸੰਗਠਤ ਕਰਨ ਵਿਚ ਸਹਾਈ ਹੁੰਦਾ ਹੈ। ਵਿਭਿੰਨ ਵਿਸ਼ਿਆਂ ਵਿਚ ਸ਼੍ਰੇਣੀਕਰਨ ਅਲੱਗ-ਅਲੱਗ ਹੋ ਸਕਦਾ ਹੈ। ਵਸਤੂਆਂ ਦੇ ਕਾਰਨਾਂ ਦੀ ਖੋਜ ਸਾਡੀ ਵਿਗਿਆਨਕ ਵਿਧੀ ਦਾ ਸੁਭਾਵਕ ਮੰਤਵ ਹੈ। ਪ੍ਰਾਯਿਕਤਾ (ਸੰਭਾਵਨਾ) ਅਤੇ ਆਗਮਨ ਵਿਚ ਦਰਸਾਇਆ ਗਿਆ ਹੈ ਕਿ ਵਿਗਿਆਨਕ ਜਾਂਚ ਪੜਤਾਲ ਦੇ ਦੋ ਮੁੱਖ ਪਹਿਲੂ ਨਿਗਮਨ ਅਤੇ ਆਗਮਨ ਹੁੰਦੇ ਹਨ। ਆਗਮਨ ਨੂੰ ਆਧੁਨਿਕ ਵਿਗਿਆਨ ਦਾ ਤਰੀਕਾ ਕਿਹਾ ਜਾਂਦਾ ਹੈ। ਕਈ ਵਾਰ ਇਨ੍ਹਾਂ ਦੀਆਂ ਦਲੀਲਾਂ ਨੂੰ ਪਰਸਪਰ ਵਿਰੋਧਾਤਮਿਕ ਕਿਹਾ ਜਾਂਦਾ ਹੈ, ਪ੍ਰਾਕ੍ਰਿਤਿਕ ਵਿਗਿਆਨ ਲਈ ਦੋਵੇਂ ਬਰਾਬਰ ਹਨ।

ਛੇਵਾਂ ਕਾਂਡ ਵਿਗਿਆਨਕ ਪ੍ਰਯੋਗੀਕਰਨ ਹੈ। ਉਪਯੋਗਤਾ, ਵਿਗਿਆਨ ਦਾ ਮੁੱਖ ਅਤੇ ਏਕਾਂਤ ਉਦੇਸ਼ ਹੈ। ਵਿਗਿਆਨ ਲਈ ਕੇਵਲ ਤੱਥਾਂ ਨਹੀਂ, ਸਗੋਂ ਪ੍ਰਾਸੰਗਿਕ ਤੱਥਾਂ ਦੀ ਜ਼ਰੂਰਤ ਹੁੰਦੀ ਹੈ। ਵਿਗਿਆਨ ਸਵਾਲ ਉਠਾਉਂਦਾ ਹੈ ਅਤੇ ਉੱਤਰ ਕਿਸੇ ਹੱਦ ਤੱਕ ਸੁਚੇਤ ਨਿਰੀਖਣਾਂ ਨਾਲ ਦਿੱਤਾ ਜਾਂਦਾ ਹੈ। ਪ੍ਰਾਯੋਗਿਕ ਨਤੀਜੇ ਠੋਸ ਵਿਗਿਆਨਕ ਤੱਥ ਬਣਦੇ ਹਨ। ਸਿਧਾਂਤ ਬਗੈਰ ਪ੍ਰਯੋਗ ਮਨੋਰਥਹੀਣ, ਅਤੇ ਪ੍ਰਯੋਗ ਬਗੈਰ ਸਿਧਾਂਤ ਅਰਥਹੀਣ ਹੁੰਦਾ ਹੈ। ਲਿੰਗ ਉਹ ਚਿੰਨ੍ਹ ਹੈ, ਜੋ ਕਿਸੇ ਹੋਰ ਚੀਜ਼ ਦਾ ਪ੍ਰਤੀਕ ਹੁੰਦਾ ਹੈ। ਇਸ ਲਈ ਲਿੰਗ ਦਾ ਸੰਕਲਪ ਵਿਗਿਆਨ ਲਈ ਬੜੀ ਮਹੱਤਤਾ ਰੱਖਦਾ ਹੈ। ਜਿੰਨੇ ਪ੍ਰਯੋਗ ਕੀਤੇ ਜਾਣਗੇ, ਉਨੇ ਹੀ ਨਿਸ਼ਚਿਤ ਨਤੀਜੇ ਹੋਣਗੇ। ਪ੍ਰਯੋਗਿਕ ਨਤੀਜੇ ਉਪਯੁਕਤ ਹੋਣੇ ਚਾਹੀਦੇ ਹਨ। ਵਿਗਿਆਨ ਦੀ ਖਾਸੀਅਤ ਹੈ ਕਿ ਵਿਗਿਆਨਕ ਗਿਆਨ ਤੱਥਾਂ ਤੋਂ ਵਿਉਂਤਪਤਿ ਕੀਤਾ ਜਾਂਦਾ ਹੈ। ਸਾਧਾਰਣ ਰੂਪ ਵਿਚ ਸਿਧਾਂਤ ਦਾ ਸੰਬੰਧ ਸਰਵ ਵਿਆਪਕ ਕਥਨਾਂ ਨਾਲ ਹੈ। ਸਿਧਾਂਤ ਵਿਚ ਦੋਵੇਂ ਆਗਮਨ ਦਲੀਲ ਅਤੇ ਨਿਗਮਨ ਦਲੀਲ ਸ਼ਾਮਲ ਹੁੰਦੇ ਹਨ। ਵਿਗਿਆਨਕ ਸਿਧਾਂਤ ਸੋਧਿਆ ਜਾ ਸਕਦਾ ਹੈ। ਸਿਧਾਂਤ ਸਹੀ ਮਾਪਣਯੋਗ ਨਤੀਜਿਆਂ ਦੀ ਭਵਿੱਖਬਾਣੀ ਕਰਦਾ ਹੈ। ਵਿਗਿਆਨ ਬਾਖੂਬੀ ਨਾਲ ਪ੍ਰਮਾਣਿਤ ਕੀਤੇ ਸਿਧਾਂਤਾਂ ਦਾ ਸੰਗ੍ਰਹਿ ਹੈ, ਜਿਹੜੇ ਕੁਦਰਤੀ ਘਟਨਾਵਾਂ ਵਿਚਾਲੇ ਵਾਸਤਵਿਕ ਸਮਰੂਪਤਾ ਅਤੇ ਬਾਕਾਇਦਗੀ ਦੀ ਸਪੱਸ਼ਟ ਵਿਆਖਿਆ ਕਰਦੇ ਹਨ।

ਸਿਧਾਂਤ ਰਚਣ ਦਾ ਸੰਬੰਧ ਤੱਥਾਂ ਨਾਲ ਹੈ, ਉਨ੍ਹਾਂ ਨੂੰ ਕਿਸੇ ਤਾਰਕਿਕ ਦਲੀਲ ਦੁਆਰਾ ਜੋੜ ਕੇ ਸਿਧਾਂਤ ਦਾ ਰੂਪ ਦਿੱਤਾ ਜਾਂਦਾ ਹੈ। ਆਗਮਨ ਦਲੀਲ ਲਈ ਪ੍ਰਸਥਿਤੀਆਂ ਲਈ ਜਾਣਕਾਰੀ ਵੀ ਅਵੱਸ਼ਕ ਹੈ। ਆਗਮਨਵਾਦੀ ਦਲੀਲ ਦਾ ਦਾਅਵਾ ਹੈ ਕਿ ਸਮੁੱਚਾ ਵਿਗਿਆਨਕ ਗਿਆਨ ਅਨੁਭਵ ਤਜ਼ਰਬੇ ਤੋਂ ਪੈਦਾ ਹੁੰਦਾ ਹੈ। ਉਸ ਦੀ ਪ੍ਰਮਾਣਿਕਤਾ ਨੂੰ ਆਗਮਨ ਦਲੀਲ ਨਾਲ ਸਾਬਤ ਕਰਦੇ ਹਾਂ। ਲਿੰਗ ਲਿੰਗੀ ਦੇ ਆਪਸੀ ਸੰਬੰਧ ਬਾਰੇ ਕਹਿ ਸਕਣ ਦੀ ਸਮਰੱਥਾ ਕਿਸੇ ਸਿਧਾਂਤ ਦਾ ਸੁਭਾਵਕ ਗੁਣ ਹੁੰਦਾ ਹੈ। ਪ੍ਰਕ੍ਰਿਤਕ ਵਿਗਿਆਨ ਦੇ ਸੰਕਲਪਾਂ ਲੱਦੇ ਸਿਧਾਂਤ ਗਣਿਤਵਿਗਿਆਨ ਦੀ ਭਾਸ਼ਾ ਵਿਚ ਵਿਅਕਤ ਕੀਤੇ ਜਾਂਦੇ ਹਨ। ਅੱਠਵਾਂ ਕਾਂਡ ਸਿਧਾਂਤਾਂ ਦਾ ਝੁਠਲਾਉਣੀਕਰਣ ਅਨੁਸਾਰ, ਕਈ ਸਿਧਾਂਤ, ਨਿਰੀਖਣਾਂ ਅਤੇ ਪ੍ਰਯੋਗਾਂ ਦੇ ਸਹਾਰੇ ਝੂਠੇ ਸਾਬਤ ਕੀਤੇ ਜਾ ਸਕਦੇ ਹਨ। ਝੁਠਲਾਉਣਵਾਦ ਨਵੇਂ ਵਿਚਾਰਾਂ ਨੂੰ ਜਨਮ ਦਿੰਦਾ ਹੈ। ਵਿਗਿਆਨਕ ਪਰਿਕ੍ਰਾਂਤੀਆਂ ਵਿਚ ਇੱਕ ਸਿਧਾਂਤਕ ਢਾਂਚੇ ਨੂੰ ਤਿਆਗ ਕੇ ਦੂਜੇ ਅਸੰਗਤਮਈ ਢਾਂਚੇ ਨੂੰ ਅਪਣਾਇਆ ਜਾਂਦਾ ਹੈ। ਨਿਯਮਾਂ, ਸਿਧਾਂਤਾਂ, ਪ੍ਰਯੁਕਤੀਆਂ ਅਤੇ ਉਪਕਰਣਾਂ ਨੂੰ ਮਿਲਾ ਕੇ ਇੱਕ ਖਾਸ ਵਿਗਿਆਨਕ ਖੋਜ ਦੀ ਸੰਸਕਤ ਪ੍ਰੰਪਰਾ ਉਗਮਦੀ ਹੈ, ਜਿਸ ਨੂੰ ਰੂਢਗੀਤਿ ਕਿਹਾ ਗਿਆ ਹੈ।

261 ਪੰਨਿਆਂ, ਰੰਗਦਾਰ ਮੁੱਖ ਕਵਰ, 550 ਰੁਪਏ ਭਾਰਤ, 10.50 ਪੌਂਡ ਯੂ.ਕੇ. ਕੀਮਤ ਵਾਲੀ ਇਹ ਪੁਸਤਕ ਪੰਜਾਬੀ ਵਿਕਾਸ ਮੰਚ ਯੂ.ਕੇ. ਨੇ ਪ੍ਰਕਾਸ਼ਤ ਕੀਤੀ ਹੈ।




Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


# ਲਾਸਾਨੀ ਸ਼ਹੀਦ ਭਾਈ ਮਨੀ ਸਿੰਘ ਜੀ

## ਜਨਮ ਦਿਨ 'ਤੇ ਵਿਸ਼ੇਸ਼

ਡਾ. ਚਰਨਜੀਤ ਸਿੰਘ ਗੁਮਟਾਲਾ
gumtalacs@gmail.com



(Punjab Mail USA)



ਸਿੱਖ ਧਰਮ ਦਾ ਇਤਿਹਾਸ ਲਹੂ ਦੀ ਸਿਆਹੀ ਨਾਲ ਲਿਖਿਆ ਗਿਆ ਹੈ ਕਿਉਂਕਿ ਸੱਚੇ ਧਰਮ ਦੀ ਸਥਾਪਨਾ ਲਈ ਜੋ ਔਕੜਾਂ ਸਿੱਖਾਂ ਨੂੰ ਸਹਿਣੀਆਂ ਪਈਆਂ ਅਤੇ ਜਿਸ ਉਤਸ਼ਾਹ ਅਤੇ ਚਾਅ ਨਾਲ ਸਿੱਖਾਂ ਨੂੰ ਦੇਸ਼ ਅਤੇ ਧਰਮ ਤੋਂ ਕੁਰਬਾਨ ਹੋਣਾ ਪਿਆ, ਸ਼ਾਇਦ ਉਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚੋਂ ਲੱਭਣੀ ਮੁਸ਼ਕਿਲ ਹੋਵੇ। ਭਾਈ ਮਨੀ ਸਿੰਘ ਸਿੱਖ ਸ਼ਹੀਦਾਂ ਦੀ ਮਾਲਾ ਦਾ ਇੱਕ ਅਦੁੱਤੀ ਮੋਤੀ ਹੈ, ਜਿਸ ਨੇ ਆਪਣੇ ਬੰਦ-ਬੰਦ ਕਟਵਾ ਕੇ ਸੰਕਟ-ਕਾਲ ਵਿਚ ਸਿੱਖ ਧਰਮ ਦੀ ਸ਼ਾਨ ਅਤੇ ਗੌਰਵ ਨੂੰ ਕਾਇਮ ਰੱਖਿਆ। ਭਾਈ ਮਨੀ ਸਿੰਘ ਦਾ ਚਰਿੱਤਰ ਆਤਮ-ਉਤਸਰਗੀ ਸਾਧਕਾਂ ਅਤੇ ਧਰਮ ਦੇ ਜਗਿਆਸੂਆਂ ਲਈ ਇੱਕ ਚਾਨਣ ਮੁਨਾਰਾ ਹੈ, ਜਿਸ ਦੀਆਂ ਚਰਿੱਤਰਗਤ ਵਿਸ਼ਿਸ਼ਟਤਾਵਾਂ ਦਾ ਅਨੁਕਰਣ ਕਰਕੇ ਕੋਈ ਵੀ ਧਰਮ-ਸਾਧਕ ਧੰਨ ਹੋ ਸਕਦਾ ਹੈ।

'ਸ਼ਹੀਦ ਬਿਲਾਸ' ਪੁਸਤਕ ਦੇ ਆਧਾਰ ׳ਤੇ ਭਾਈ ਮਨੀ ਸਿੰਘ ਦਾ ਸੰਖਿਪਤ ਜੀਵਨ ਬ੍ਰਿਤਾਂਤ ਇਸ ਪ੍ਰਕਾਰ ਹੈ :-

**ਕੁਲ ਪਰੰਪਰਾ** :- ਉਦੇ ਦੀਪ ਦੀ ਬੰਸ (ਪੰਵਾਰ ਰਾਜਪੂਤ) ਵਿਚ ਪੈਦਾ ਹੋਏ ਭਾਈ ਮਨੀ ਸਿੰਘ ਮੁਲਤਾਨ ਦੇ ਨੇੜੇ ਅਲੀਪੁਰ ਦੇ ਰਹਿਣ ਵਾਲੇ ਸਨ। ਉਨ੍ਹਾਂ ਦੇ ਵੱਡੇ ਵਡੇਰੇ ਬੜੇ ਪੱਕੇ ਗੁਰ ਸਿੱਖ ਸਨ। ਭਾਈ ਸਾਹਿਬ ਦੇ ਦਾਦੇ ਦਾ ਨਾਂ ਬਲੂ ਰਾਉ ਸੀ, ਜੋ ਛੇਵੇਂ ਗੁਰੂ ਦਾ ਇੱਕ ਬਲਵਾਨ ਯੋਧਾ ਸਿੱਖ ਸੀ। ਬਲੂ ਰਾਉ ਦੇ ਘਰ ਮਲੂਕਾ, ਮਾਈ ਦਾਸ, ਰੁੜੀਆ ਰੂਪੀਆ, ਜੈਮਲ, ਬੀਰੀਆ, ਨੇਤਾ, ਸਾਹੂ, ਸੁੰਦਰ ਮਾਧੋ, ਰਈਆ, ਸੁਹੇਲਾ ਨਾਂ ਦੇ ਬਾਰ੍ਹਾਂ ਪੁੱਤਰਾਂ ਦਾ ਜਨਮ ਹੋਇਆ। ਇਨ੍ਹਾਂ ਵਿਚੋਂ ਭਾਈ ਮਾਈ ਦਾਸ ਦੇ ਘਰ ਭਾਈ ਮਨੀ ਸਿੰਘ ਦਾ ਜਨਮ ਹੋਇਆ। ਮਾਈ ਦਾਸ ਨੇ ਦੋ ਵਿਆਹ ਕੀਤੇ। ਪਹਿਲੀ ਪਤਨੀ ਮੱਧਰੀ ਦੀ ਕੁੱਖੋਂ ਸੱਤ ਪੁੱਤਰਾਂ ਦਾ ਜਨਮ ਹੋਇਆ-ਜੇਠਾ, ਦਿਆਲ ਦਾਸ, ਮਨੀ ਰਾਮ, ਦੁਨੀਆ, ਮਾਨਾ, ਅਮਰ ਚੰਦ, ਰੂਪਾ। ਦੂਜੀ ਪਤਨੀ ਲਡਿਕੀ ਨੇ ਪੰਜ ਪੁੱਤਰਾਂ ਨੂੰ ਜਨਮ ਦਿੱਤਾ-ਜਗਤੂ, ਸੋਹਣਾ, ਲਹਿਣਾ, ਰਾਇ ਅਤੇ ਹਰੀ ਚੰਦ। ਇਨ੍ਹਾਂ 12 ਭਰਾਵਾਂ ਨੇ ਸਿੱਖ ਧਰਮ ਦੀ ਸਥਾਪਨਾ ਲਈ ਵੱਧ-ਚੜ੍ਹ ਕੇ ਆਪਣੀਆਂ ਕੁਰਬਾਨੀਆਂ ਦਿੱਤੀਆਂ।

**ਮੁੱਢਲਾ ਜੀਵਨ** :- ਭਾਈ ਮਨੀ ਸਿੰਘ ਦਾ ਜਨਮ 1701 ਬਿ. ਨੂੰ ਐਤਵਾਰ ਚੇਤਰ ਸੁਦੀ ਬਾਰ੍ਹਵੀਂ (10 ਮਾਰਚ, 1644 ਈ.) ਨੂੰ ਹੋਇਆ। 13 ਵਰ੍ਹਿਆਂ ਦੀ ਆਯੂ ਵਿਚ ਮਨੀ ਸਿੰਘ ਆਪਣੇ ਪਿਤਾ ਦੇ ਸੰਗ ਸੱਤਵੇਂ ਗੁਰੂ ਹਰਿ ਰਾਇ ਸਾਹਿਬ ਦੇ ਦਰਸ਼ਨ ਲਈ ਕੀਰਤਪੁਰ ਆਏ। ਉਨ੍ਹਾਂ ਦੇ ਸੁੰਦਰ ਸਰੂਪ ਅਤੇ ਹੋਣਹਾਰੀ ਨੂੰ ਵੇਖਕੇ ਗੁਰੂ ਜੀ ਨੇ ਕਿਹਾ- "ਮਨੀਆ ਇਹ ਗਨੀਆ ਹੋਵੇਗਾ ਬੀਚ ਜਗ ਸਾਰੇ"। ਕੀਰਤਪੁਰ ਵਿਚ ਮਨੀ ਸਿੰਘ ਗੁਰੂ ਦਰਬਾਰ ਵਿਚ ਦੋ ਵਰ੍ਹੇ ਰਹੇ। ਗੁਰੂ ਹਰਿ ਰਾਇ ਜੀ ਦੇ ਜੋਤੀ ਜੋਤਿ ਸਮਾਣ 'ਤੇ ਭਾਈ ਮਨੀ ਸਿੰਘ ਗੁਰੂ ਹਰਿਕ੍ਰਿਸ਼ਨ ਜੀ ਦੀ ਸੇਵਾ ਵਿਚ ਰਹੇ ਅਤੇ ਉਨ੍ਹਾਂ ਨਾਲ ਦਿੱਲੀ ਵੀ ਗਏ। ਗੁਰੂ ਜੀ ਦੇ ਜੋਤੀ ਜੋਤਿ ਸਮਾਣ ਤੋਂ ਬਾਅਦ ਗੁਰੂ-ਮਾਤਾ (ਗੁਰੂ ਹਰਿ ਰਾਇ ਜੀ ਦੀ ਪਤਨੀ-ਮਾਤਾ ਸੁਲੱਖਣੀ) ਨਾਲ ਗੁਰੂ ਤੇਗ ਬਹਾਦਰ ਦੇ ਦਰਸ਼ਨਾਂ ਨੂੰ ਬਕਾਲੇ ਆਏ। ਉਦੋਂ ਉਨ੍ਹਾਂ ਦੀ ਉਮਰ 20 ਵਰ੍ਹਿਆਂ ਦੀ ਸੀ।

**ਆਨੰਦਪੁਰ ਵਿਚ ਨਿਵਾਸ** :- ਕਸ਼ਮੀਰ ਦੇ ਪੰਡਿਤਾਂ ਦੀ ਪੁਕਾਰ ਸੁਣ ਕੇ ਜਦੋਂ ਗੁਰੂ ਤੇਗ ਬਹਾਦਰ ਜੀ ਦਿੱਲੀ ਨੂੰ ਗਏ, ਉਦੋਂ ਭਾਈ ਦਿਆਲਾ, ਊਦਾ ਅਤੇ ਚਾਰ ਹੋਰ ਸਿੱਖ ਗੁਰੂ ਸਾਹਿਬ ਨਾਲ ਦਿੱਲੀ ਗਏ ਅਤੇ ਜੇਠਾ ਤੇ ਭਾਈ ਮਨੀ ਸਿੰਘ ਆਦਿ ਸਿੱਖ ਬਾਲਕ ਗੋਬਿੰਦ ਰਾਏ ਪਾਸ ਆਨੰਦਪੁਰ ਹੀ ਰਹੇ।

**ਪਾਉਂਟਾ ਸਾਹਿਬ ਨੂੰ ਜਾਣਾ** :- ਗੁਰੂ ਗੋਬਿੰਦ ਸਿੰਘ ਜੀ ਦੇ ਪਾਉਂਟਾ ਸਾਹਿਬ ਚਲੇ ਜਾਣ 'ਤੇ ਭਾਈ ਮਨੀ ਸਿੰਘ ਉਨ੍ਹਾਂ ਨਾਲ ਰਹੇ ਅਤੇ ਮਾਤਾ ਪੰਜਾਬ ਕੌਰ ਵੱਲੋਂ ਬਾਬਾ ਰਾਮ ਰਾਇ ਜੀ ਦੀ ਮ੍ਰਿਤੂ ਦੀ ਚਿੱਠੀ ਆਉਣ 'ਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਡੇਹਰਾਦੂਨ ਵੀ ਗਏ। ਗੁਰੂ ਦਰਬਾਰ ਵਿਚ ਉਨ੍ਹਾਂ ਦਾ ਬਹੁਤ ਮਹੱਤਵ ਸੀ। ਉਨ੍ਹਾਂ ਨੂੰ ਬਾਵਨ ਕਵੀਆਂ ਵਿਚ ਵੀ ਗਿਣਿਆ ਜਾਂਦਾ ਸੀ।

ਬਾਬਾ ਰਾਮ ਰਾਇ ਦੀ ਪਹਿਲੀ ਬਰਸੀ (24 ਭਾਦਰੋਂ ਸੰਮਤ 1745 ਬਿ.) ਦੇ ਮੌਕੇ 'ਤੇ ਗੁਰੂ ਸਾਹਿਬ ਨੇ ਮਨੀ ਸਿੰਘ ਜੀ ਨੂੰ 50 ਚੋਣਵੇਂ ਸਿੱਖਾਂ ਸਹਿਤ ਡੇਹਰਾਦੂਨ ਭੇਜਿਆ। ਉਥੇ ਮਾਤਾ ਪੰਜਾਬ ਕੌਰ ਦੇ ਗੁਰਬਖਸ਼ ਨਾਂ ਦੇ ਇੱਕ ਰਾਮ ਰਾਈਏ ਸਾਧੂ ਨੂੰ ਧਿਕਾਰਨ 'ਤੇ ਉਸ ਨੇ ਦਸ਼ਮੇਸ਼ ਗੁਰੂ ਦੀ ਨਿੰਦਿਆ ਕੀਤੀ। ਭਾਈ ਮਨੀ ਸਿੰਘ ਆਦਿ ਹੋਰ ਪੰਜਾਹ ਸਿੱਖਾਂ ਨੇ ਗੁਰੂ-ਅਪਮਾਨ ਦਾ ਬਦਲਾ ਖੰਡਾ ਖੜਕਾ ਕੇ ਲਿਆ ਅਤੇ ਡੇਹਰਾਦੂਨ ਤੋਂ ਪਾਉਂਟਾ ਸਾਹਿਬ ਪਰਤ ਆਏ ਅਤੇ ਗੁਰੂ ਸਾਹਿਬ ਨੂੰ ਸਾਰਾ ਹਾਲ ਸੁਣਾਇਆ। ਸਾਰਮੌਰ (ਸਿਰਮੌਰ) ਦੇ ਰਾਜੇ ਫਤਹ ਸ਼ਾਹ ਨੇ 1745 ਬਿ. (ਸੰਨ 1688) ਦੇ 18 ਅਸੂ ਨੂੰ ਗੁਰੂ ਜੀ ਉਪਰ ਧਾਵਾ ਕੀਤਾ, ਤਾਂ ਗੁਰੂ ਜੀ ਦੇ ਜਿਨ੍ਹਾਂ ਨਾਮੀ ਸਿੱਖਾਂ ਨੇ ਇਸ ਭੰਗਾਣੀ ਦੇ ਪ੍ਰਸਿੱਧ ਯੁੱਧ ਵਿਚ ਹਿੱਸਾ ਲਿਆ, ਉਨ੍ਹਾਂ ਵਿਚ ਭਾਈ ਮਨੀ ਸਿੰਘ ਦਾ ਨਾਂ ਵਿਸ਼ੇਸ਼ ਉਲੇਖਯੋਗ ਹੈ।

**ਫਿਰ ਆਨੰਦਪੁਰ ਵਿਚ** :- ਕਹਿਲੂਰ ਦੇ ਰਾਜੇ ਭੀਮ ਚੰਦ ਨੇ ਸੰਕਟ ਬਣਨ 'ਤੇ ਗੁਰੂ ਜੀ ਨੂੰ ਸਹਾਇਤਾ ਦੇਣ ਦੀ ਪ੍ਰਾਰਥਨਾ ਕੀਤੀ। ਗੁਰੂ ਜੀ ਨਦੌਣ ਸਾਹਿਬ ਲਈ ਗਏ। ਸੰਮਤ 1747 ਸੰਨ 1691 ਦੇ ਚੇਤਰ ਮਹੀਨੇ ਦੀ 22 ਨੂੰ ਹੋਏ ਨਦੌਣ ਯੁੱਧ ਵਿਚ ਭਾਈ ਮਨੀ ਸਿੰਘ ਸਮੇਤ ਚੋਣਵੇਂ ਸਿੱਖ ਸ਼ਾਮਲ ਹੋਏ। ਨਦੌਣੋਂ ਪਰਤਣ 'ਤੇ ਭਾਈ ਮਨੀ ਸਿੰਘ ਦੇ ਸਿੱਖੀ ਸਿਦਕ ਤੋਂ ਪ੍ਰਸੰਨ ਹੋ ਕੇ ਦਸਮ ਗੁਰੂ ਜੀ ਨੇ ਭਾਈ ਮਨੀ ਸਿੰਘ ਨੂੰ ਗੁਰੂ ਦਰਬਾਰ ਦੀ ਦੀਵਾਨਗੀ ਦੀ ਪਦਵੀ ਬਖ਼ਸ਼ੀ। ਸੰਮਤ 1783 ਦੀ ਵਿਸਾਖੀ ਨੂੰ ਗੁਰੂ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ। ਉਸ ਸਮੇਂ ਭਾਈ ਮਨੀ ਸਿੰਘ ਦੇ ਨਾਲ ਉਨ੍ਹਾਂ ਦੇ ਦੋ ਭਰਾਵਾਂ ਤੇ ਪੰਜ ਪੁੱਤਰਾਂ ਨੇ ਅੰਮ੍ਰਿਤ ਪਾਨ ਕੀਤਾ ਤੇ ਉਹ ਮਨੀ ਰਾਮ ਤੋਂ ਮਨੀ ਸਿੰਘ ਬਣ ਗਏ। ਸੰਮਤ 1752 ਬਿ. (1695 ਈ.) ਵਿਚ ਹੁਸੈਨ ਖ਼ਾਨ ਨਾਲ ਹੋਏ ਯੁੱਧ ਵਿਚ ਗੁਰੂ ਜੀ ਦੇ ਨਾਲ ਆਪ ਨੇ ਵੀ ਜੌਹਰ ਦਿਖਾਏ। ਸਿੱਟੇ ਵਜੋਂ ਉਨ੍ਹਾਂ ਪ੍ਰਤੀ ਸਾਰੇ ਸਿੱਖ ਸਮਾਜ ਵਿਚ ਉਨ੍ਹਾਂ ਦਾ ਹੋਰ ਵੀ ਮਾਣ ਸਤਿਕਾਰ ਹੋਣ ਲੱਗਾ।

**ਅੰਮ੍ਰਿਤਸਰ ਵਿਚ ਗ੍ਰੰਥੀ ਬਣ ਕੇ ਜਾਣਾ** :- ਦਰਬਾਰ ਸਾਹਿਬ ਅੰਮ੍ਰਿਤਸਰ ਕੁਝ ਸਾਲਾਂ ਬਾਅਦ ਜਦ ਸੋਢੀ ਹਰਿ ਜੀ ਦੀ ਮੌਤ ਹੋ ਗਈ, ਤਾਂ ਉਸਦਾ ਪੁੱਤਰ ਸੋਢੀ ਨਿਰੰਜਨ ਰਾਇ ਗੱਦੀ 'ਤੇ ਬੈਠਾ। ਸੰਗਤ ਨੇ ਉਸ ਦਾ ਸਾਥ ਨਾ ਦਿੱਤਾ ਅਤੇ ਉਸ ਦਾ ਬਲ ਘੱਟ ਗਿਆ। ਇਸ ਦੇ ਸਿੱਟੇ ਵਜੋਂ ਅੰਮ੍ਰਿਤਸਰ ਦੀ ਸੰਗਤ ਨੇ ਆਨੰਦਪੁਰ ਸਾਹਿਬ ਆ ਕੇ ਗੁਰੂ ਜੀ ਨੂੰ ਅਕਾਲ ਬੁੰਗੇ ਅਤੇ ਹਰਿਮੰਦਰ ਸਾਹਿਬ ਦੀ ਸੇਵਾ ਕਰਨ ਲਈ ਸੇਵਾਦਾਰ ਭੇਜਣ ਦੀ ਬੇਨਤੀ ਕੀਤੀ। 1755 ਬਿ. ਦੀ ਵਿਸਾਖੀ ਨੂੰ ਜੁੜੀ ਸੰਗਤ ਵੇਲੇ ਭਾਈ ਮਨੀ ਸਿੰਘ ਜੀ ਨੂੰ ਅੰਮ੍ਰਿਤਸਰ ਦੀ ਸੇਵਾ ਦਾ ਆਦੇਸ਼ ਦਿੱਤਾ। ਇਸ ਮੌਕੇ ਭਾਈ ਮਨੀ ਸਿੰਘ ਤੇ ਉਸ ਦੇ ਦੋ ਭਰਾਵਾਂ ਅਤੇ ਪੰਜ ਪੁੱਤਰਾਂ ਨੇ ਅੰਮ੍ਰਿਤਪਾਨ ਕੀਤਾ ਤੇ ਉਹ ਮਨੀ ਰਾਮ ਤੋਂ ਮਨੀ ਸਿੰਘ ਬਣ ਗਏ। ਭਾਈ ਮਨੀ ਸਿੰਘ ਪੰਜ ਸਿਦਕੀ ਸਿੰਘਾਂ-ਭਪਤਿ ਸਿੰਘ, ਗੁਲਜ਼ਾਰ ਸਿੰਘ, ਕੋਇਰ ਸਿੰਘ, ਦਾਨ ਸਿੰਘ ਅਤੇ ਕੀਰਤ ਸਿੰਘ-ਸਹਿਤ ਸੰਗਤ ਨਾਲ ਅੰਮ੍ਰਿਤਸਰ ਦੀ ਵਿਵਸਥਾ ਠੀਕ ਕਰਨ ਲਈ ਚੱਲ ਪਏ। ਉਨ੍ਹਾਂ ਅੰਮ੍ਰਿਤਸਰ ਪਹੁੰਚ ਕੇ ਮੀਣਿਆਂ ਵਲੋਂ ਪਾਈਆਂ ਕੁਪ੍ਰਥਾਵਾਂ ਨੂੰ ਦੂਰ ਕੀਤਾ ਅਤੇ ਸਿੱਖੀ ਦੀ ਮਰਿਯਾਦਾ ਨੂੰ ਫਿਰ ਤੋਂ ਭਰਪੂਰ ਰੂਪ ਵਿਚ ਪ੍ਰਚੱਲਿਤ ਕੀਤਾ। ਦੂਰੋਂ-ਦੂਰੋਂ ਸੰਗਤਾਂ ਆਣ ਲੱਗੀਆਂ ਅਤੇ ਰੌਣਕ ਵੱਧਣ ਲੱਗ ਪਈ।

**ਹੁਕਮਨਾਮਾ ਪ੍ਰਾਪਤ ਕਰਨਾ** :- ਭਾਈ ਮਨੀ ਸਿੰਘ ਨੂੰ ਅੰਮ੍ਰਿਤਸਰ ਕਈ ਵਰ੍ਹੇ ਬੀਤ ਗਏ। ਇਸ ਦੌਰਾਨ ਉਹ ਕਈ ਵਾਰ ਆਨੰਦਪੁਰ ਸਾਹਿਬ ਗੁਰੂ ਦਰਸ਼ਨਾਂ ਲਈ ਆਏ। ਉਨ੍ਹਾਂ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਗੁਰੂ ਜੀ ਨੇ ਉਨ੍ਹਾਂ ਨੂੰ ਇੱਕ ਹੁਕਮਨਾਮਾ ਵੀ ਦਿੱਤਾ। ਹੁਕਮਨਾਮਾ ਪ੍ਰਾਪਤ ਕਰਕੇ ਅਤੇ ਗੁਰੂ ਜੀ ਤੋਂ ਆਗਿਆ ਲੈ ਕੇ ਭਾਈ ਮਨੀ ਸਿੰਘ ਬੜੀ ਆਜਿਜ਼ੀ ਨਾਲ ਅੰਮ੍ਰਿਤਸਰ ਪਰਤੇ। ਇਧਰ ਆਨੰਦਪੁਰ ਵਿਚ ਯੁੱਧ ਕਰਨ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਮਾਲਵੇ ਦੇਸ਼ ਵੱਲ ਨਿਕਲ ਗਏ। ਭਾਈ ਮਨੀ ਸਿੰਘ ਨੂੰ ਅੰਮ੍ਰਿਤਸਰ ਸੂਚਨਾ ਮਿਲੀ ਕਿ ਵੈਰੀਆਂ ਨਾਲ ਹੋਏ ਯੁੱਧਾਂ ਵਿਚ ਗੁਰੂ ਜੀ ਦੇ ਮਾਤਾ ਜੀ, ਚਾਰ ਸਾਹਿਬਜ਼ਾਦੇ ਅਤੇ ਹੋਰ ਅਨੇਕ ਸਿੰਘ ਸ਼ਹੀਦ ਹੋ ਗਏ ਸਨ ਅਤੇ ਉਨ੍ਹਾਂ ਵਿਚ ਭਾਈ ਮਨੀ ਸਿੰਘ ਦੇ ਪੰਜ ਪੁੱਤਰ ਵੀ ਸ਼ਾਮਲ ਸਨ।

ਜਦੋਂ ਗੁਰੂ ਜੀ ਮਾਲਵਾ ਖੇਤਰ ਵਿਚ ਸਾਬੋ ਕੀ ਤਲਵੰਡੀ ਪਹੁੰਚੇ, ਤਾਂ ਭਾਈ ਮਨੀ ਸਿੰਘ ਜੀ ਸੰਗਤ ਸਹਿਤ ਗੁਰੂ ਜੀ ਦੇ ਦਰਸ਼ਨਾਂ ਨੂੰ ਉੱਥੇ ਪਹੁੰਚੇ। ਉੱਥੋਂ ਗੁਰੂ ਜੀ ਨਾਲ ਦੱਖਣ ਵੱਲ ਗਏ। ਬਘੌਰ (ਰਾਜਸਥਾਨ) ਨਾਂ ਦੇ ਕਸਬੇ ਤੋਂ ਭਾਈ ਮਨੀ ਸਿੰਘ, ਰਾਮ ਕੌਰ (ਭਾਈ ਗੁਰਬਖਸ਼ ਸਿੰਘ) ਆਦਿ ਸਿੰਘਾਂ ਨੂੰ ਗੁਰੂ ਜੀ ਨੇ ਧੀਰਜ ਦੇ ਕੇ ਵਾਪਸ ਪਰਤਾ ਦਿੱਤਾ। ਭਾਈ ਮਨੀ ਸਿੰਘ ਨੇ ਅੰਮ੍ਰਿਤਸਰ ਵਾਪਸ ਪਰਤ ਕੇ ਗੁਰੂ ਜੀ ਦੇ ਵਿਯੋਗ ਵਿਚ ਉਦਾਸ ਹੋਏ। ਸਿੱਖਾਂ ਨੂੰ ਵਿਸ਼ੇਸ਼ ਸਾਖੀਆਂ ਦੀ ਰਚਨਾ ਕਰਕੇ ਧੀਰਜ ਦੇਣਾ ਆਰੰਭ ਕੀਤਾ :-

ਦੱਖਣ ਦਿਸ ਸਤਿਗੁਰ ਗਏ, ਸੰਗਤ ਭਈ ਉਦਾਸ।
ਧੀਰਜ ਦੇਵੈ ਮਨੀ ਸਿੰਘ, ਰਚ ਸਾਖੀਆਂ ਪਾਸ॥ 99॥

**ਅੰਮ੍ਰਿਤਸਰ ਦਾ ਭੇੜ** :- ਇਸ ਤਰ੍ਹਾਂ ਗੁਰ-ਉਪਦੇਸ਼ ਕਰਦਿਆਂ ਅਤੇ ਜਸ ਗਾਂਦਿਆਂ, ਢਾਈ ਵਰ੍ਹੇ ਬੀਤ ਗਏ। ਇਸ ਉਪਰੰਤ ਵਿਸਾਖੀ ਵਾਲੇ ਦਿਨ ਸੰਗਤਾਂ ਦੂਰ-ਦੂਰ ਤੋਂ ਆਈਆਂ ਅਤੇ ਖੂਬ ਦੀਵਾਨ ਸਜਿਆ। ਉਦੋਂ ਮੀਣਾ ਸੰਪ੍ਰਦਾਇ ਦੇ ਸੋਢੀ ਨਿਰੰਜਨ ਰਾਇ, ਜੋ ਸੋਢੀ ਹਰਿ ਜੀ ਦਾ ਪੁੱਤਰ ਸੀ, ਦਾ ਮੁਖਤਿਆਰ ਚੂਹੜਮਲ ਓਹਰੀ ਖਤਰੀ ਅੰਮ੍ਰਿਤਸਰ ਰਹਿੰਦਾ ਸੀ। ਉਸ ਦੇ ਦੋ ਪੁੱਤਰ ਸਨ-ਮੁਹਕਮ ਸਿੰਘ ਅਤੇ ਰਾਮੂ ਮਲ। ਮੁਹਕਮ ਸਿੰਘ ਅੰਮ੍ਰਿਤਧਾਰੀ ਸਿੰਘ ਸੀ, ਇਸ ਲਈ ਉਸ ਦੀਆਂ ਆਪਣੇ ਮੀਣੇ ਪਿਤਾ ਤੋਂ ਭਿੰਨ ਰੁਚੀਆਂ ਸਨ, ਜਦਕਿ ਰਾਮੂ ਮਲ ਆਪਣੇ ਪਿਉ ਦੀਆਂ ਭਾਵਨਾਵਾਂ ਅਨੁਕੂਲ ਕੰਮ ਕਰਦਾ ਸੀ। ਰਾਮੂ ਮਲ ਤੋਂ ਸਿੱਖਾਂ ਨੇ ਕੁਝ ਤੂਤ ਮੁੱਲ ਲੈਣੇ ਚਾਹੇ ਪਰ ਰਾਮੂ ਮਲ ਨੇ ਤੂਤ ਨਾ ਦਿੱਤੇ, ਸਗੋਂ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਅਪਮਾਨ ਸੂਚਕ ਕੁਬੋਲ ਬੋਲਿਆ। ਇਸ 'ਤੇ ਸਿੱਖਾਂ ਨੇ ਉਸ ਦੀ ਬਾਗ਼ ਵਿਚ ਹੀ ਕੁੱਟਮਾਰ ਕੀਤੀ। ਬਾਗ਼ ਦੇ ਰਾਖਿਆਂ ਨੇ ਤੁਰੰਤ ਚੂਹੜ ਮਲ ਨੂੰ ਸੂਚਨਾ ਦਿੱਤੀ। ਉਸ ਨੇ ਗੁੱਸੇ ਵਿਚ ਆ ਕੇ ਸਿੱਖਾਂ ਨੂੰ ਪਕੜਾਉਣ ਦਾ ਮਨਸੂਬਾ ਬਣਾਇਆ ਅਤੇ ਭਾਈ ਮਨੀ ਸਿੰਘ ਦੇ ਸਮਝਾਉਣ ਦੇ ਬਾਵਜੂਦ ਉਹ ਆਪਣੇ ਮਨਸੂਬੇ ਅਨੁਸਾਰ ਲਾਹੌਰ ਦੇ ਨਾਜ਼ਮ ਅਸਲਮ ਖਾਂ ਪਾਸ ਗਿਆ। ਸੂਬੇ ਨੇ ਮਨੀ ਸਿੰਘ ਨੂੰ ਜਵਾਬਤਲਬੀ ਲਈ ਪਰਵਾਨਾ ਭੇਜਿਆ। ਭਾਈ ਮਨੀ ਸਿੰਘ ਨੇ ਚੰਗੀ ਤਰ੍ਹਾਂ ਵਿਚਾਰ ਕਰਕੇ ਭਾਈ ਤਾਰਾ ਸਿੰਘ ਨੂੰ ਸੂਬੇ ਪਾਸ ਲਾਹੌਰ ਭੇਜਿਆ। ਉਥੇ ਮੀਣੇ ਬਹੁਤ ਸਰਗਰਮ ਰਹੇ ਅਤੇ ਸਿੱਖਾਂ ਵਿਰੁੱਧ ਸੂਬੇ ਦੇ ਕੰਨ ਭਰਦੇ ਰਹੇ। ਲਾਹੌਰ ਦੇ ਸੂਰਤ ਸਿੰਘ ਆਦਿ ਸਿੱਖ ਵੀ ਵਿਚ ਪਏ, ਪਰ ਇਸ ਗੱਲ ਦਾ ਨਿਪਟਾਰਾ ਨਾ ਹੋਇਆ ਅਤੇ ਭਾਈ ਤਾਰਾ ਸਿੰਘ ਨੇ ਪਰਤ ਕੇ ਭਾਈ ਮਨੀ ਸਿੰਘ ਨੂੰ ਸਾਰੀ ਗੱਲ ਆਣ ਦੱਸੀ। ਚੂਹੜ ਮਲ ਦੇ ਅੰਮ੍ਰਿਤਸਰ ਆਣ ਦਾ ਪਤਾ ਲੱਗਣ 'ਤੇ ਮਨੀ ਸਿੰਘ ਨੇ ਉਸ ਨੂੰ ਆਪਣੇ ਕੋਲ ਬੁਲਾਇਆ, ਪਰ ਉਹ ਨਾ ਆਇਆ। ਉਧਰ ਪੱਟੀ ਤੋਂ ਭਾਈ ਮਨੀ ਸਿੰਘ ਨੂੰ ਸੂਚਨਾ ਮਿਲੀ ਕਿ ਉਥੋਂ ਦਾ ਅਮੀਰ ਹਰਸਾ (ਹਰਿ ਸਹਾਇ) ਚੂਹੜ ਮਲ ਦੀ ਸਹਾਇਤਾ ਲਈ ਅੰਮ੍ਰਿਤਸਰ ਉਤੇ ਹਮਲੇ ਕਰਨ ਦੀ ਤਿਆਰੀ ਕਰ ਰਿਹਾ ਹੈ। ਇਸ ਗੱਲ ਦੇ ਪਤਾ ਲੱਗਣ 'ਤੇ ਭਾਈ ਮਨੀ ਸਿੰਘ ਨੇ ਸਲਾਹ ਕੀਤੀ ਅਤੇ ਸਿੱਖਾਂ ਨੂੰ ਚੂਹੜ ਮਲ ਨੂੰ ਦੰਡ ਦੇਣ ਲਈ ਪ੍ਰੇਰਿਤ ਕੀਤਾ। ਸਿੱਖਾਂ ਤੋਂ ਮਾਰ ਖਾ ਕੇ ਅਤੇ ਘਰ ਲੁਟਵਾ ਕੇ ਚੂਹੜ ਮਲ ਆਪਣੀ ਮਦਦ ਲਈ ਹਰਿ ਸਹਾਇ ਪਾਸ ਪੱਟੀ ਗਿਆ ਅਤੇ ਇਧਰ ਭਾਈ ਮਨੀ ਸਿੰਘ ਨੇ ਚਿੱਠੀਆਂ ਲਿਖ ਕੇ ਸਿੱਖਾਂ ਨੂੰ ਧਰਮ ਯੁੱਧ ਲਈ ਅੰਮ੍ਰਿਤਸਰ ਬੁਲਾ ਲਿਆ। ਚੂਹੜ ਮਲ ਦੀ ਪੁਕਾਰ ਸੁਣ ਕੇ ਹਰਿ ਸਹਾਇ ਨੇ ਅੰਮ੍ਰਿਤਸਰ 'ਤੇ ਚੜ੍ਹਾਈ ਕਰ ਦਿੱਤੀ।

ਇਸ ਲੜਾਈ ਤੋਂ ਬਾਅਦ ਚੂਹੜ ਮਲ ਲਾਹੌਰ ਦੇ ਨਾਜ਼ਮ ਅਸਲਮ ਖਾਂ ਪਾਸ ਜਾ ਕੇ ਰੋਇਆ। ਉਸ ਨੇ ਸਲਾਹ ਕਰਕੇ ਦੇਵਾ ਨਾਂ ਦੇ ਇੱਕ ਜੱਟ ਨੂੰ ਫੌਜ ਅਤੇ ਮੁਲਖਈਏ ਸਹਿਤ ਲਾਹੌਰੋਂ ਅੰਮ੍ਰਿਤਸਰ ਉਤੇ ਹਮਲਾ ਕਰਨ ਲਈ ਭੇਜਿਆ। ਇਧਰੋਂ ਭਾਈ ਮਨੀ ਸਿੰਘ ਨੇ ਵੀ ਯੁੱਧ ਕਰਨ ਲਈ ਸਿੰਘਾਂ ਨੂੰ ਉਤਸਾਹਿਤ ਕੀਤਾ :-

ਦੇਵਾ ਲੈ ਮੁਲਖਈਆ, ਔਰ ਫੌਜ ਤੁਰਕਾਨ। ਆਯਾ ਚੜ੍ਹ ਗੁਰ ਚੱਕ ਤੇ, ਪਰਨ ਲਗੋ ਘਮਸਾਨ। 126।

ਮਨੀ ਸਿੰਘ ਥੀ ਆਦਿ ਲੈ, ਨਾਮੀ ਨਾਮੀ ਬੀਰ। ਲਗੇ ਲਰਨ ਤੁਰਕੇਸ਼ ਸੰਗ, ਲੈ ਸਿੱਖਣ ਕੀ ਭੀਰ। 127।

ਇਹ ਯੁੱਧ 1766 ਬਿ. (1709 ਈ.) ਵਿਚ ਗੁਰੂ ਚੱਕ ਤੋਂ ਤਿੰਨ ਕੁ ਕੋਹਾਂ ਦੀ ਵਿੱਥ 'ਤੇ ਢਾਈ ਪਹਿਰਾਂ (ਜਾਮਾਂ) ਤੱਕ ਹੁੰਦਾ ਰਿਹਾ। ਅੰਤ ਵੈਰੀ ਹਾਰ ਕੇ ਭੱਜ ਗਏ ਅਤੇ ਚੂਹੜ ਮਲ ਅਤੇ ਦੇਵਾ ਜੱਟ ਵੀ ਬਚ ਕੇ ਖਿਸਕ ਗਏ।

ਇਸ ਭੇੜ ਤੋਂ ਬਾਅਦ ਸਿੱਖਾਂ ਦਾ ਆਤਮ ਗੌਰਵ ਵਧਿਆ। ਉਧਰੋਂ ਬੰਦਾ ਬਹਾਦਰ ਦੀਆਂ ਜਿੱਤਾਂ ਨੇ ਸਿੰਘਾਂ ਦੇ ਹੌਂਸਲੇ ਹੋਰ ਬੁਲੰਦ ਕੀਤੇ। 1768 ਬਿ. (1711 ਈ.) ਨੂੰ ਅੰਮ੍ਰਿਤਸਰ ਵਿਚ ਹੋਲੇ ਮਹੱਲੇ ਦੇ ਪੁਰਬ ਉਤੇ ਦਸਮ ਗੁਰੂ ਦੇ ਮਾਮਾ ਕ੍ਰਿਪਾਲ ਸਿੰਘ ਸਣੇ ਬਾਬਾ ਅਜੀਤ ਸਿੰਘ ਦਿੱਲੀ ਤੋਂ ਆਏ ਅਤੇ ਵਰਤਮਾਨ ਸਥਿਤੀ ਤੋਂ ਸਿੰਘਾਂ ਨੂੰ ਜਾਣੂ ਕਰਵਾ ਕੇ ਅਗੋਂ ਲਈ ਸੁਚੇਤ ਕੀਤਾ ਅਤੇ ਆਪ ਫਿਰ ਦਿੱਲੀ ਪਰਤ ਗਏ।

**ਪੰਥ ਵਿਚ ਏਕਤਾ ਕਰਾਉਣਾ** :- ਬਾਬਾ ਬੰਦਾ ਬਹਾਦਰ ਦੇ ਸ਼ਹੀਦ ਹੋਣ (1773 ਬਿ. 1716 ਈ.) 'ਤੇ ਸਿੰਘਾਂ ਦਾ ਬਲ ਘੱਟ ਗਿਆ। ਬੰਦਾ ਬਹਾਦਰ ਦੀ ਸ਼ਹੀਦੀ ਤੋਂ ਛੇ ਸਾਲ ਪਿੱਛੋਂ ਸਿੱਖਾਂ ਦੇ ਦੋ ਧੜੇ ਬਣ ਗਏ। ਇੱਕ ਧੜਾ ਅਕਾਲ ਪੁਰਖੀਆਂ (ਤੱਤ ਖਾਲਸਾ-ਨਿਹੰਗ ਸਿੰਘਾਂ) ਦਾ ਸੀ, ਜੋ ਦਸਮ ਪਾਤਸ਼ਾਹ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦਾ ਸੀ। ਦੂਜਾ ਧੜਾ ਬੰਦਈ ਖਾਲਸਾ ਸੀ, ਜੋ ਬਾਬਾ ਬੰਦਾ ਸਿੰਘ ਬਹਾਦਰ ਨੂੰ ਗਿਆਰਵਾਂ ਗੁਰੂ ਮੰਨਦਾ ਸੀ ਤੇ ਉਸ ਸਮੇਂ ਇਸ ਧੜੇ ਦਾ ਨੇਤਾ ਮਹੰਤ ਅਮਰ ਸਿੰਘ ਖੇਮਕਰਨੀਆਂ ਸੀ। ਮਾਤਾ ਸੁੰਦਰੀ ਜੀ ਨੇ ਇਸ ਦਾ ਨਿਬੇੜਾ ਕਰਨ ਲਈ ਦਿੱਲੀ ਤੋਂ ਭਾਈ ਮਨੀ ਸਿੰਘ ਨੂੰ ਚਿੱਠੀ ਲਿਖੀ। ਆਪ ਨੇ ਇਸ ਦਾ ਨਿਪਟਾਰਾ ਸਰੋਵਰ ਵਿਚ ਪਰਚੀਆਂ ਪਾ ਕੇ ਕੀਤਾ। ਬੰਦਈਆ ਦੀ ਪਰਚੀ ਡੁੱਬ ਗਈ ਤੇ ਅਕਾਲ ਪੁਰਖੀਆ (ਨਿਹੰਗਾਂ) ਦੀ ਤਰ ਗਈ। ਇਸ 'ਤੇ ਵੀ, ਜਦ ਭਾਈ ਮਨੀ ਸਿੰਘ ਨੇ ਵੇਖਿਆ ਕਿ ਝਗੜਾ ਖ਼ਤਮ ਨਹੀਂ ਹੁੰਦਾ, ਤਾਂ ਲਾਹੌਰਾ ਸਿੰਘ ਨਾਲ ਸਲਾਹ ਕਰਕੇ ਇਹ ਫੈਸਲਾ ਕੀਤਾ ਕਿ ਦੋਹਾਂ ਧਿਰਾਂ ਦੇ ਪਹਿਲਵਾਨਾਂ ਦਾ ਦੰਗਲ ਕਰਵਾਇਆ ਜਾਏ ਅਤੇ ਜਿਸ ਧੜੇ ਦਾ ਪਹਿਲਵਾਨ ਹਾਰ ਜਾਏ, ਉਹ ਆਪਣੀ ਹਾਰ ਮੰਨ ਲਏ। ਇਹ ਫੈਸਲਾ ਦੋਹਾਂ ਧਿਰਾਂ ਨੇ ਪ੍ਰਵਾਨ ਕਰ ਲਿਆ। ਬੰਦਈਆਂ ਵੱਲੋਂ ਸੰਗਤ ਸਿੰਘ ਅਤੇ ਨਿਹੰਗਾਂ ਵਲੋਂ ਮੇਹਰੀ ਸਿੰਘ ਨੇ ਘੋਲ ਕੀਤਾ। ਇਸ ਘੋਲ ਵਿਚ ਅਕਾਲ ਪੁਰਖੀਆਂ ਦੀ ਜਿੱਤ ਹੋਈ। ਭਾਈ ਮਨੀ ਸਿੰਘ ਨੇ ਦੋਹਾਂ ਧੜਿਆਂ ਵਿਚ ਏਕਤਾ ਕਰਵਾ ਦਿੱਤੀ। ਭਾਈ ਮਨੀ ਸਿੰਘ ਦੀ ਸਿਆਣਪ ਨੂੰ ਮਾਤਾ ਸੁੰਦਰੀ ਜੀ ਵੀ ਮੰਨਦੇ ਸਨ। ਇਸ ਲਈ ਉਨ੍ਹਾਂ ਨੇ ਏਕਤਾ ਕਰਨ ਦੀ ਜ਼ਿੰਮੇਦਾਰੀ ਉਨ੍ਹਾਂ ਦੇ ਸਪੁਰਦ ਕੀਤੀ, ਜਿਸ ਨੂੰ ਉਨ੍ਹਾਂ ਨੇ ਬੜੀ ਸੁਚੱਜਤਾ ਨਾਲ ਨਿਭਾ ਕੇ ਮਾਤਾ ਜੀ ਨੂੰ ਏਕਤਾ ਹੋ ਜਾਣ ਬਾਰੇ ਸੂਚਿਤ ਕੀਤਾ।

**ਦੀਵਾਲੀ ਦਾ ਪੁਰਬ** :- ਕੁਝ ਸਮਾਂ ਇਸ ਤਰ੍ਹਾਂ ਬੀਤ ਗਿਆ। ਫਿਰ ਅਚਾਨਕ ਦਿੱਲੀ ਵਿਚ ਇੱਕ ਘਟਨਾ ਵਾਪਰੀ। ਬਾਬਾ ਅਜੀਤ ਸਿੰਘ ਨੂੰ ਹੋਰ ਸੱਠ ਜੁਝਾਰੂ ਸਿੰਘਾਂ ਸਹਿਤ ਦਿੱਲੀ ਵਿਚ ਸ਼ਹੀਦ ਕਰ ਦਿੱਤਾ ਗਿਆ। ਮਾਤਾ ਸੁੰਦਰੀ ਜੀ ਬਾਬਾ ਅਜੀਤ ਸਿੰਘ ਦੇ ਪੁੱਤਰ ਹਠੀ ਸਿੰਘ ਨੂੰ ਨਾਲ ਲੈ ਕੇ ਦਿੱਲੀਓਂ (ਭਰਤਗੜ੍ਹ ਦੇ ਰਸਤੇ ਮਥਰਾ ਨੂੰ) ਨਿਕਲ ਗਏ। ਇਸ ਤਰ੍ਹਾਂ ਸਿੱਖਾਂ ਉਪਰ ਹਰ ਪਾਸਿਓਂ ਮੁਸੀਬਤਾਂ ਦੇ ਪਹਾੜ ਟੁੱਟ ਪਏ। ਸਿੰਘ ਇਧਰ ਉਧਰ ਪਰਬਤਾਂ ਵੱਲ ਚਲੇ ਗਏ। ਭਾਈ ਮਨੀ ਸਿੰਘ ਸਾਰਿਆਂ ਖ਼ਤਰਿਆਂ ਦੇ ਬਾਵਜੂਦ ਅੰਮ੍ਰਿਤਸਰ ਰਹਿ ਕੇ ਸਿੱਖਾਂ ਨੂੰ ਧੀਰਜ ਦਿੰਦੇ ਰਹੇ। ਉਦੋਂ ਭਾਈ ਮਨੀ ਸਿੰਘ ਦੀ ਆਯੂ 90 ਵਰ੍ਹਿਆਂ ਦੀ ਹੋ ਚੁੱਕੀ ਸੀ। ਸੰਮਤ 1790 ਬਿ. (1733 ਈ.) ਦੀ ਦੀਵਾਲੀ ਦਾ ਪੁਰਬ ਨੇੜੇ ਆ ਚੁੱਕਾ ਸੀ। ਉਸ ਨੂੰ ਮਨਾਉਣ ਲਈ ਭਾਈ ਸਾਹਿਬ ਲਾਹੌਰ ਗਏ ਅਤੇ ਸੁਬੇਗ ਸਿੰਘ, ਸੂਰਤ ਸਿੰਘ ਆਦਿ ਲਾਹੌਰ ਨਿਵਾਸੀ ਨਾਮੀ ਸਿੰਘਾਂ ਰਾਹੀਂ ਉਨ੍ਹਾਂ ਨੇ ਦੀਵਾਲੀ ਦਾ ਮੇਲਾ ਕਰਨ ਲਈ ਸੂਬੇ (ਜ਼ਕਰੀਆ ਖਾਨ) ਨਾਲ ਗੱਲ ਤੋਰੀ। ਸੂਬੇ ਨੇ ਮੇਲੇ ਦੀ ਇਜਾਜ਼ਤ ਦੇਣ ਬਦਲੇ ਜਜ਼ੀਆ (ਕਰ) ਮੰਗਿਆ। ਭਾਈ ਸਾਹਿਬ ਜਜ਼ੀਏ ਦੀ ਰਕਮ ਮੇਲੇ ਉਪਰੰਤ ਦੇਣੀ ਪੱਕੀ ਕਰਕੇ ਵਾਪਸ ਅੰਮ੍ਰਿਤਸਰ ਪਰਤੇ ਅਤੇ ਚਿੱਠੀਆਂ ਰਾਹੀਂ ਸਾਰਿਆਂ ਸਿੱਖਾਂ ਨੂੰ ਦੀਵਾਲੀ ਦੇ ਮੇਲੇ ਵਿੱਚ ਸ਼ਾਮਲ ਹੋਣ ਲਈ ਅੰਮ੍ਰਿਤਸਰ ਨਿਮੰਤ੍ਰਿਤ ਕੀਤਾ। ਇਧਰ ਮੀਣਿਆਂ ਨੇ ਸਿੱਖਾਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਦੀਆਂ ਗੋਂਦਾਂ ਗੁੰਦੀਆਂ ਅਤੇ ਸੂਬੇ ਨੂੰ ਉਕਸਾਇਆ।

ਇਸ ਸਥਿਤੀ ਬਾਰੇ ਲਾਹੌਰ ਨਿਵਾਸੀ ਸਿੰਘ ਵੀ ਸੁਚੇਤ ਸਨ। ਸਾਰੀ ਸਾਜ਼ਿਸ਼ ਦਾ ਪਤਾ ਲੱਗਣ 'ਤੇ ਉਨ੍ਹਾਂ ਨੇ ਭਾਈ ਮਨੀ ਸਿੰਘ ਨੂੰ ਤੁਰੰਤ ਸੂਚਿਤ ਕੀਤਾ। ਮੁਸਲਮਾਨ ਅਧਿਕਾਰੀਆਂ ਦੀ ਨੀਅਤ ਨੂੰ ਵੇਖ ਕੇ ਭਾਈ ਮਨੀ ਸਿੰਘ ਨੇ ਤੁਰੰਤ ਚਿੱਠੀਆਂ ਲਿਖਕੇ ਸਿੰਘਾਂ ਨੂੰ ਅੰਮ੍ਰਿਤਸਰ ਆਉਣ ਤੋਂ ਵਰਜ ਦਿੱਤਾ। ਫਲਸਰੂਪ, ਦੀਵਾਲੀ ਦੇ ਪੁਰਬ 'ਤੇ ਨੇੜੇ-ਤੇੜੇ ਦੀ ਸੰਗਤ ਦਰਸ਼ਨਾਂ ਲਈ ਆਈ, ਪਰ ਜੁਝਾਰੂ ਖਾਲਸਾ ਦੂਰ ਹੀ ਰਿਹਾ। ਫੌਜਦਾਰ (ਲਖਪਤ ਰਾਇ) ਵਿਅਰਥ ਵਿਚ ਝਖ ਮਾਰ ਕੇ ਵਾਪਸ ਪਰਤ ਗਿਆ। ਇਸ ਅਵਸਰ 'ਤੇ ਦਰਬਾਰ ਸਾਹਿਬ ਵਿਚ ਚੜ੍ਹਤ ਬਹੁਤ ਘੱਟ ਚੜ੍ਹੀ, ਜਿਸ ਕਰਕੇ ਕਰ ਦੀ ਰਕਮ ਅਦਾ ਨਾ ਕੀਤੀ ਜਾ ਸਕੀ।

ਸੂਬੇ ਨੂੰ ਕਰ ਨਾ ਮਿਲਣ ਕਾਰਨ ਉਸ ਨੇ ਭਾਈ ਮਨੀ ਸਿੰਘ ਦੀ ਜਵਾਬ-ਤਲਬੀ ਕੀਤੀ। ਭਾਈ ਮਨੀ ਸਿੰਘ ਨੇ ਸਥਿਤੀ ਸਪੱਸ਼ਟ ਕਰਨ ਲਈ ਭਾਈ ਭੂਪਤਿ ਸਿੰਘ ਅਤੇ ਭਾਈ ਗੁਲਜ਼ਾਰਾ ਸਿੰਘ ਨੂੰ ਲਾਹੌਰ ਭੇਜਿਆ, ਤਾਂ ਜੋ ਸੂਬੇ ਨੂੰ ਸੂਚਿਤ ਕਰਨ ਕਿ ਸੰਗਤ ਘੱਟ ਆਉਣ ਕਰਕੇ ਚੜ੍ਹਤ ਘੱਟ ਚੜ੍ਹੀ ਹੈ, ਇਸ ਲਈ ਕਰ ਦੀ ਰਕਮ ਅਦਾ ਕਰਨਾ ਸੰਭਵ ਨਹੀਂ ਹੈ। ਹਾਂ, ਵਿਸਾਖੀ ਦੇ ਪੁਰਬ ਤੋਂ ਬਾਅਦ ਇਹ ਰਕਮ ਭੇਜੀ ਜਾ ਸਕੇਗੀ। ਪਰ ਸ਼ਾਸਕਾਂ ਨੂੰ ਵਿਸਾਖੀ ਦੇ ਪੁਰਬ ਨੂੰ ਸਹੀ ਢੰਗ ਨਾਲ ਮਨਾਉਣ ਲਈ ਮਨ ਵਿਚੋਂ ਕੁਟਲਤਾ ਨੂੰ ਤਿਆਗਣਾ ਹੋਵੇਗਾ, ਨਹੀਂ ਤਾਂ ਰਕਮ ਦੀ ਵਿਵਸਥਾ ਕਰ ਸਕਣਾ ਸੰਭਵ ਨਹੀਂ ਹੋ ਸਕੇਗਾ। ਦੋਵੇਂ ਸਿੰਘ ਲਾਹੌਰ ਪਹੁੰਚ ਕੇ ਨਿਵਾਸੀ ਸਿੰਘਾਂ ਨੂੰ ਨਾਲ ਲੈ ਕੇ ਸੂਬੇ ਪਾਸ ਗਏ ਅਤੇ ਸਾਰੀ ਸਥਿਤੀ ਕਹਿ ਸੁਣਾਈ। ਸੂਬੇ ਨੇ ਕੁਰਾਨ ਦੀ ਕਸਮ ਚੁੱਕ ਕੇ ਪਰਸਪਰ ਮੇਲ ਅਤੇ ਸ਼ਾਂਤੀ ਦਾ ਵਿਸ਼ਵਾਸ ਦਿਵਾਇਆ। ਸਿੰਘਾਂ ਨੇ ਦਸ ਦਿਨਾਂ ਲਈ ਵਿਸਾਖੀ ਦਾ ਪੁਰਬ ਮਨਾਉਣ ਲਈ ਦਸ ਹਜ਼ਾਰ ਰੁਪਏ ਦੇਣੇ ਕਰਕੇ ਪ੍ਰਵਾਨਗੀ ਲਿਖਤੀ ਰੂਪ ਵਿਚ ਪ੍ਰਾਪਤ ਕਰ ਲਈ। ਦੋਹਾਂ ਸਿੰਘਾਂ ਨੇ ਪਰਤ ਕੇ ਸਾਰੀ ਗੱਲ ਭਾਈ ਮਨੀ ਸਿੰਘ ਨੂੰ ਦੱਸੀ।

**ਵਿਸਾਖੀ ਦਾ ਪੁਰਬ** :- ਪੰਜ ਮਹੀਨਿਆਂ ਦਾ ਸਮਾਂ ਬੀਤਣ ਉਪਰੰਤ ਵਿਸਾਖੀ ਦਾ ਪੁਰਬ ਆ ਗਿਆ। ਨੇੜੇ-ਤੇੜੇ ਦੀਆਂ ਸੰਗਤਾਂ ਹੀ ਆਈਆਂ, ਪਰ ਜੁਝਾਰੂ ਖਾਲਸਾ ਦੂਰ ਰਿਹਾ ਕਿਉਂਕਿ ਭਾਈ ਮਨੀ ਸਿੰਘ ਨੂੰ ਪਹਿਲਾਂ ਹੀ ਖ਼ਬਰ ਮਿਲ ਚੁੱਕੀ ਸੀ ਕਿ ਲਖੂ (ਲਖਪਤ ਰਾਇ) ਨਾਂ ਦੇ ਵਜ਼ੀਰ ਨੂੰ ਲਾਹੌਰ ਦੇ ਸੂਬੇ ਨੇ ਸਿੱਖਾਂ ਨੂੰ ਕੁਚਲਣ ਲਈ ਫੌਜ ਸਹਿਤ ਰਾਮ ਤੀਰਥ ਠਹਿਰਾ ਰੱਖਿਆ ਸੀ। ਪਰ ਸਿੰਘਾਂ ਦੇ ਨਾ ਆਉਣ ਕਰਕੇ ਹਾਕਮਾਂ ਦੀ ਸਾਰੀ ਸਾਜ਼ਿਸ਼ ਵਿਅਰਥ ਸਿੱਧ ਹੋਈ। ਇਸ 'ਤੇ ਸਭ ਵੈਰੀਆਂ ਨੇ ਰਲ ਕੇ ਸੂਬੇ ਦੇ ਕੰਨ ਭਰੇ ਕਿ ਬੁੱਕਲ ਦੇ ਸੱਪ ਵਰਗੇ ਸਿੱਖਾਂ ਦੇ ਮੁਖੀਏ ਭਾਈ ਮਨੀ ਸਿੰਘ ਨੂੰ ਜਲਦੀ ਖਤਮ ਕਰਨਾ ਚਾਹੀਦਾ ਹੈ। ਫਲਸਰੂਪ ਲਾਹੌਰ ਦੀ ਫ਼ੌਜ ਨੇ ਅੰਮ੍ਰਿਤਸਰ ਨੂੰ ਘੇਰ ਲਿਆ ਅਤੇ ਭਾਈ ਮਨੀ ਸਿੰਘ ਆਦਿ ਨਾਮੀ ਸਿੱਖਾਂ ਨੂੰ ਫੜ ਕੇ ਲਾਹੌਰ ਲੈ ਗਏ। ਇਸ ਤੋਂ ਇਲਾਵਾ ਹੋਰ ਨੇੜੇ-ਤੇੜੇ ਦੇ ਸਿੱਖ ਵੀ ਫੜ ਲਏ ਗਏ ਅਤੇ ਸਭ ਸਿੱਖਾਂ ਦੇ ਘਰ-ਬਾਰ ਲੁੱਟ ਲਏ ਗਏ। ਸਭ ਪਾਸੇ ਹਾਹਾਕਾਰ ਮੱਚ ਗਿਆ। ਸਥਿਤੀ ਅਨੁਕੂਲ ਨਾ ਵੇਖ ਕੇ ਸੁਖਾ ਸਿੰਘ ਵਰਗੇ ਜੁਝਾਰੂ ਸਿੰਘ ਜੈਪੁਰ ਵੱਲ ਚਲ ਗਏ। ਲਾਹੌਰ ਦੇ ਸੂਬੇ ਨੇ ਅੰਮ੍ਰਿਤ ਸਰੋਵਰ ਮਿੱਟੀ, ਹਡ, ਚੰਮ ਆਦਿ ਨਾਲ ਪੂਰ ਦਿੱਤਾ।

**ਸ਼ਹਾਦਤ** :- ਲਾਹੌਰ ਦੇ ਜੇਲ੍ਹਖਾਨੇ ਵਿਚ ਭਾਈ ਮਨੀ ਸਿੰਘ ਸਿੰਘਾਂ ਨੂੰ ਨਿੱਤਪ੍ਰਿਤ ਕਥਾ ਸੁਣਾਂਦੇ ਰਹੇ। ਸੂਬੇ ਨੇ ਭਾਈ ਮਨੀ ਸਿੰਘ ਨੂੰ ਬੁਲਾ ਕੇ ਕਿਹਾ ਕਿ ਉਸ ਪਾਸ ਨਿੱਤ ਸਿੱਖ ਆਉਂਦੇ ਜਾਂਦੇ ਰਹਿੰਦੇ ਹਨ, ਉਹ ਉਨ੍ਹਾਂ ਸਾਰਿਆਂ ਨੂੰ ਪਕੜਾ ਦੇਵੇ ਨਹੀਂ, ਤਾਂ ਉਸ ਦੀ ਆਪਣੀ ਸ਼ਾਮਤ ਆਵੇਗੀ। ਉੱਤਰ ਵਜੋਂ ਭਾਈ ਮਨੀ ਸਿੰਘ ਨੇ ਰੋਹ ਵਿਚ ਆ ਕੇ ਕਿਹਾ :-

ਮਨੀ ਸਿੰਘ ਤਬ ਇਮ ਕਹਿਯੋ : 'ਸੁਣੇ ਬਹਾਦਰ ਖਾਨ। ਨਿਸ ਦਿਨ ਬੋਲੋਂ ਝੂਠ ਤਉਂ, ਖਾ ਕੇ ਕਸਮ ਕੁਰਾਨ। 198।

ਝੂਠ ਬੋਲਣਾ ਖਾਨ ਜੀ। ਨਹਿ ਸਿੰਘਨ ਕਾ ਕਾਮ। ਕੱਟ ਜਾਏ ਅੰਗ ਅੰਗ ਭੀ, ਦੇਣਾ ਦਗਾ ਹਰਾਮ। 199।

ਹੋਰਨਾਂ ਮੁੱਖੀ ਸਿੰਘਾਂ ਨੇ ਵੀ ਡੱਟ ਕੇ ਭਾਈ ਮਨੀ ਸਿੰਘ ਦਾ ਸਾਥ ਦਿੱਤਾ। ਸੂਬੇ ਨੇ ਭਾਈ ਗੁਲਜ਼ਾਰ ਸਿੰਘ, ਭਾਈ ਭੂਪਤਿ ਸਿੰਘ, ਭਾਈ ਮੁਹਕਮ ਸਿੰਘ, ਭਾਈ ਚੈਨ ਸਿੰਘ, ਭਾਈ ਕੀਰਤ ਸਿੰਘ, ਭਾਈ ਆਲਮ ਸਿੰਘ, ਭਾਈ ਅਉਲੀਆ ਸਿੰਘ, ਭਾਈ ਸੰਗਤ ਸਿੰਘ, ਭਾਈ ਕਾਨ੍ਹ ਸਿੰਘ ਆਦਿਕ ਮੁੱਖੀ ਸਿੰਘਾਂ ਨੂੰ ਭਾਈ ਮਨੀ ਸਿੰਘ ਸਹਿਤ ਬਹੁਤ ਕਸ਼ਟ ਅਤੇ ਦੁੱਖ ਦਿੱਤੇ ਅਤੇ ਅੰਤ ਸੰਮਤ 1791 (1734 ਈ.) ਹਾੜ ਸੁਦੀ ਪੰਚਮੀ ਨੂੰ ਭਾਈ ਮਨੀ ਸਿੰਘ ਨੂੰ ਹੋਰ ਸਿੰਘਾਂ ਸਹਿਤ ਨਿਖਾਸ ਚੌਂਕ (ਜਿਥੇ ਹੁਣ ਗੁਰਦੁਆਰਾ ਸ਼ਹੀਦ ਗੰਜ ਹੈ), ਵਿਚ ਬੰਦ ਬੰਦ ਕੱਟ ਕੇ ਸ਼ਹੀਦ ਕੀਤਾ ਗਿਆ।

ਇਸ ਤਰ੍ਹਾਂ ਭਾਈ ਮਨੀ ਸਿੰਘ ਨੇ 90 ਵਰ੍ਹਿਆਂ ਦੀ ਉਮਰ ਵਿਚ ਬੰਦ ਬੰਦ ਕਟਵਾਕੇ ਆਪਣੀ ਸ਼ਹਾਦਤ ਦਿੱਤੀ। ਭਾਈ ਮਨੀ ਸਿੰਘ ਦੇ ਸੰਮਤ 1791 (1734) ਈ. ਵਿਚ ਬੰਦ ਬੰਦ ਕੱਟੇ ਜਾਣ ਦੀ ਘਟਨਾ ਨਾਲ ਲਗਭਗ ਸਾਰੇ ਇਤਿਹਾਸਕਾਰ ਅਤੇ ਭੱਟ-ਵਹੀਆਂ ਸਹਿਮਤ ਹਨ।

**ਪਰਿਵਾਰ** :- ਭੱਟ-ਵਹੀਆਂ ਅਨੁਸਾਰ ਭਾਈ ਮਨੀ ਸਿੰਘ ਨੇ ਦੋ ਵਿਆਹ ਕੀਤੇ ਸਨ। ਪਹਿਲੀ ਪਤਨੀ ਸੀਤੋ ਬਾਈ ਤੋਂ ਉਨ੍ਹਾਂ ਦੇ ਘਰ ਸੱਤ ਪੁੱਤਰ ਪੈਦਾ ਹੋਏ-ਚਿਤ੍ਰ ਸਿੰਘ, ਬਚਿਤ੍ਰ ਸਿੰਘ, ਉਦੈ ਸਿੰਘ, ਅਨਿਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ ਅਤੇ ਗੁਰਬਖਸ਼ ਸਿੰਘ, ਦੂਜੀ ਪਤਨੀ ਖੇਮੀਂ ਤੋਂ ਤਿੰਨ ਪੁੱਤਰ ਪੈਦਾ ਹੋਏ-ਭਗਵਾਨ ਸਿੰਘ, ਬਲਰਾਮ ਸਿੰਘ ਅਤੇ ਦੇਸਾ ਸਿੰਘ। ਇਨ੍ਹਾਂ ਵਿਚੋਂ ਸੀਤੋ ਬਾਈ ਦੀ ਕੁੱਖੋਂ ਪੈਦਾ ਹੋਏ ਪੰਜ ਪੁੱਤਰਾਂ-ਬਚਿਤ੍ਰ ਸਿੰਘ, ਉਦੈ ਸਿੰਘ, ਅਨਿਕ ਸਿੰਘ, ਅਜਬ ਸਿੰਘ ਅਤੇ ਅਜਾਇਬ ਸਿੰਘ ਦੀ ਸ਼ਹੀਦੀ 1705 ਈ. ਵਿਚ ਭਾਈ ਸਾਹਿਬ ਦੇ ਜੀਉਂਦੇ ਜੀਅ ਹੀ ਹੋ ਗਈ ਸੀ ਅਤੇ ਚਿਤ੍ਰ ਸਿੰਘ ਅਤੇ ਗੁਰਬਖਸ਼ ਦੀ ਸ਼ਹੀਦੀ ਭਾਈ ਸਾਹਿਬ ਦੇ ਨਾਲ 1734 ਈ. ਵਿਚ ਲਾਹੌਰ ਵਿਚ ਹੋਈ ਸੀ। ਭਾਈ ਮਨੀ ਸਿੰਘ ਦੀ ਸੰਤਾਨ ਵਲੋਂ ਸਮੇਂ-ਸਮੇਂ ਬਲੀਦਾਨਾਂ ਦੀ ਇਸ ਲੜੀ ਵਿਚ ਆਪਣੇ ਸਿਰ ਪਰੋ ਕੇ ਇਸ ਲੜੀ ਦੀ ਲੰਬਾਈ ਵਧਾਈ ਜਾਂਦੀ ਰਹੀ ਹੈ। ਇਸ ਤਰ੍ਹਾਂ ਭਾਈ ਮਨੀ ਸਿੰਘ ਦਾ ਸਾਰਾ ਪਰਿਵਾਰ ਦ੍ਰਿੜ੍ਹਤਾ ਨਾਲ ਆਪਣਾ ਧਾਰਮਿਕ ਕਰਤੱਵ ਨਿਭਾਂਦਾ ਰਿਹਾ ਹੈ ਅਤੇ ਸ਼ਹੀਦੀਆਂ ਦੇ ਕੇ ਆਪਣਾ ਗੌਰਵ ਵਧਾਂਦਾ ਰਿਹਾ ਹੈ।

**ਦਰਬਾਰ ਸਾਹਿਬ ਦੇ ਤੀਜੇ ਗ੍ਰੰਥੀ** :- ਭਾਈ ਮਨੀ ਸਿੰਘ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਤੀਜੇ ਗ੍ਰੰਥੀ ਸਨ। ਪਹਿਲੇ ਬਾਬਾ ਬੁੱਢਾ ਜੀ ਅਤੇ ਦੂਜੇ ਭਾਈ ਗੁਰਦਾਸ ਜੀ ਸਨ। ਭਾਈ ਗੁਰਦਾਸ ਤੋਂ ਬਾਅਦ ਅਤੇ ਭਾਈ ਮਨੀ ਸਿੰਘ ਤੋਂ ਪਹਿਲਾਂ ਭਾਵੇਂ ਦਰਬਾਰ ਸਾਹਿਬ ਉਤੇ ਸੋਢੀ ਹਰਿ ਜੀ ਦਾ ਅਧਿਕਾਰ ਰਿਹਾ, ਪਰ ਉਹ ਗ੍ਰੰਥੀ ਨਾਲੋਂ ਗੱਦੀਦਾਰ ਅਧਿਕ ਸੀ ਅਤੇ ਸਿੱਖ ਧਰਮ ਦੀ ਮਰਿਯਾਦਾ ਵਿਰੁੱਧ ਉਸ ਨੇ ਉਥੋਂ ਦੀ ਵਿਵਸਥਾ ਖਰਾਬ ਕਰ ਰੱਖੀ ਸੀ, ਇਸ ਲਈ ਭਾਈ ਗੁਰਦਾਸ ਤੋਂ ਬਾਅਦ ਸਹੀ ਅਰਥਾਂ ਵਿਚ ਤੀਜੇ ਗ੍ਰੰਥੀ ਭਾਈ ਮਨੀ ਸਿੰਘ ਹੀ ਸਨ। ਆਪਣੇ ਗ੍ਰੰਥੀ-ਕਾਲ ਵਿਚ ਅਤੇ ਉਸ ਤੋਂ ਪਹਿਲਾਂ ਭਾਈ ਸਾਹਿਬ ਦੀ ਅਧਿਕ ਰੁੱਚੀ ਗੁਰੂ ਗ੍ਰੰਥ ਸਾਹਿਬ ਆਦਿ ਦੀ ਕਥਾ ਕਰਕੇ ਸਿੱਖ ਸਿਧਾਂਤਾਂ ਅਤੇ ਪ੍ਰੰਪਰਾਵਾਂ ਦਾ ਵਿਸ਼ਲੇਸ਼ਣ ਕਰਨ ਦੀ ਰਹੀ। ਉਹ ਕਥਾ-ਵਾਰਤਾ ਨੂੰ ਧਰਮ ਪ੍ਰਚਾਰ ਦਾ ਇੱਕ ਪ੍ਰਭਾਵਕਾਰੀ ਅੰਗ ਸਮਝਦੇ ਸਨ। ਇਸ ਲਈ ਆਪਣੇ ਯੁਗ ਵਿਚ ਉਨ੍ਹਾਂ ਨੂੰ ਵਿਦਵਾਨ ਵਜੋਂ 'ਗਿਆਨੀ' ਕਹਿ ਕੇ ਸਨਮਾਨਿਆ ਜਾਂਦਾ ਸੀ। ਕਥਾ ਕਰਨ ਤੋਂ ਇਲਾਵਾ ਉਹ ਗੁਰਬਾਣੀ ਦੇ ਅਰਥ ਵੀ ਪੜ੍ਹਾਂਦੇ ਸਨ। ਉਨ੍ਹਾਂ ਤੋਂ ਪੜ੍ਹਨ ਵਾਲਿਆਂ ਦੀ ਸ਼ਿਸ਼-ਪਰੰਪਰਾ ਵੀ ਗਿਆਨੀ ਸੰਪ੍ਰਦਾਇ ਅਖਵਾਈ, ਜਿਸ ਦੀਆਂ ਅੱਗੋਂ ਕਈ ਉਪ-ਸ਼ਾਖਾਵਾਂ ਹੁੰਦੀਆਂ ਗਈਆਂ। ਇਸ ਗਿਆਨੀ ਸੰਪ੍ਰਦਾਇ ਦੀ ਇੱਕ ਬੰਸਾਵਲੀ ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਦੀ ਇੱਕ ਹੱਥ-ਲਿਖਤ (ਨੰ. 7090) ਵਿਚ ਸੁਰੱਖਿਅਤ ਹੈ ਅਤੇ ਜਿਸ ਦਾ ਪਾਠ ਇਸ ਪ੍ਰਕਾਰ ਹੈ :-

ਸ਼ਬਦ ਅਰਥ ਦਸਵੀਂ ਪਾਤਸ਼ਾਹੀ ਤੇ ਭਾਈ ਮਨੀ ਸਿੰਘ ਨੇ ਪੜ੍ਹੇ, ਤਿਨਾ ਤੇ ਭਾਈ ਗੁਰਦਿਆਲ ਸਿੰਘ ਨੇ, ਤਿਨਾ ਤੇ ਭਾਈ ਗੁਰਬਖਸ਼ ਸਿੰਘ ਨੇ, ਤਿਨ ਤੇ ਭਾਈ ਅੰਮਨ ਸਿੰਘ ਨੇ, ਤਿਨ ਤੇ ਭਾਈ ਸੂਰਤ ਸਿੰਘ ਨੇ, ਤਿਨ ਤੇ ਭਾਈ ਕੌਲ ਸਿੰਘ ਨੇ, ਤਿਨਾ ਤੇ ਭਾਈ ਰਾਮ ਸਿੰਘ ਤੇ ਭਾਈ ਚੰਦਾ ਸਿੰਘ ਨੇ, ਤਿਨਾ ਤੇ ਭਾਈ ਦਇਆ ਸਿੰਘ...।

ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਪੜ੍ਹੋ ਪੁਸਤਕ, ਭਾਈ ਮਨੀ ਸਿੰਘ, ਜੀਵਨ ਤੇ ਰਚਨਾ, ਲੇਖਕ ਡਾ. ਰਤਨ ਸਿੰਘ ਜੱਗੀ, ਪ੍ਰਕਾਸ਼ਕ ਪੰਜਾਬੀ ਯੂਨੀਵਰਸਿਟੀ ਪਟਿਆਲਾ, 1993


## 23 ਅਪ੍ਰੈਲ ਬਰਸੀ 'ਤੇ ਵਿਸ਼ੇਸ਼

# ਰੱਬੀ ਰੰਗ 'ਚ ਰੰਗੇ ਸੇਵਾ ਪੰਥੀ ਬਾਬਾ ਸ਼ਾਮ ਸਿੰਘ

## ਸ੍ਰੀ ਹਰਿਮੰਦਰ ਸਾਹਿਬ ਵਿਖੇ 7 ਦਹਾਕੇ ਤੋਂ ਵੱਧ ਕੀਰਤਨ ਦੀ ਸੇਵਾ ਕਰਨ ਵਾਲੇ ਬਾਬਾ ਸ਼ਾਮ ਸਿੰਘ ਜੀ

-ਦਿਲਜੀਤ ਸਿੰਘ ਬੇਦੀ
(Punjab Mail USA)





ਸੇਵਾ ਪੰਥੀ ਸੰਪਰਦਾਵਾਂ ਨੇ ਸਿੱਖ ਕੌਮ ਦੀ ਬਹੁਤ ਨਿੱਗਰ ਤੇ ਪ੍ਰਸ਼ੰਸਾਜਨਕ ਸੇਵਾ ਕੀਤੀ ਹੈ। ਇਨ੍ਹਾਂ ਸੰਪਰਦਾਵਾਂ ਦੇ ਸੰਤ ਮਹਾਂਪੁਰਸ਼ਾਂ ਨੇ ਲੋਕਾਂ ਦੇ ਸਰੀਰਕ ਸੁੱਖ-ਆਰਾਮ ਲਈ, ਸਰ੍ਹਾਵਾਂ, ਟਿਕਾਣੇ, ਖੂਹ, ਤਾਲਾਬ, ਦਵਾਖਾਨੇ, ਧਰਮਸ਼ਾਲਾਵਾਂ, ਲੰਗਰ ਲਾ ਕੇ ਜਿਥੇ ਮਨੁੱਖ ਜਾਤੀ ਦੀ ਸੇਵਾ ਕੀਤੀ ਹੈ, ਉਥੇ ਮਾਨਸਿਕ ਸ਼ਾਂਤੀ ਤੇ ਸਦਾਚਾਰਕ ਸਿੱਖਿਆ ਲਈ ਚੰਗੇ ਸਾਹਿਤ ਦੀ ਵੀ ਸਿਰਜਣਾ ਕੀਤੀ ਹੈ। ਸੇਵਾ-ਪੰਥੀ ਸੰਤ ਪੁਰਸ਼, ਸਿੱਧੇ-ਸਾਦੇ, ਨਿਰਛਲ ਤੇ ਨਿਸ਼ਕਪਟ ਦਰਵੇਸ਼ੀ ਜੀਵਨ ਵਾਲੇ ਤਪੱਸਵੀ ਤੇ ਸੰਤੋਖੀ ਹੋਏ ਹਨ। ਸੇਵਾ ਪੰਥੀ ਸੰਪਰਦਾ ਦੇ ਸੰਤ ਬਾਬਾ ਸ਼ਾਮ ਸਿੰਘ ਗੁਰੂ-ਘਰ ਦੇ ਸ੍ਰੇਸ਼ਟ ਸਵੱਛ ਰਸਾਲ ਕੀਰਤਨੀਏ ਅਤੇ ਨਿਸ਼ਕਾਮ ਸੇਵਾਵੀ ਰਹੇ ਹਨ। ਇਨ੍ਹਾਂ ਨੇ ਲਗਭਗ 70 ਸਾਲ ਤੋਂ ਵੱਧ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਬਦ ਕੀਰਤਨ ਕੀਤਾ ਹੈ। ਆਪ ਦੇ ਕੀਰਤਨ-ਸਰਵਣ ਨਾਲ ਗੁਰੂ-ਘਰ/ਗੁਰੂ-ਪਿਆਰ ਵਿਚ ਭਿੱਜੀਆਂ ਰੂਹਾਂ ਦੀ ਅੰਤਰ-ਆਤਮਾ ਸੁਰਤ ਜੁੜ ਜਾਂਦੀ। ਭਜਨ ਦੇ ਪ੍ਰਤਾਪ ਅਤੇ ਪੂਰਨ ਜਤੀ ਸਤੀ ਹੋਣ ਕਾਰਨ ਆਪ ਦਾ ਮਸਤਕ ਦਗ-ਦਗ ਕਰਦਾ ਸੀ। ਉਹ ਗੁਰਮਤਿ ਵਿਚਾਰਧਾਰਾ ਵਿਚ ਪੂਰਨ ਤੌਰ 'ਤੇ ਭਿੱਜੇ ਹੋਏ ਸਨ।

ਸੇਵਾ ਪੰਥੀ ਸੰਪਰਦਾ ਦੇ ਸੰਤ-ਮਹਾਂਪੁਰਸ਼ਾਂ ਨੇ ਗੁਰਬਾਣੀ ਦੇ ਗੁਟਕੇ, ਪੋਥੀਆਂ, ਸੁੰਦਰ ਅੱਖਰਾਂ ਵਿਚ ਲਿਖੀਆਂ ਤੇ ਚੰਗੀਆਂ ਪ੍ਰਮਾਣਿਕ ਪੁਸਤਕਾਂ ਦੇ ਉਲੱਥੇ ਕੀਤੇ ਤੇ ਕਰਵਾਏ। ਸੰਗੀਤ ਪਰਪਾਟੀ ਨੂੰ ਅੱਗੇ ਤੋਰਨ ਵਿਚ ਵੀ ਇਨ੍ਹਾਂ ਦਾ ਵਿਸ਼ੇਸ਼ ਯੋਗਦਾਨ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਪਹਿਲੀ ਚੌਂਕੀ ਵੀ ਸੇਵਾ ਪੰਥੀ ਸੰਪਰਦਾ ਦੀ ਝੋਲੀ ਪੈਂਦੀ ਰਹੀ ਹੈ। ਸੇਵਾ ਪੰਥੀ ਬਾਬਾ ਸ਼ਾਮ ਸਿੰਘ ਦਾ ਜਨਮ ਸ਼ਹਿਰ ਸ਼ਾਹਪੁਰ (ਪਾਕਿਸਤਾਨ) ਵਿਚ 1803 ਈ. ਨੂੰ ਪਿਤਾ ਭਾਈ ਦਰਬਾਰੀ ਦੇ ਗ੍ਰਹਿ ਮਾਤਾ ਕਿਸ਼ਨ ਦੇਈ ਦੀ ਕੁੱਖੋਂ ਹੋਇਆ। ਬਾਲਕ ਸ਼ਾਮ ਸਿੰਘ ਛੋਟੀ ਉਮਰ ਦੇ ਹੀ ਸਨ ਕਿ ਪਿਤਾ ਦਾ ਦੇਹਾਂਤ ਹੋ ਗਿਆ। ਘਰ ਵਿਚ ਆਰਥਿਕ ਮੰਦਹਾਲੀ ਪਹਿਲਾਂ ਹੀ ਬਹੁਤ ਸੀ, ਪਤੀ ਦੇ ਤੁਰ ਜਾਣ ਕਾਰਨ ਪੁੱਤਰ ਦੇ ਪਾਲਣ-ਪੋਸ਼ਣ ਦੀ ਸਾਰੀ ਜ਼ਿੰਮੇਵਾਰੀ ਮਾਤਾ ਜੀ 'ਤੇ ਆ ਪਈ।

ਉਹ ਚੱਕੀ ਪੀਹ ਕੇ ਘਰ ਦਾ ਨਿਰਬਾਹ ਚਲਾਉਂਦੇ, ਬਾਲਕ ਪੰਜ ਕੁ ਸਾਲ ਦਾ ਸੀ ਕਿ ਕਾਲ ਪੈ ਗਿਆ। ਮਾਤਾ ਕ੍ਰਿਸ਼ਨ ਦੇਈ ਨੇ ਬਾਲਕ ਸ਼ਾਮ ਸਿੰਘ ਨੂੰ ਸੰਤ ਬਾਬਾ ਰਾਮ ਸਿੰਘ ਜੀ ਦੇ ਚਰਨੀਂ ਲਾ ਦਿੱਤਾ ਤੇ ਸੰਤ ਮੰਡਲੀ ਵਿਚ ਸ਼ਾਮਲ ਹੋ ਗਏ। ਸੰਤ ਰਾਮ ਸਿੰਘ ਦੀ ਸਰਪ੍ਰਸਤੀ ਹੇਠ ਗੁਰਬਾਣੀ ਕੰਠ ਕੀਤੀ, ਨਿਸ਼ਕਾਮ ਸੇਵਾ ਦੀ ਗੁੜ੍ਹਤੀ ਲਈ। ਨਿਮਰਤਾ ਤੇ ਗੁਰੂ ਦੀ ਭੈ ਭਾਵਨੀ ਦਾ ਸਤਿਕਾਰ ਪ੍ਰਾਪਤ ਕੀਤਾ। ਉਨ੍ਹਾਂ ਦਾ ਸੰਤ ਰਾਮ ਸਿੰਘ ਨਾਲ ਬਹੁਤ ਲਗਾਉ ਸੀ। ਧਰਮ-ਪ੍ਰਚਾਰ ਫੇਰੀਆਂ ਸਮੇਂ ਉਹ ਹਮੇਸ਼ਾਂ ਨਾਲ ਰਹਿੰਦੇ। ਸੰਤ ਰਾਮ ਸਿੰਘ ਅਕਾਲ ਚਲਾਣੇ ਉਪਰੰਤ ਬਾਬਾ ਸ਼ਾਮ ਸਿੰਘ ਅੰਮ੍ਰਿਤਸਰ ਸਾਹਿਬ ਆ ਗਏ। ਵੱਖ-ਵੱਖ ਸੰਪ੍ਰਦਾਵਾਂ ਦੇ ਸੰਤਾਂ-ਮਹਾਂਪੁਰਸ਼ਾਂ ਨੂੰ ਮਿਲੇ। ਪਰ ਸੰਤ ਰਾਮ ਸਿੰਘ ਦੇ ਵਿਛੋੜੇ/ਵੈਰਾਗ ਗੁਰੂ ਅਰਜਨ ਦੇਵ ਜੀ ਵੱਲੋਂ ਈਜਾਦ ਸਾਜ ਸਰਦਾ ਉਹ ਕੀਰਤਨ ਲਈ ਵਰਤਦੇ ਸਨ। ਸਾਰੀ ਉਮਰ ਹੀ ਉਹ ਸਰੰਦੇ ਨਾਲ ਕੀਰਤਨ ਕਰਦੇ ਰਹੇ। ਸੰਤ ਸ਼ਾਮ ਸਿੰਘ ਸਿਦਕ, ਸਬਰ, ਸੰਤੋਖ, ਦਇਆਲਤਾ, ਉਦਾਰਤਾ, ਸ਼ਾਂਤੀ, ਸੁਪ੍ਰੇਮ, ਮਿੱਠੀ ਰਸਨਾ, ਅਮਲੀ ਨਿਰਮਾਣਤਾ ਅਤੇ ਅੰਤਰਯਾਤਮਾ ਦੇ ਹੁੰਦਿਆਂ ਵੀ ਆਪਣੇ ਆਪ ਨੂੰ ਗੁਲਾਮ ਕਹਾਉਂਦੇ ਸਨ।

ਗੁਰਬਾਣੀ ਦੇ ਸ਼ੁੱਧ ਉਚਾਰਣ 'ਤੇ ਬਹੁਤ ਜ਼ੋਰ ਦਿੰਦੇ ਸਨ। ਉਹ ਅਕਸਰ ਕਹਿੰਦੇ ਸਨ ਕਿ ਗੁਰਬਾਣੀ ਦੇ ਸ਼ੁੱਧ ਪਾਠ ਨਾਲ ਹੀ ਬਾਣੀ ਨੂੰ ਸਮਝਿਆ-ਵਿਚਾਰਿਆ ਜਾ ਸਕਦਾ ਹੈ। ਸਿੱਖਿਆਰਥੀ ਨੂੰ ਮੁਹਾਰਨੀ ਪੱਕੀ ਹੋਣ 'ਤੇ ਹੀ ਗੁਰੂ ਚਰਨੀਂ ਲਾਉਣਾ ਚਾਹੀਦਾ ਹੈ। ਅੱਠੇ ਪਹਿਰ ਕੀਰਤਨ, ਪਾਠ-ਜਾਪ ਤੇ ਸਿਮਰਨ ਸੰਸਾਰ ਅੰਦਰ ਸਿਰਫ਼ ਸ੍ਰੀ ਹਰਿਮੰਦਰ ਸਹਿਬ ਜੀ ਵਿਖੇ ਹੀ ਹੁੰਦਾ ਹੈ। ਪੁਰਾਤਨ ਸਮੇਂ ਕਿਵਾੜ ਖੁੱਲ੍ਹਣ ਤੋਂ ਇਕ ਘੰਟਾ ਬਾਅਦ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਆਰੰਭ ਹੁੰਦਾ। ਸੰਤ ਬਾਬਾ ਸ਼ਾਮ ਸਿੰਘ ਜੀ ਰਾਤ ਦੇ ਇੱਕ ਵਜੇ ਉੱਠ ਕੇ ਪਹਿਲਾਂ ਖੂਹ 'ਤੇ ਇਸ਼ਨਾਨ ਕਰਦੇ ਤੇ ਫਿਰ ਅੰਮ੍ਰਿਤ-ਸਰੋਵਰ ਵਿਚ ਕੇਸਾਂ ਸਮੇਤ ਟੁੱਭਾ ਲਾਉਂਦੇ। ਤਿੰਨ ਪਹਿਰ ਵੱਜਣ ਤੋਂ ਪਹਿਲਾਂ ਗੁਰਦੁਆਰਾ ਲਾਚੀ ਬੇਰ ਸਾਹਿਬ ਦੇ ਹੇਠ ਜਾ ਬੈਠਦੇ ਤੇ ਸਰੰਦੇ ਨਾਲ ਕੀਰਤਨ ਸ਼ੁਰੂ ਕਰਦੇ।

ਤੁਝ ਬਿਨ ਸੁਰਤ ਕਰੈ ਕੋ ਮੇਰੀ ਦਰਸ਼ਨ ਦੀਜੈ ਖੋਲਿ ਕਿਵਾਰ

ਸੰਗਤਾਂ ਇਸ ਚੌਂਕੀ ਨੂੰ ਪ੍ਰੇਮ ਚੌਂਕੀ ਕਹਿਣ ਲੱਗ ਪਈਆਂ। ਹੁਣ ਇਸ ਨੂੰ ਤਿੰਨ ਪਹਿਰੇ ਦੀ ਚੌਂਕੀ ਕਹਿੰਦੇ ਹਨ। ਉਨ੍ਹਾਂ ਇਹ ਚੌਂਕੀ ਕੋਈ ਸਤ ਦਹਾਕੇ ਭਰੀ ਉਨ੍ਹਾਂ ਦੇ ਜੀਵਨ ਨਾਲ ਅਧਿਆਤਮਿਕ ਰਹੱਸ ਵਾਲੀਆਂ ਕਈ ਸਾਖੀ ਰੂਪੀ ਕਹਾਣੀਆਂ ਪ੍ਰਚੱਲਤ ਹਨ। ਉਨ੍ਹਾਂ ਆਪਣੇ ਹੱਥ-ਲਿਖਤ ਗ੍ਰੰਥ 'ਭਗਤ ਪ੍ਰੇਮ ਪ੍ਰਕਾਸ਼' ਵਿਚ ਵੀ ਕਈ ਘਟਨਾਵਾਂ ਦਾ ਵਰਨਣ ਕੀਤਾ ਹੈ। ਉਹ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾਂ ਵਿਚੋਂ ਗੋਹਾ, ਪੰਛੀਆਂ ਦੀਆਂ ਵਿੱਠਾਂ, ਖੰਭ ਆਦਿ ਦੀ ਸੇਵਾ ਬੜੀ ਲਗਨ ਨਾਲ ਕਰਦੇ ਸਨ। ਪਿੱਠ ਪਿੱਛੇ ਸਰੰਦਾ ਬੰਨ੍ਹੀ, ਪਰਿਕਰਮਾ ਵਿਚ ਝਾੜੂ ਵੀ ਆਪ ਦਿਆ ਕਰਦੇ ਸਨ। ਜ਼ਖ਼ਮੀ ਪੰਛੀਆਂ, ਡੰਗਰਾਂ ਦੀ ਮਲ੍ਹਮ ਪੱਟੀ ਵੀ ਕਰਦੇ ਸਨ। ਲੋੜਵੰਦਾਂ ਦੀ ਲੋੜ ਪੂਰੀ ਕਰਕੇ ਅਨੰਦਤ ਹੁੰਦੇ ਸਨ। ਉਹ ਪਰਿਕਰਮਾਂ ਵਿਚ ਸੰਤ ਭਾਈ ਸਵਾਇਆ ਸਿੰਘ ਜੀ ਦੀ ਛਬੀਲ 'ਤੇ ਸੰਗਤਾਂ ਦੇ ਜੂਠੇ ਬਰਤਨ ਸਾਫ ਕਰਨ ਦੀ ਸੇਵਾ ਕਰਦੇ। ਆਟਾ ਮੰਡੀ ਵਾਲੀ ਧਰਮਸਾਲ ਵਿਚ ਸੰਗਤਾਂ ਲਈ ਆਟਾ ਗੁੰਨ੍ਹਦੇ, ਸਬਜ਼ੀਆਂ, ਦਾਲਾਂ ਆਪ ਬਨਾਉਂਦੇ, ਆਈ ਸੰਗਤ ਨੂੰ ਗੋਬਿੰਦ ਸੰਗਤ ਕਹਿੰਦੇ। ਪਰਸ਼ਾਦਾ ਵਰਤਾਉਣ ਵੇਲੇ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਦੀ ਧੁਨੀ ਉਚਾਰਦੇ। ਉਹ ਬਹੁਤ ਘੱਟ ਪ੍ਰਸ਼ਾਦਾ ਛਕਦੇ ਤੇ ਬਹੁਤ ਘੱਟ ਸੌਂਦੇ ਸਨ।

ਸੰਤ ਬਾਬਾ ਸ਼ਾਮ ਸਿੰਘ ਜੀ ਨੂੰ ਗੁਰੂ-ਘਰਾਂ ਦੀ ਸੇਵਾ ਕਰਾਉਣ ਦਾ ਡਾਢਾ ਚਾਅ ਪਿਆਰ ਸੀ। ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਦੀ ਕਾਰ-ਸੇਵਾ ਕਰਵਾਉਣੀ, ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾਂ ਵਿਚ ਝੰਡੇ-ਬੁੰਗੇ ਦੀ ਇਮਾਰਤ ਕਾਰ-ਸੇਵਾ ਰਾਹੀਂ ਬਨਾਉਣੀ, ਸ੍ਰੀ ਦਰਬਾਰ ਸਾਹਿਬ ਤਰਨਤਾਰਨ ਦੀ ਹੰਸਲੀ ਦੀ ਕਾਰ ਸੇਵਾ ਕਰਵਾਉਣੀ, ਗੁਰਦੁਆਰਾ ਸ੍ਰੀ ਕੌਲਸਰ ਸਾਹਿਬ ਦੀ ਕੱਚੀ ਪਰਿਕਰਮਾਂ ਪੱਕੀ ਕਰਵਾਉਣੀ, ਸ੍ਰੀ ਬਾਉਲੀ ਸਾਹਿਬ ਗੋਇੰਦਵਾਲ ਵਿਖੇ ਸੋਨੇ ਦੇ ਕਲਸਾਂ ਦੀ ਸੇਵਾ, ਸ੍ਰੀ ਤਰਨਤਾਰਨ ਸਾਹਿਬ ਦੀਆਂ ਬੁਰਜੀਆਂ ਦੀ ਸੇਵਾ, ਗੁਰਦੁਆਰਾ ਪਤਾਲਪੁਰੀ ਕੀਰਤਪੁਰ ਸਾਹਿਬ ਵਿਖੇ ਛੇਵੇਂ ਪਾਤਸ਼ਾਹ ਦੇ ਅਸਥਾਨ ਦੀ ਇਮਾਰਤ ਬਣਵਾਈ ਅਤੇ ਖੂਹ ਲਗਵਾਇਆ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਦੇਹੁਰੇ ਵਿਖੇ ਸੰਗਮਰਮਰ ਦਾ ਸੁੰਦਰ ਬੁਰਜ ਵਾਲਾ ਬੰਗਲਾ ਸਾਹਿਬ ਬਣਵਾ ਕੇ ਲਗਵਾਇਆ ਅਤੇ ਦਰਿਆ ਕੰਡੇ ਘਾਟ ਬਣਵਾਇਆ। ਬਿਬੇਕਸਰ ਸਾਹਿਬ ਦੀ ਕਾਰ ਸੇਵਾ, ਗੁਰਦੁਆਰਾ ਗੁਰੂ ਕੇ ਮਹਿਲ ਦੀ ਸੇਵਾ-ਇਤਿਹਾਸ ਵਿਚ ਅੰਕਿਤ ਹੈ।

ਸੰਤ ਸ਼ਾਮ ਸਿੰਘ ਜੀ 123 ਸਾਲ ਦੀ ਆਯੂ ਪੂਰੀ ਕਰਕੇ 23 ਅਪ੍ਰੈਲ, 1926 ਨੂੰ ਅਕਾਲ ਜੋਤ ਵਿਚ ਅਭੇਦ ਹੋ ਗਏ। ਉਨ੍ਹਾਂ ਤੋਂ ਬਾਅਦ ਸੰਤ ਬਾਬਾ ਝੰਡਾ ਸਿੰਘ, ਸੰਤ ਬਾਬਾ ਖੜਕ ਸਿੰਘ, ਬਾਬਾ ਦਰਸ਼ਨ ਸਿੰਘ ਇਸ ਸੰਪਰਦਾ ਦੇ ਮੁਖੀ ਰਹੇ ਹਨ। ਇਸ ਸੰਪਰਦਾ ਵੱਲੋਂ ਗੁਰੂ-ਘਰ ਦੀਆਂ ਅਲੌਕਿਕ ਇਮਾਰਤਾਂ ਉਸਾਰੀਆਂ ਗਈਆਂ। ਗੁਰੂ ਰਾਮਦਾਸ ਲੰਗਰ ਹਾਲ, ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ, ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਆਦਿ। ਸੰਤ ਬਾਬਾ ਸ਼ਾਮ ਸਿੰਘ ਜੀ ਵੱਲੋਂ ਤਿੰਨ ਵੱਡੀਆਂ ਧਾਰਮਿਕ ਰੀਤੀਆਂ ਨਿਰਵਿਘਨ ਚੱਲ ਰਹੀਆਂ ਹਨ, ਜੋ ਨੌਂ-ਦੱਸ ਦਹਾਕੇ ਪਹਿਲਾਂ ਆਰੰਭ ਕੀਤੀਆਂ ਗਈਆਂ ਸਨ। ਸ੍ਰੀ ਦਰਬਾਰ ਸਾਹਿਬ ਜੀ ਵਿਖੇ ਹਰ ਰੋਜ਼ ਇਸ਼ਨਾਨ ਸੇਵਾ ਉਪਰੰਤ ਕੜਾਹ ਪ੍ਰਸ਼ਾਦਿ ਦੀ ਪਹਿਲੀ ਦੇਗ ਭੇਟ ਕਰਨੀ, ਡੇਰੇ ਵਿਚ ਅਖੰਡ ਪਾਠ ਸਾਹਿਬ ਦੀ ਲੜੀ ਜਾਰੀ ਰੱਖਣੀ ਅਤੇ ਧਰਮਸਾਲ ਵਿਖੇ ਗੋਬਿੰਦ ਸੰਗਤ ਲਈ ਖੁੱਲ੍ਹਾ ਲੰਗਰ ਵਰਤਾਉਣਾ ਆਦਿ।

# ਕੈਂਸਰ ਦੀ ਜੜ੍ਹ ਪੁੱਟੋ

## ਇੱਕ ਸੁਝਾਅ

ਬੇਨਤੀ ਕਰਤਾ:- ਹਰਦੀਪ ਸਿੰਘ ਸੋਢੀ ਨਡਾਲਾ
ਫ਼ੀਨਿਕਸ (ਯੂ.ਐੱਸ.ਏ.)
480-794-0325
(Punjab Mail USA)






ਸਾਰਾ ਦੇਸ਼ ਜਾਣਦਾ ਹੈ ਕਿ ਮਾਲਵਾ ਕੈਂਸਰ ਦਾ ਗੜ੍ਹ ਹੈ। ਵਜ੍ਹਾ ਹੈ ਸਤਲੁਜ ਦਾ ਜ਼ਹਿਰੀਲਾ ਪਾਣੀ, ਅਸਲ ਵਿਚ ਸਤਲੁਜ ਵਿਚ ਜ਼ਹਿਰ ਘੋਲਦਾ ਹੈ ਲੁਧਿਆਣੇ ਦੀ ਇੰਡਸਟਰੀ ਦਾ ਦੂਸ਼ਿਤ ਪਾਣੀ ਅਤੇ ਸਤਲੁਜ ਵਿਚ ਪਾਣੀ ਪੈਣ ਦਾ ਸਰੋਤ ਹੈ ਲੁਧਿਆਣੇ ਦਾ ਗੰਦਾ ਨਾਲਾ। ਸਰਕਾਰ ਗੰਦੇ ਪਾਣੀ ਨੂੰ ਸਤਲੁਜ ਵਿਚ ਪੈਣ ਤੋਂ ਪਹਿਲਾਂ ਸਾਫ ਕਿਉਂ ਨਹੀਂ ਕਰਦੀ, ਕਿਸੇ ਕੋਲ ਹੈ ਜਵਾਬ। ਪਾਰਟੀ ਬਾਜ਼ੀ ਤੋਂ ਉੱਪਰ ਉੱਠ ਕੇ ਦੱਸੋ? ਹੁਣ ਪੰਜਾਬ ਦੀਆਂ ਸਰਕਾਰਾਂ ਨੂੰ ਛੱਡ ਕੇ ਕੇਂਦਰ ਵੱਲ ਨਿਗਾਹ ਮਾਰੀਏ। ਦੇਸ਼ ਦੀ ਕੋਈ ਵੀ ਨਦੀ ਏਨੀ ਦੂਸ਼ਿਤ ਨਹੀਂ ਹੈ, ਜਿਸ ਨਾਲ ਲੱਖਾਂ ਲੋਕ ਕੈਂਸਰ ਦੀ ਲਪੇਟ ਵਿਚ ਆਏ ਹੋਣ। ਪਰ ਕੇਂਦਰ ਇੱਕ ਧਾਰਮਿਕ ਨਦੀ ਗੰਗਾ ਨੂੰ ਸਾਫ ਕਰਨ ਵਾਸਤੇ ਹਜ਼ਾਰਾਂ ਕਰੋੜ ਰੁਪਏ ਹਰ ਸਾਲ ਅਲਾਟ ਕਰਦਾ ਹੈ ਅਤੇ ਪੰਜਾਬ ਨਾਲ ਖਾਸ ਕਰਕੇ ਮਾਲਵੇ ਨਾਲ ਮਤਰੇਈ ਮਾਂ ਵਾਲਾ ਸਲੂਕ ਕਿਉਂ?

ਪੰਜਾਬ ਵਾਸੀਓ ਵਿਸ਼ੇਸ਼ ਕਰਕੇ ਮਾਲਵੇ ਵਾਲਿਓ, ਚੋਣਾਂ ਦਾ ਬਿਗੁਲ ਵੱਜਾ ਹੋਇਆ ਹੈ। ਜੇ ਆਪਣੀ ਖੈਰ ਚਾਹੁੰਦੇ ਹੋ, ਤਾਂ ਪਾਰਟੀ ਬਾਜ਼ੀ ਤੋਂ ਉੱਪਰ ਉੱਠ ਕੇ ਇੱਕ ਮੰਚ 'ਤੇ ਇਕੱਠੇ ਹੋ ਕੇ ਮੰਗ ਕਰੋ ਕਿ ਗੰਦੇ ਨਾਲੇ ਅਤੇ ਚਿੱਟੀ ਬੇਂਈਂ ਦੇ ਪਾਣੀ ਦਾ ਸਤਲੁਜ ਬਿਆਸ ਨਾਲ ਮਿਲਾਪ ਹੋਣ ਤੋਂ ਪਹਿਲਾਂ ਦੋਹਾਂ ਥਾਵਾਂ 'ਤੇ ਪੂਰੀ ਸਮਰੱਥਾ ਦੇ ਟਰੀਟਮੈਂਟ ਪਲਾਂਟ ਲਾਉਣ ਦਾ ਵਾਅਦਾ ਲਵੋ ਅਤੇ ਆਉਣ ਵਾਲੀਆਂ ਨਸਲਾਂ ਬਚਾ ਲਉ।

# 'ਯਾਦ ਰੱਖਣ ਯੋਗ ਗੱਲਾਂ'

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ 480-794-0325



- ਕੁਝ ਲੋਕ ਦੂਜਿਆਂ ਨੂੰ ਵੇਖ ਕੇ ਜਿਉਣਾ ਸਿੱਖ ਲੈਂਦੇ ਹਨ ਅਤੇ ਕੁਝ ਸੜਨਾ।
- ਜ਼ਿੰਮੇਵਾਰੀ ਅਜਿਹੇ ਚੀਜ਼ ਹੈ ਕਿ ਇਸ ਨੂੰ ਨਿਭਾਉਣ ਵਾਲੇ ਨੂੰ ਅੰਦਰੋਂ ਮਰ ਕੇ ਵੀ ਬਾਹਰੋਂ ਹੱਸਣਾ ਹੀ ਪੈਂਦਾ ਹੈ।
- ਮੁਣਛੀ ਪ੍ਰੇਮ ਚੰਦ ਨੇ ਇੱਕ ਵਾਰ ਕਿਹਾ ਸੀ ਕਿ ਜੇ ਕੋਈ ਔਰਤ ਆਦਮੀਆਂ ਵਾਲੇ ਔਗੁਣ ਧਾਰਨ ਕਰ ਲਵੇ, ਤਾਂ ਵੇਸ਼ਵਾ ਅਖਵਾਏਗੀ ਪਰ ਜੇ ਕੋਈ ਆਦਮੀ ਔਰਤ ਵਾਲੇ ਗੁਣ ਧਾਰਨ ਕਰ ਲਵੇ, ਤਾਂ ਮਹਾਤਮਾ ਕਹਾਵੇਗਾ।
- ਮਰਦ ਕਹਾਉਣ ਵਾਸਤੇ ਚੰਗੇ ਕੰਮ ਕਰਨੇ ਚਾਹੀਦੇ ਹਨ, ਉਂ ਮੁੱਛਾਂ ਤਾਂ ਚੂਹੇ ਅਤੇ ਬਿੱਲੇ ਦੀਆਂ ਵੀ ਖੜ੍ਹੀਆਂ ਹੁੰਦੀਆਂ ਹਨ।
- ਹਕੂਮਤ ਕਰਨੀ ਸੌਖੀ ਹੁੰਦੀ ਹੈ ਪਰ ਦਿਲਾਂ 'ਤੇ ਰਾਜ ਕਰਨਾ ਹਰ ਇਕ ਦੇ ਵੱਸ ਵਿਚ ਨਹੀਂ ਹੁੰਦਾ।
- ਭੱਠੀ 'ਤੇ ਦਾਣੇ ਭੁਨਾਉਣ ਵਾਲੇ ਜਾਣਦੇ ਹਨ ਜੇ ਦਾਣਾ ਭੁੜਕੇਗਾ ਤਾਂ ਵੱਧ ਤੋਂ ਵੱਧ ਕੜਾਹੀ ਤੋਂ ਬਾਹਰ ਡਿੱਗ ਪਵੇਗਾ, ਭੱਠੀ ਨਹੀਂ ਢਾਹ ਸਕਦਾ। ਸੋ ਨਿੱਕੀ ਮੋਟੀ ਗੱਲ ਦਿਲ 'ਤੇ ਨਾ ਲਾਇਆ ਕਰੋ।
- ਸਮਾਜ ਉਨ੍ਹਾਂ ਔਰਤਾਂ ਨੂੰ ਸਲਾਮ ਕਰਦਾ ਹੈ, ਜਿਨ੍ਹਾਂ ਦੇ ਮੱਥੇ 'ਤੇ ਬਿੰਦੀ ਦੀ ਜਗ੍ਹਾ ਟੀਚਾ ਹੁੰਦਾ ਹੈ। ਅੱਖਾਂ ਵਿਚ ਸੁਰਮੇ ਕੱਜਲ ਦੀ ਥਾਂ ਉੱਚੇ ਸੁਪਨੇ ਅਤੇ ਹੱਥ ਮਹਿੰਦੀ ਚੂੜੀਆਂ ਨੂੰ ਨਹੀਂ, ਮਿਹਨਤ ਨੂੰ ਸਮਰਪਿਤ ਹੁੰਦੇ ਹਨ।

(Punjab Mail USA)

# ਮੁੱਖ ਚੋਣ ਘੋਸ਼ਣਾ ਪੱਤਰਾਂ ’ਚੋਂ ਸਿੱਖਿਆ ਗਾਇਬ ਕਿਉਂ?

ਗੁਰਮੀਤ ਸਿੰਘ ਪਲਾਹੀ

# ਮੋਬਾਈਲ : 98158-02070

(Punjab Mail USA)



ਲੋਕ ਸਭਾ ਚੋਣਾਂ ਲਈ ਸਿਆਸੀ ਪਾਰਟੀਆਂ ਆਪਣਾ ਚੋਣ ਮੈਨੀਫੈਸਟੋ ਜਾਰੀ ਕਰ ਰਹੀਆਂ ਹਨ। ਵੱਡੇ-ਵੱਡੇ ਲੋਕ ਲੁਭਾਊਣੇ ਵਾਇਦੇ, ਗਰੰਟੀਆਂ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਹਨ। ਵਿਕਾਸ, ਪ੍ਰੀਵਰਤਨ, ਸੰਵਿਧਾਨਿਕ ਰਾਖੀ, ਗਰੀਬੀ ਹਟਾਓ, ਰੁਜ਼ਗਾਰ ਦੇਣ, ਔਰਤਾਂ ਦੇ ਸਸ਼ਕਤੀਕਰਨ, ਇੱਕ ਰਾਸ਼ਟਰ ਇੱਕ ਚੋਣ, ਘੱਟ ਗਿਣਤੀ ਦੀ ਸੁਰੱਖਿਆ, ਸਮਾਜਿਕ ਸੁਰੱਖਿਆ ਆਦਿ ਚੋਣ ਮੈਨੀਫੈਸਟੋ ਦਾ ਧੁਰਾ ਬਣਾਏ ਜਾ ਰਹੇ ਹਨ। ਪਰ ਲੋਕਾਂ ਲਈ ਸਿੱਖਿਆ ਅਤੇ ਹਰ ਇੱਕ ਲਈ ਬਰਾਬਰ ਦੀ ਸਿੱਖਿਆ ਦੀ ਗਰੰਟੀ, ਪਾਰਟੀਆਂ ਦੇ ਚੋਣ ਮੈਨੀਫੈਸਟੋ ਵਿਚੋਂ ਲੁਪਤ ਹੈ।

ਦੇਸ਼ ਨੂੰ ਅੰਗਰੇਜ਼ ਸਾਮਰਾਜ ਦੀ ਗੁਲਾਮੀ ਤੋਂ ਆਜ਼ਾਦ ਹੋਇਆਂ ਪੌਣੀ ਸਦੀ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ। ਕੁਝ ਸਿਆਸੀ ਪਾਰਟੀਆਂ, ਜਿਹੜੀਆਂ ਇੱਕ ਸਦੀ ਤੋਂ ਵੱਧ ਦਾ ਸਿਆਸੀ ਸਫ਼ਰ ਪੂਰਾ ਕਰ ਚੁੱਕੀਆਂ ਹਨ, ਉਹ ਦੇਸ਼ ਦੀਆਂ ਹਾਕਮ ਬਣ ਦੇਸ਼ ’ਚੋਂ ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਖ਼ਤਮ ਕਰਨ ਅਤੇ ਦੇਸ਼ ਦੇ ਵਿਕਾਸ ਲਈ ਯਤਨਸ਼ੀਲ ਰਹੀਆਂ ਹਨ। ਸਮੇਂ-ਸਮੇਂ ਮਨੁੱਖ ਦੀਆਂ ਬੁਨਿਆਦੀ ਲੋੜਾਂ ਸਿਹਤ, ਸਿੱਖਿਆ, ਚੰਗਾ ਵਾਤਾਵਰਨ ਮੁਹੱਈਆ ਕਰਨ ਲਈ ਉਨ੍ਹਾਂ ਵਲੋਂ ਨੀਤੀਆਂ ਨਿਰਧਾਰਤ ਕੀਤੀਆਂ ਗਈਆਂ ਹਨ।

ਆਓ ਵੇਖੀਏ ਮਨੁੱਖ ਦੀ ਮੁੱਖ ਲੋੜ ਸਿੱਖਿਆ ਦਾ ਸਫ਼ਰ ਭਾਰਤ ਦੇਸ਼ ’ਚ ਕਿੰਨਾ ਕੁ ਤਹਿ ਹੋਇਆ ਹੈ ਅਤੇ ਸਿਆਸੀ ਪਾਰਟੀਆਂ ਭਾਰਤੀਆਂ ਦੀ ਇਸ ਬੁਨਿਆਦੀ ਲੋੜ ਨੂੰ ਕਿੰਨੀ ਕੁ ਸੰਜੀਦਗੀ ਨਾਲ ਪੱਲੇ ਬੰਨ੍ਹੀਂ ਬੈਠੀਆਂ ਹਨ।

ਦੇਸ਼ ਵਿਚ ਫਿਲਹਾਲ ਲਗਭਗ 400 ਯੂਨੀਵਰਸਿਟੀਆਂ ਅਤੇ 20,000 ਉੱਚ ਸਿੱਖਿਆ ਦੇਣ ਵਾਲੀਆਂ ਸੰਸਥਾਵਾਂ ਹਨ। ਇਨ੍ਹਾਂ ਵਿਚ 7 ਲੱਖ ਤੋਂ ਜ਼ਿਆਦਾ ਕਾਲਜ/ਯੂਨੀਵਰਸਿਟੀਆਂ ਵਿਚ ਡੇਢ ਕਰੋੜ (ਇੱਕ ਕਰੋੜ 50 ਲੱਖ) ਤੋਂ ਜ਼ਿਆਦਾ ਵਿਦਿਆਰਥੀ ਸਿੱਖਿਆ ਪ੍ਰਾਪਤ ਕਰਦੇ ਹਨ। ਪਰ ਇਹ ਤੱਥ ਹੈਰਾਨੀ ਕਰਨ ਵਾਲਾ ਹੈ ਕਿ ਕੋਈ ਵੀ ਯੂਨੀਵਰਸਿਟੀ ਜਾਂ ਸਿੱਖਿਆ ਸੰਸਥਾ ਉਸ ਪੱਧਰ ਦੀ ਸਿੱਖਿਆ ਦੇਣ ਦੇ ਕਾਬਲ ਨਹੀਂ, ਜਿਸਦੇ ਕਾਰਨ ਉਸਨੂੰ ਦੁਨੀਆਂ ਦੇ ਅੱਵਲ ਇੱਕ ਸੌ ਯੂਨੀਵਰਸਿਟੀਆਂ ’ਚ ਸ਼ਾਮਲ ਕੀਤਾ ਜਾ ਸਕੇ। ਅੱਛੀ ਸਿੱਖਿਆ ਦੇਣ ਦੀ ਇਸ ਤੋਟ ਕਾਰਨ ਉੱਚੀ ਗੁਣਵੱਤਾ ਸਿੱਖਿਆ ਪ੍ਰਾਪਤ ਕਰਨ ਦੇ ਮੰਤਵ ਨਾਲ ਹਰ ਸਾਲ ਭਾਰਤ ਵਿੱਚੋਂ ਡੇਢ ਤੋਂ ਪੌਣੇ ਦੋ ਲੱਖ ਵਿਦਿਆਰਥੀ ਵਿਦੇਸ਼ਾਂ ’ਚ ਉੱਚ ਸਿੱਖਿਆ ਲਈ ਜਾਣ ਵਾਸਤੇ ਮਜਬੂਰ ਹਨ।

ਕੁਝ ਵਰ੍ਹੇ ਪਹਿਲਾਂ “ਐਸੋਚੈਮ” ਨੇ ਟਾਟਾ ਇੰਸਟੀਚੀਊਟ ਆਫ਼ ਸੋਸ਼ਲ ਸਾਇੰਸਿਜ਼ ਦੇ ਨਾਲ ਮਿਲਕੇ ਇੱਕ ਸਰਵੇਖਣ ਤਿਆਰ ਕੀਤਾ ਹੈ। ਉਸ ਵਿਚ ਦੱਸਿਆ ਗਿਆ ਹੈ ਕਿ ਭਾਰਤੀ ਮਾਪੇ ਹਰ ਸਾਲ ਆਪਣੇ ਬੱਚਿਆਂ ਦੀ ਸਿੱਖਿਆ ਉਤੇ ਛੇ ਤੋਂ ਸੱਤ ਅਰਬ ਡਾਲਰ ਖ਼ਰਚ ਕਰਦੇ ਹਨ। ਦੇਸ਼ ਦੀ ਉੱਚ ਸਿੱਖਿਆ ਦੀ ਵਿਦੇਸ਼ੀ ਯੂਨੀਵਰਸਿਟੀਆਂ ’ਤੇ ਨਿਰਭਰਤਾ, ਜਾਇਜ਼ ਨਹੀਂ ਹੈ। ਇਸ ਗੰਭੀਰ ਮਸਲੇ ਵੱਲ ਕਦੇ ਸਿਆਸੀ ਧਿਰਾਂ ਨੇ ਧਿਆਨ ਨਹੀਂ ਦਿੱਤਾ। ਉਲਟਾ ਉੱਚ ਸਿੱਖਿਆ ਖੇਤਰ ਨੂੰ ਸਮੇਂ-ਸਮੇਂ ਦੀਆਂ ਸਿਆਸੀ ਧਿਰਾਂ ਨੇ ਆਪਣੇ ਗਲੋਂ ਲਾਹੁਣ ਦਾ ਹੀ ਯਤਨ ਕੀਤਾ।

ਕੁਝ ਵਰ੍ਹੇ ਪਹਿਲਾਂ “ਐਸੋਚੈਮ” ਨੇ ਟਾਟਾ ਇੰਸਟੀਚੀਊਟ ਆਫ਼ ਸੋਸ਼ਲ ਸਾਇੰਸਿਜ਼ ਦੇ ਨਾਲ ਮਿਲਕੇ ਇੱਕ ਸਰਵੇਖਣ ਤਿਆਰ ਕੀਤਾ ਹੈ। ਉਸ ਵਿਚ ਦੱਸਿਆ ਗਿਆ ਹੈ ਕਿ ਭਾਰਤੀ ਮਾਪੇ ਹਰ ਸਾਲ ਆਪਣੇ ਬੱਚਿਆਂ ਦੀ ਸਿੱਖਿਆ ਉਤੇ ਛੇ ਤੋਂ ਸੱਤ ਅਰਬ ਡਾਲਰ ਖ਼ਰਚ ਕਰਦੇ ਹਨ। ਦੇਸ਼ ਦੀ ਉੱਚ ਸਿੱਖਿਆ ਦੀ ਵਿਦੇਸ਼ੀ ਯੂਨੀਵਰਸਿਟੀਆਂ ’ਤੇ ਨਿਰਭਰਤਾ, ਜਾਇਜ਼ ਨਹੀਂ ਹੈ। ਇਸ ਗੰਭੀਰ ਮਸਲੇ ਵੱਲ ਕਦੇ ਸਿਆਸੀ ਧਿਰਾਂ ਨੇ ਧਿਆਨ ਨਹੀਂ ਦਿੱਤਾ। ਉਲਟਾ ਉੱਚ ਸਿੱਖਿਆ ਖੇਤਰ ਨੂੰ ਸਮੇਂ-ਸਮੇਂ ਦੀਆਂ ਸਿਆਸੀ ਧਿਰਾਂ ਨੇ ਆਪਣੇ ਗਲੋਂ ਲਾਹੁਣ ਦਾ ਹੀ ਯਤਨ ਕੀਤਾ।

ਸਿੱਖਿਆ, ਉੱਚ ਸਿੱਖਿਆ ਨਾਲ ਜੜ੍ਹੋਂ ਜੁੜਿਆ ਇੱਕ ਮੁੱਦਾ ਭਾਸ਼ਾ ਦਾ ਹੈ। ਅਸੀਂ ਭਾਸ਼ਾਵਾਂ ਦੇ ਮਾਧਿਅਮ ਰਾਹੀਂ ਜਿਥੇ ਕੁਦਰਤੀ ਅਤੇ ਸਮਾਜਿਕ ਵਰਤਾਰਿਆਂ ਨਾਲ ਸਾਂਝ ਪਾਉਂਦੇ ਹਾਂ, ਉਥੇ ਭਾਸ਼ਾ ਹੀ ਮਾਧਿਆਮ ਹੈ, ਜਿਸ ਨਾਲ ਮਾਨਸਿਕ ਵਿਕਾਸ ਦਾ ਢਾਂਚਾ ਖੜ੍ਹਾ ਕਰਦੇ ਹਾਂ, ਕਿਉਂਕਿ ਇਸ ਵਿਕਾਸ ਦੇ ਨਾਲ ਹੀ ਸਾਡੀ ਭਾਸ਼ਾ ਜੁੜੀ ਹੁੰਦੀ ਹੈ। ਉਂਜ ਵੀ ਖੇਤਰੀ ਭਾਸ਼ਾਵਾਂ ਅਤੇ ਬੋਲੀਆਂ ਸਾਡਾ ਸੱਭਿਆਚਾਰਕ ਵਿਰਸਾ ਹਨ। ਸਾਲ 2011 ਦੀ ਮਰਦਮਸ਼ੁਮਾਰੀ ਅਨੁਸਾਰ ਦੇਸ਼ ਵਿਚ 121 ਬੋਲੀਆਂ ਅਤੇ 234 ਮਾਂ ਬੋਲੀਆਂ ਹਨ। ਇਨ੍ਹਾਂ ਵਿਚ ਉਹ ਬੋਲੀਆਂ ਸ਼ਾਮਲ ਨਹੀਂ ਹਨ, ਜਿਨ੍ਹਾਂ ਨੂੰ ਬੋਲਣ ਵਾਲਿਆਂ ਦੀ ਗਿਣਤੀ 10,000 ਤੋਂ ਘੱਟ ਹੈ। ਭਾਰਤ ਵਿਚ ਇਹ ਸਾਰੀਆਂ ਬੋਲੀਆਂ ਅਤੇ ਸਥਾਨਕ ਬੋਲੀਆਂ ਅੰਗਰੇਜ਼ੀ ਦੇ ਪ੍ਰਭਾਵ ਨਾਲ ਇਸ ਡਿਜ਼ੀਟਲ ਯੁੱਗ ’ਚ ਖ਼ਾਸ ਕਰਕੇ ਖ਼ਤਮ ਹੋ ਰਹੀਆਂ ਹਨ ਜਾਂ ਸੰਕਟ ਵਿਚ ਹਨ, ਕਿਉਂਕਿ ਅੰਗਰੇਜ਼ੀ ਭਾਸ਼ਾ ਵਪਾਰ, ਪ੍ਰਬੰਧਕੀ ਖੇਤਰ, ਮੈਡੀਕਲ, ਭੌਤਿਕੀ ਸਿੱਖਿਆ ਦਾ ਪ੍ਰਮੁੱਖ ਆਧਾਰ ਬਣਾਈ ਗਈ ਹੋਈ ਹੈ। ਜਦਕਿ ਨਵੇਂ ਭਾਰਤ ਦੀ ਸਿਰਜਨਾ ਲਈ ਮਾਂ ਬੋਲੀਆਂ ਦੇ ਪ੍ਰਚਲਣ ਅਤੇ ਪਾਠ ਪੁਸਤਕਾਂ, ਰੁਜ਼ਗਾਰ ਅਤੇ ਤਕਨੀਕ ਦੀ ਭਾਸ਼ਾ ਬਣਾਏ ਜਾਣ ਦੀ ਲੋੜ ਸੀ, ਪਰ ਸਾਡੀਆਂ ਸਿੱਖਿਆ ਨੀਤੀਆਂ ਬਨਾਉਣ ਵਾਲੇ ਹਾਕਮ ਇਸ ਮਸਲੇ ’ਚ ਚੁੱਪੀ ਵੱਟ ਕੇ ਬੈਠੇ ਰਹੇ। ਜਿਸ ਨਾਲ ਦੇਸ਼ ਦੀ ਨੌਜਵਾਨ ਪੀੜ੍ਹੀ ਦਾ ਮੋਹ ਆਪਣੀ ਬੋਲੀਆਂ ਤੋਂ ਭੰਗ ਹੋਇਆ ਅਤੇ ਕਈ ਹਾਲਤਾਂ ’ਚ ਉਹ ਆਪਣੀ ਬੋਲੀ ਕਾਰਨ ਹੀਣ ਭਾਵਨਾ ਦਾ ਸ਼ਿਕਾਰ ਵੀ ਹੋਏ।

ਸਿੱਖਿਆ ਦਾ ਮੂਲ ਮੰਤਵ ਮਾਨਸਿਕ ਵਿਕਾਸ, ਉਹ ਵੀ ਆਪਣੇ ਮਨ ਦੀ ਸਾਂਝ ਵਾਲੀ ਭਾਸ਼ਾ ਨਾਲ ਹੀ ਪੂਰਨ, ਸੰਤੁਲਿਤ ਅਤੇ ਸੁਖਾਵਾਂ ਹੋ ਸਕਦਾ ਹੈ, ਜਿਸ ਤੋਂ ਭਾਰਤੀ ਹਾਕਮਾਂ ਨੇ ਆਪਣੇ ਦੇਸ਼ ਵਾਸੀਆਂ ਨੂੰ ਵਿਰਵਾ ਰੱਖਿਆ ਅਤੇ ਉਨ੍ਹਾਂ ਸਾਹਵੇਂ ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਨੂੰ ਪਰੋਸਣ ਦਾ ਹੀ ਯਤਨ ਹੋਇਆ।

ਦੇਸ਼ ਦੇ ਨਾਗਰਿਕਾਂ ਲਈ ਦੇਸ਼ ਦਾ ਸੰਵਿਧਾਨ ਦੀ ਧਾਰਾ 14, ਮੁੱਢਲਾ ਅਧਿਕਾਰ ਹੈ। ਸੰਵਿਧਾਨ ’ਚ 86ਵੀਂ ਸੋਧ ਕਰਕੇ 21-ਏ ਧਾਰਾ ਜੋੜੀ ਗਈ, ਜਿਸ ਅਨੁਸਾਰ 6 ਤੋਂ 14 ਸਾਲ ਦੇ ਬੱਚਿਆਂ ਲਈ ਮੁਫ਼ਤ ਸਿੱਖਿਆ ਦਾ ਸਮਾਧਾਨ ਕੀਤਾ ਗਿਆ। ਸੁਪਰੀਮ ਕੋਰਟ ਅਨੁਸਾਰ “ਸਿੱਖਿਆ ਦਾ ਅਧਿਕਾਰ, ਸਾਡੀ ਜ਼ਿੰਦਗੀ ਦਾ ਅਧਿਕਾਰ ਹੈ”। ਤਦ ਵੀ ਦੇਸ਼ ਦੇ ਹਰ ਨਾਗਰਿਕ ਨੂੰ ਬਰਾਬਰ ਦੀ ਸਿੱਖਿਆ ਨਹੀਂ ਮਿਲ ਰਹੀ।

ਦੇਸ਼ ਵਿਚ 1968, 1986, 1992 ਅਤੇ 2020 ’ਚ ਸਿੱਖਿਆ ਨੀਤੀਆਂ ਘੜੀਆਂ ਗਈਆਂ। 2009 ’ਚ ਮੁੱਢਲਾ ਮੁਫ਼ਤ ਸਿੱਖਿਆ ਐਕਟ ਬਣਾਇਆ ਗਿਆ। ਕਈ ਸਿੱਖਿਆ ਕਮਿਸ਼ਨ ਬਣੇ। ਉੱਚ ਸਿੱਖਿਆ ਸੰਸਥਾਵਾਂ ਦਾ ਗਠਨ ਹੋਇਆ। ਕੇਂਦਰ ਅਤੇ ਸੂਬਾ ਸਰਕਾਰਾਂ ਵਲੋਂ ਸਿੱਖਿਆ ਪ੍ਰਦਾਨ ਕਰਨ ਦੇ ਵੱਡੇ ਦਾਅਵੇ ਵੀ ਹੋਏ। ਬਹੁਤੀਆਂ ਹਾਲਤਾਂ ’ਚ ਇਹ ਦਾਅਵੇ ਖੋਖਲੇ ਹਨ। ਪ੍ਰਾਇਮਰੀ ਸਿੱਖਿਆ ਅਧਿਆਪਕਾਂ ਦੀ ਪੂਰੀ ਨਿਯੁਕਤੀ ਨਹੀਂ, ਵੱਡੀ ਗਿਣਤੀ ’ਚ ਵਿਦਿਆਰਥੀ ਘਰੇਲੂ ਮਜਬੂਰੀਆਂ ਕਾਰਨ ਸਕੂਲ ਛੱਡ ਜਾਂਦੇ ਹਨ, ਲੜਕਿਆਂ ਦੇ ਮੁਕਾਬਲੇ ਲੜਕੀਆਂ ਦਾ ਸਕੂਲਾਂ ’ਚ ਬਰਾਬਰ ਦਾ ਦਾਖ਼ਲਾ ਸਮਾਜਿਕ ਕਾਰਨਾਂ ਕਾਰਨ ਨਹੀਂ ਹੋ ਰਿਹਾ।

ਦੇਸ਼ ਵਿਚ ਕੁੱਲ ਸਕੂਲਾਂ ਦੀ ਗਿਣਤੀ 15,11,802 ਹੈ, ਜਿਸ ਵਿਚੋਂ 9,23,296 ਸਰਕਾਰੀ ਖੇਤਰ 5,88506 ਪ੍ਰਾਈਵੇਟ ਖੇਤਰ ਵਿਚ ਹਨ। 2011 ਦੀ ਮਰਦਮਸ਼ੁਮਾਰੀ ਅਨੁਸਾਰ ਸਾਖਰਤਾ ਦਰ 77.7 ਹੈ, ਜਿਸ ਵਿਚੋਂ ਮਰਦਾਂ ਦੀ ਸਾਖਰਤਾ ਦਰ 84.6 ਅਤੇ ਔਰਤਾਂ ਦੀ 70.3 ਫ਼ੀਸਦੀ ਹੈ। ਭਾਵ 30 ਫ਼ੀਸਦੀ ਔਰਤਾਂ ਲੜਕੀਆਂ ਕੋਰੀਆਂ ਅਨਪੜ੍ਹ ਹਨ। ਪ੍ਰਾਇਮਰੀ ਸਕੂਲਾਂ ’ਚ 95 ਫੀਸਦੀ ਬੱਚੇ ਦਾਖ਼ਲ ਹੁੰਦੇ ਹਨ, ਜਿਹੜੇ ਸੈਕੰਡਰੀ ਪੱਧਰ ਤੱਕ 69 ਫ਼ੀਸਦੀ ਰਹਿ ਜਾਂਦੇ ਹਨ ਅਤੇ ਪੋਸਟ ਸੈਕੰਡਰੀ ਤੱਕ ਪੁੱਜਦਿਆਂ ਇਨ੍ਹਾਂ ਦੀ ਦਰ 25 ਫ਼ੀਸਦੀ ਰਹਿ ਜਾਂਦੀ ਹੈ।

ਅਸਲ ਵਿਚ ਦੇਸ਼ ਦੀ ਪ੍ਰਾਇਮਰੀ, ਸੈਕੰਡਰੀ ਸਿੱਖਿਆ ਤੋਂ ਲੈ ਕੇ ਉੱਚ ਸਿੱਖਿਆ ਦਾ ਦੇਸ਼ ਵਿਚ ਬੁਰਾ ਹਾਲ ਹੈ। ਹਾਕਮ ਧਿਰ ਨੇ, ਭਾਵੇਂ ਉਹ ਕੇਂਦਰ ਵਿਚ ਰਾਜ ਕਰਦੀ ਹੈ ਜਾਂ ਸੂਬਿਆਂ ਵਿਚ, ਸਿੱਖਿਆ ਨੂੰ ਸਰਕਾਰੀ ਫ਼ਰਜ਼ਾਂ ਤੋਂ ਦੂਰ ਕਰਕੇ ਨਿੱਜੀ ਹੱਥਾਂ ’ਚ ਦੇ ਦਿੱਤਾ ਹੈ, ਜਿਨ੍ਹਾਂ ਵਲੋਂ ਸਿੱਖਿਆ ਦਾ ਵਪਾਰੀਕਰਨ ਕਰ ਦਿੱਤਾ ਹੈ। ਦੇਸ਼ ਵਿਚ ਪਬਲਿਕ, ਮਾਡਲ ਸਕੂਲਾਂ ਦੀ ਭਰਮਾਰ ਹੋ ਗਈ ਹੈ। ਪ੍ਰਾਈਵੇਟ, ਪ੍ਰੋਫੈਸ਼ਨਲ ਯੂਨੀਵਰਸਿਟੀਆਂ, ਕਾਲਜ ਖੋਲ੍ਹ ਕੇ ਸਰਕਾਰਾਂ ਨੇ ਸਿੱਖਿਆ ਦੇ ਨਿੱਜੀਕਰਨ ਨੂੰ ਪ੍ਰਵਾਨ ਕਰ ਲਿਆ ਹੈ, ਜੋ ਮਿਠਾਈਆਂ ਵਾਂਗਰ ਨਵੇਂ ਸਿਲੇਬਸ, ਕੋਰਸ ਬਣਾਕੇ ਡਿਗਰੀਆਂ ਵੇਚ ਰਹੇ ਹਨ। ਉਨ੍ਹਾਂ ਉਤੇ ਕੋਈ ਰੋਕ ਵੀ ਨਹੀਂ। ਇਨ੍ਹਾਂ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਪ੍ਰਾਈਵੇਟ ਮੈਡੀਕਲ ਕਾਲਜਾਂ ਵਿਚ ਸਾਧਾਰਨ ਮਜ਼ਦੂਰ, ਕਿਸਾਨ ਪਰਿਵਾਰਾਂ ਦੇ ਬੱਚੇ ਸਿੱਖਿਆ ਪ੍ਰਾਪਤ ਨਹੀਂ ਕਰ ਸਕਦੇ, ਕਿਉਂਕਿ ਉਹ ਸਾਧਨ ਵਿਹੂਣੇ ਹਨ। ਇੰਜ ਸਾਰਿਆਂ ਲਈ ਬਰਾਬਰ ਦੀ ਸਿੱਖਿਆ ਦਾ ਤਾਂ ਜਿਵੇਂ ਦਿਵਾਲਾ ਹੀ ਨਿਕਲ ਗਿਆ ਹੈ। ਵੈਸੇ ਵੀ 2020 ਦੀ ਨਵੀਂ ਸਰਕਾਰ ਦੀ ਸਿੱਖਿਆ ਨੀਤੀ ਨੇ ਸਿੱਖਿਆ ਦੇ ਨਿੱਜੀਕਰਨ, ਵਪਾਰੀਕਰਨ ਨੂੰ ਉਤਸ਼ਾਹਿਤ ਕਰਦਿਆਂ ਵਿਸ਼ਵ ਦੀਆਂ ਯੂਨੀਵਰਸਿਟੀਆਂ ਨੂੰ ਆਪਣੇ ਕੈਂਪਸ ਭਾਰਤ ’ਚ ਖੋਲ੍ਹਣ ਦੀ ਖੁੱਲ੍ਹ ਦੇ ਕੇ ਵਿਦਿਆਰਥੀਆਂ ਦੀ ਲੁੱਟ ਦਾ ਰਾਹ ਪੱਧਰਾ ਕਰ ਦਿੱਤਾ ਹੈ। ਜ਼ਰਾ ਕੁ ਕਿਆਸ ਕਰੋ ਕਿ ਇਨ੍ਹਾਂ ਵਿਸ਼ਵ ਪੱਧਰੀ ਯੂਨੀਵਰਸਿਟੀਆਂ ’ਚ ਕਿਹੜੇ ਵਿਦਿਆਰਥੀ ਦਾਖ਼ਲਾ ਲੈਣਗੇ?

ਪਿਛਲੇ ਬਜ਼ਟ ਵਿਚ ਸਿੱਖਿਆ ਲਈ ਬਹੁਤੀਆਂ ਸੂਬਾ ਸਰਕਾਰਾਂ ਆਪਣੀ ਆਮਦਨ ਦਾ 2.5 ਫ਼ੀਸਦੀ ਤੋਂ 3.1 ਫ਼ੀਸਦੀ ਤੱਕ ਰੱਖਦੀਆਂ ਹਨ। ਭਾਰਤ ਸਰਕਾਰ ਵਲੋਂ ਵੀ ਕੁੱਲ ਜੀ.ਡੀ.ਪੀ. ਦਾ 2.9 ਫ਼ੀਸਦੀ ਅਨੁਮਾਨਤ ਖ਼ਰਚਾ ਸਿੱਖਿਆ ਲਈ ਮਿਥਿਆ ਗਿਆ ਹੈ। ਭਾਰਤ ਵਰਗੇ ਮੁਲਕ ਲਈ ਇਹ ਖ਼ਰਚ ਕਿਸੇ ਵੀ ਹਾਲਤ ਵਿਚ ਵਾਜਬ ਨਹੀਂ ਗਿਣਿਆ ਜਾ ਸਕਦਾ, ਕਿਉਂਕਿ 100 ਫੀਸਦੀ ਸਾਖਰਤਾ ਦਰ ਅਸੀਂ ਪ੍ਰਾਪਤ ਨਹੀਂ ਕਰ ਸਕੇ। ਸਕੂਲੋਂ ਭੱਜਣ ਵਾਲੇ ਵਿਦਿਆਰਥੀਆਂ ਨੂੰ ਮੁੜ ਸਕੂਲਾਂ ’ਚ ਲਿਆਉਣ ਦਾ ਚੈਲਿੰਜ ਵੀ ਸਾਡੇ ਸਾਹਮਣੇ ਹੈ। ਉੱਚ ਸਿੱਖਿਆ ’ਚ ਜਾਣ ਵਾਲੇ ਉਤਸ਼ਾਹੀ ਵਿਦਿਆਰਥੀਆਂ ਦੀ ਗਿਣਤੀ, ਉਨ੍ਹਾਂ ਦੇ ਪਰਿਵਾਰਾਂ ਦੀ ਮਾਇਕ ਸਾਧਨਾਂ ਦੀ ਘਾਟ ਕਾਰਨ ਘੱਟ ਰਹੀ ਹੈ। ਪਰ ਮੌਜੂਦਾ ਸਮੇਂ ਇਹ ਹਾਕਮਾਂ ਦੀ ਚਿੰਤਾ ਨਹੀਂ ਹੈ।

ਅੱਜ ਜਦੋਂ ਅਰਥ ਸ਼ਾਸ਼ਤਰ ਦੇ ਨੋਬਲ ਪੁਰਸਕਾਰ ਜੇਤੂ ਅਮਰਤਿਆ ਸੇਨ ਕਹਿੰਦੇ ਹਨ ਕਿ ਭਾਰਤ ਨੂੰ ਬੇਹਤਰ ਸਿੱਖਿਆ ਤੇ ਸਿਹਤ ਸੇਵਾ ’ਤੇ ਧਿਆਨ ਕਰਨ ਦੀ ਲੋੜ ਹੈ, ਤਾਂ ਸਿਆਸੀ ਨੇਤਾ, ਹਾਕਮ ਇਸ ਸਬੰਧੀ ਚੁੱਪੀ ਵੱਟ ਕੇ ਬੈਠੇ ਹਨ।

ਜਾਪਦਾ ਹੈ ਸਿਆਸੀ ਧਿਰਾਂ ਇਸ ਸੂਖ਼ਮ ਪਰ ਅਹਿਮ ਮਨੁੱਖੀ ਲੋੜ, ਸਿੱਖਿਆ ਦੇ ਮੁੱਦੇ ਨੂੰ ਤਿਲਾਂਜਲੀ ਦੇ ਕੇ ਵੋਟਾਂ ਹਥਿਆਉਣ ਲਈ ਇਹੋ ਜਿਹਾ ਬਿਰਤਾਂਤ ਸਿਰਜ ਰਹੀਆਂ ਹਨ, ਜਿਹੜਾ ਉਨ੍ਹਾਂ ਨੂੰ “ਰਾਜੇ” ਬਨਣ ਲਈ ਰਾਸ ਆਉਂਦਾ ਹੈ।

ਉਂਜ ਵੀ ਨੇਤਾ ਲੋਕ ਦੇਸ਼ ਦੀ ਜਨਤਾ ਨੂੰ ਪੜ੍ਹਿਆ-ਲਿਖਿਆ ਨਹੀਂ ਵੇਖਣਾ ਚਾਹੁਣਗੇ, ਕਿਉਂਕਿ ਪੜ੍ਹੇ-ਲਿਖੇ ਲੋਕ ਸਵਾਲ ਕਰਨਗੇ ਤੇ ਆਪਣੇ ਹੱਕ ਮੰਗਣਗੇ, ਹਾਕਮਾਂ ਦੀ ਥਾਂ ਲੈਣ ਦੀ ਖਾਹਿਸ਼ ਪਾਲਣਗੇ। ਤਦ ਇਹ ਸਭ ਕੁਝ ਸਿਆਸੀ ਲੋਕਾਂ ਦੀ ਸੋਚ ਨੂੰ ਪ੍ਰੇਸ਼ਾਨ ਕਰੇਗਾ।



# ਜ਼ਹਿਰੀਲਾ ਮਾਰੂਥਲ ਬਣਨ ਵੱਲ ਵਧ ਰਿਹਾ ਪੰਜਾਬ

## ਆਓ ਆਪਣੇ ਆਪ ਨੂੰ ਸਵਾਲ ਕਰੀਏ ਕਿ ਜੇਕਰ ਧਰਤੀ ਹੇਠਲਾ ਪਾਣੀ ਮੁੱਕ ਗਿਆ ਤਾਂ...


ਮਨਜਿੰਦਰ ਸਿੰਘ ਸਰੌਦ
94634-63136
(Punjab Mail USA)






ਅੱਜ ਪੰਜਾਬ ਦੀ ਧਰਤੀ ਹੇਠਲੇ ਪਾਣੀ ਦੀ ਤਰਸਯੋਗ ਹਾਲਤ ਨੂੰ ਵੇਖ ਕੇ ਕਈ ਵਰ੍ਹੇ ਪਹਿਲਾਂ ਵਾਤਾਵਰਨ ਸਬੰਧੀ ਚਿੰਤਨ ਕਰਨ ਵਾਲੀਆਂ ਕੁਝ ਅਹਿਮ ਸ਼ਖਸੀਅਤਾਂ ਵਲੋਂ ਮੇਰੇ ਨਾਲ ਸਾਂਝੇ ਕੀਤੇ ਕੁਝ 'ਦਰਦ ਰੂਪੀ ਨੁਕਤੇ' ਜੋ ਧਰਤੀ ਹੇਠਲੇ ਘੱਟ ਰਹੇ ਪਾਣੀ ਦੇ ਪੱਧਰ ਨੂੰ ਲੈ ਕੇ ਸਨ, ਅੱਜ ਵੀ ਵਰ੍ਹਿਆਂ ਬਾਅਦ ਮੇਰੇ ਜ਼ਿਹਨ 'ਤੇ ਆ ਕੇ ਤੈਰ ਰਹੇ ਹਨ। ਮੇਰੇ ਨਾਲ ਗੱਲਬਾਤ ਦੌਰਾਨ ਸਾਂਝੇ ਕੀਤੇ ਨੁਕਤਿਆਂ ਤੋਂ ਇਲਾਵਾ ਉਨ੍ਹਾਂ ਵੱਲੋਂ ਸਮਾਜ ਵਿਚ ਪਨਪ ਰਹੀਆਂ ਮਾੜੀਆਂ ਅਲਾਮਤਾਂ ਅਤੇ ਸਮਾਜ ਦੀ ਬਦਲ ਰਹੀ ਦਿਸ਼ਾ ਅਤੇ ਦਸ਼ਾ ਨੂੰ ਬਿਆਨ ਕਰਦਿਆਂ ਆਖਿਆ ਸੀ ਕਿ ਆਓ ਅਸੀਂ ਸਾਰੇ ਆਪਣੇ ਆਪ ਨੂੰ ਇੱਕ ਸਵਾਲ ਕਰੀਏ ਕਿ ਜੇਕਰ ਧਰਤੀ ਹੇਠਲਾ ਪਾਣੀ ਮੁੱਕ ਗਿਆ, ਤਾਂ ਮਨੁੱਖੀ ਜੀਵਨ ਦਾ ਆਖ਼ਰ ਬਣੇਗਾ ਕੀ। ਉਨ੍ਹਾਂ ਅਹਿਮ ਸਾਹਿਤਕ ਹਸਤੀਆਂ ਵੱਲੋਂ ਪੰਜਾਬ ਦੀ ਆਉਣ ਵਾਲੀ ਭਵਿੱਖੀ ਦਾਸਤਾਨ ਨੂੰ ਬਿਆਨ ਕਰਦਿਆਂ ਇਕ ਵੱਡਾ ਸੱਚ ਚਿਤਵਿਆ ਸੀ। ਉਨ੍ਹਾਂ ਦਾ ਪੰਜਾਬ ਪ੍ਰਤੀ ਦਰਦ ਅੱਜ ਧਰਤੀ ਹੇਠਲੇ ਪਾਣੀ ਦੀ ਹਾਲਤ ਨੂੰ ਵੇਖ ਕੇ ਇਸ ਸਾਰੇ ਵਰਤਾਰੇ ਵਿਚੋਂ ਬਾਖ਼ੂਬੀ ਝਲਕਦਾ ਹੈ।

ਧਰਤੀ ਹੇਠਲੇ ਪਾਣੀ ਨੂੰ ਬਚਾਉਣ ਦੇ ਲਈ ਵੀ ਅਹਿਮ ਅਤੇ ਸਖ਼ਤ ਫ਼ੈਸਲੇ ਲੈਣ ਦੀ ਲੋੜ ਹੈ। ਭਾਰਤ ਦੇ ਮੱਧ ਪ੍ਰਦੇਸ਼, ਰਾਜਸਥਾਨ, ਗੁਜਰਾਤ ਅਤੇ ਮਹਾਰਾਸ਼ਟਰ ਸਮੇਤ ਕਈ ਸੂਬਿਆਂ ਅੰਦਰ ਪਾਣੀ ਦੀ ਕਿੱਲਤ ਨੂੰ ਲੈ ਕੇ ਹੈਰਾਨੀਜਨਕ ਤੱਥ ਸਾਹਮਣੇ ਆਉਂਦੇ ਹਨ। ਮੱਧ ਪ੍ਰਦੇਸ਼ ਦਾ ਇਕ ਦੂਰ-ਦੁਰਾਡੇ ਦਾ ਪਛੜਿਆ ਹੋਇਆ ਇਲਾਕਾ ਅਜਿਹਾ ਵੀ ਹੈ, ਜਿੱਥੇ ਪਾਣੀ ਵਾਲੀ ਗੱਡੀ ਨੂੰ ਲੈ ਕੇ ਉਸ ਦਾ ਢੋਲ ਢਮੱਕੇ ਨਾਲ ਸਵਾਗਤ ਕੀਤਾ ਜਾਂਦਾ ਹੈ ਅਤੇ ਕਈ ਵਾਰ ਗੱਲ ਲੜਾਈ ਝਗੜਿਆਂ ਤੱਕ ਵੀ ਪਹੁੰਚ ਜਾਂਦੀ ਹੈ। ਸੋਚ ਕੇ ਹੀ ਰੂਹ ਕੰਬ ਜਾਂਦੀ ਹੈ ਕਿ ਮੌਜੂਦਾ ਸਮੇਂ ਪੰਜਾਬ ਅੰਦਰ ਤਾਪਮਾਨ 35 ਡਿਗਰੀ ਦੇ ਕਰੀਬ ਪਹੁੰਚ ਚੁੱਕਿਆ ਹੈ ਅਤੇ ਧਰਤੀ ਹੇਠਲਾ ਪਾਣੀ 150 ਫੁੱਟ ਤੋਂ ਜ਼ਿਆਦਾ ਹੇਠਾਂ ਵੱਲ ਚਲਿਆ ਗਿਆ। ਸਿਤਮ ਦੀ ਗੱਲ ਹੈ ਕਿ ਪਾਣੀ ਨੂੰ ਬਚਾਉਣ ਦੇ ਲਈ ਸਾਡੀ ਅਤੇ ਸਰਕਾਰਾਂ ਦੀ ਕਾਰਗੁਜ਼ਾਰੀ ਸਿਫ਼ਰ ਹੈ। ਸਰਕਾਰਾਂ ਸਿਰਫ਼ ਵੋਟਾਂ ਦੇ ਜਾਲ ਵਿਚ ਉਲਝ ਕੇ ਰਹਿ ਚੁੱਕੀਆਂ ਹਨ ਤੇ ਅਸੀਂ ਨਿੱਜ ਪ੍ਰਸਤੀ ਦੇ ਅਲਜ਼ਬਰੇ ਵਿਚ ਫਸ ਚੁੱਕੇ ਹਾਂ। ਇੱਕ ਰਿਪੋਰਟ ਮੁਤਾਬਕ ਬਦਲੇ ਹਾਲਾਤਾਂ ਦੇ ਚੱਲਦਿਆਂ ਅਸੀਂ ਲਗਪਗ ਲੰਘੇ 60 ਸਾਲਾਂ ਦੌਰਾਨ 100 ਫੁੱਟ ਤੋਂ ਜ਼ਿਆਦਾ ਪਾਣੀ ਖ਼ਤਮ ਕਰ ਦਿੱਤਾ ਹੈ ਅਤੇ ਸਿਰਫ਼ ਕੁਝ ਸਾਲਾਂ ਦਾ ਪਾਣੀ ਬਾਕੀ ਬਚਿਆ ਹੈ।

ਮੁਫ਼ਤ ਬਿਜਲੀ, ਪਾਣੀ ਨੇ ਸੂਬੇ ਦਾ ਸੱਤਿਆਨਾਸ ਕਰ ਦਿੱਤਾ ਹੈ। ਖੇਤਾਂ ਅੰਦਰ ਬੇ-ਸਮਝੀਵਸ ਧਰਤੀ ਦੀ ਹਿੱਕ ਨੂੰ ਠਾਰਨ ਦੇ ਲਈ 3-3 ਇੰਚੀ ਪਾਇਪਾਂ ਰਾਹੀਂ ਅੰਮ੍ਰਿਤ ਵਰਗਾ ਪਾਣੀ ਬਾਹਰ ਕੱਢ ਕੇ ਸੁੱਟਿਆ ਜਾ ਰਿਹਾ ਹੈ। ਬਾਰਸ਼ ਦੀ ਕਿਸੇ ਵੱਲੋਂ ਉਡੀਕ ਨਹੀਂ ਕੀਤੀ ਜਾ ਰਹੀ, ਧੜਾਧੜ ਮੋਟਰਾਂ ਚੱਲ ਰਹੀਆਂ ਹਨ। ਲੰਘੇ ਵਰ੍ਹੇ ਸਰਕਾਰ ਵੱਲੋਂ 18 ਜੂਨ ਤੋਂ ਝੋਨਾ ਲਗਾਉਣ ਦੀ ਹਦਾਇਤ ਦਾ ਕਿਸਾਨ ਯੂਨੀਅਨ ਵੱਲੋਂ ਡੱਟਵਾਂ ਵਿਰੋਧ ਕੀਤਾ ਗਿਆ। ਵੱਡੀਆਂ-ਵੱਡੀਆਂ ਫੈਕਟਰੀਆਂ ਅੰਦਰ ਟਨਾਂ ਦੇ ਹਿਸਾਬ ਨਾਲ ਪਾਣੀ ਧਰਤੀ ਦੀ ਹਿੱਕ ਨੂੰ ਪਾੜ ਕੇ ਜ਼ਹਿਰ ਵਿਚ ਤਬਦੀਲ ਕੀਤਾ ਜਾ ਰਿਹਾ ਹੈ। ਕਈ ਪੈਸੇ ਦੇ ਪੁੱਤਰਾਂ ਵੱਲੋਂ ਚੰਦ ਛਿੱਲੜਾਂ ਖ਼ਾਤਰ ਜ਼ਹਿਰੀਲੇ ਕੈਮੀਕਲਾਂ ਨੂੰ ਬੋਰ ਕਰਕੇ ਧਰਤੀ ਅੰਦਰ ਪਹੁੰਚਦਾ ਕਰਨ ਨੂੰ ਆਪਣੀ ਚਲਾਕੀ ਮੰਨਿਆ ਜਾ ਰਿਹਾ ਹੈ। ਸਾਰੇ ਵਰਤਾਰੇ ਦੌਰਾਨ ਪਸ਼ੂਆਂ ਦੇ ਫਾਰਮਾਂ ਵਾਲਿਆਂ ਦੇ ਨਾਲ-ਨਾਲ ਕਾਰਾਂ, ਗੱਡੀਆਂ ਵਾਲੇ ਵੀਰ ਵੀ ਪਿੱਛੇ ਨਹੀਂ, ਉਨ੍ਹਾਂ ਵੱਲੋਂ ਵੀ ਇੰਚੀ ਦੇ ਪਾਈਪਾਂ ਰਾਹੀਂ ਗੱਡੀਆਂ ਤੇ ਫਰਸ਼ ਤੋਂ ਗੋਹੇ ਨੂੰ ਪਾਣੀ ਦੇ ਨਾਲ ਧੋਣ ਦੀ ਗੱਲ ਆਮ ਹੋ ਚੁੱਕੀ ਹੈ। ਫਲੱਸ਼ਾਂ ਰਾਹੀਂ ਰੋਜ਼ਾਨਾ ਕਰੋੜਾਂ ਲੀਟਰ ਪਾਣੀ ਪਿੰਡਾਂ ਦੀਆਂ ਨਾਲੀਆਂ ਵਿਚੋਂ ਦੀ ਹੁੰਦਾ ਹੋਇਆ ਪਿੰਡਾਂ ਦੇ ਛੱਪੜਾਂ ਵਿਚ ਪਹੁੰਚ ਰਿਹਾ ਹੈ ਅਤੇ ਛੱਪੜ ਨੱਕੋ-ਨੱਕ ਭਰ ਚੁੱਕੇ ਹਨ। ਪਿੰਡਾਂ ਅਤੇ ਸ਼ਹਿਰਾਂ ਦੇ ਚੌਕ, ਚੁਰਾਹਿਆਂ ਅਤੇ ਸਰਕਾਰੀ ਇਮਾਰਤਾਂ ਵਿਚ ਲੱਗੀਆਂ ਟੂਟੀਆਂ ਤੇ ਮੋਟਰਾਂ ਨੇ ਵੀ ਪਾਣੀ ਦੇ ਨਾਲ ਆਪਣੀ ਚੰਗੀ ਦੁਸ਼ਮਣੀ ਕੱਢੀ ਹੈ, ਜੋ ਅੱਜ ਵੀ ਜਾਰੀ ਹੈ। ਇਨ੍ਹਾਂ ਉਦਾਹਰਨਾਂ ਤੋਂ ਬਿਨਾਂ ਪਾਣੀ ਦੀ ਬਰਬਾਦੀ ਦੇ ਲਈ ਬਹੁਤ ਤੱਥ ਅਜਿਹੇ ਹਨ, ਜਿਨ੍ਹਾਂ ਨੂੰ ਸੁਣ ਕੇ ਇਨਸਾਨ ਦੀ ਰੂਹ ਤੱਕ ਕੰਬ ਜਾਂਦੀ ਹੈ। ਮੈਨੂੰ ਨਹੀਂ ਲੱਗਦਾ ਕਿ ਸਾਡੇ ਇਸ ਹੱਦ ਤੱਕ ਪਾਣੀ ਦੇ ਦੁਸ਼ਮਣ ਬਣਨ ਦੇ ਬਾਅਦ ਆਉਣ ਵਾਲੀਆਂ ਨਸਲਾਂ ਲਈ ਪਾਣੀ ਦਾ ਕੋਈ ਤੁਪਕਾ ਬਚ ਸਕੇਗਾ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਦੌਰਾਨ ਇਹ ਸਭ ਕੁਝ ਅਸੀਂ ਤਾਂ ਕਰ ਰਹੇ ਹਾਂ, ਜੇਕਰ ਸਾਡੇ ਕੋਲ ਅੱਜ ਪਾਣੀ ਹੈ। ਜੇਕਰ ਕੱਲ੍ਹ ਨੂੰ ਸਾਡੇ ਕੋਲ ਪਾਣੀ ਹੀ ਨਾ ਰਿਹਾ, ਤਾਂ ਅਸੀਂ ਇਹ ਗੱਲਾਂਬਾਤਾਂ ਤਾਂ ਦੂਰ ਦੀ ਗੱਲ, ਜ਼ਿੰਦਗੀ ਕਿਵੇਂ ਜਿਉਂ ਸਕਾਂਗੇ, ਇਹ ਇੱਕ ਵੱਡਾ ਸਵਾਲ ਹੈ। ਕੀ ਇਸ ਧਰਤੀ 'ਤੇ ਪਾਣੀ ਬਿਨਾਂ ਜ਼ਿੰਦਗੀ ਸੰਭਵ ਹੈ, ਸ਼ਾਇਦ ਇਸ ਦਾ ਉੱਤਰ ਨਾਂਹ ਵਿਚ ਮਿਲੇਗਾ ਪਰ ਸਮਝਣ ਨੂੰ ਕੋਈ ਵੀ ਤਿਆਰ ਨਹੀਂ। ਵਧੀਆ ਕਦਮ ਹੋਵੇਗਾ ਕਿ ਸਰਕਾਰ ਅਤੇ ਕਿਸਾਨ ਝੋਨੇ ਦੇ ਬੀਜ ਬਦਲ ਲੈਣ, ਪਾਣੀ ਪ੍ਰਤੀ ਹਰ ਇਨਸਾਨ ਆਪਣੀ ਜ਼ਿੰਮੇਵਾਰੀ ਸਮਝ ਕੇ ਇਸ ਦੀ ਦੁਰਵਰਤੋਂ ਨਾ ਕਰੇ। ਜੇਕਰ ਧਰਤੀ 'ਤੇ ਪਾਣੀ ਹੀ ਨਾ ਰਿਹਾ, ਤਾਂ ਫੈਕਟਰੀਆਂ ਕਿਵੇਂ ਚੱਲਣਗੀਆਂ। ਫਿਰ ਪਸ਼ੂਆਂ ਦੇ ਗੋਹੇ ਅਤੇ ਫਲੱਸ਼ਾਂ ਦਾ ਕੀ ਕਰਾਂਗੇ। ਕੀ ਕਾਰਾਂ, ਗੱਡੀਆਂ ਨੂੰ ਧੋਣ ਲਈ ਪਾਣੀ ਮਿਲ ਸਕੇਗਾ। ਖੇਤੀ ਕਿਵੇਂ ਹੋਵੇਗੀ। ਪਾਣੀ ਬਿਨਾਂ ਜ਼ਿੰਦਗੀ ਕਿਵੇਂ ਕੱਢਾਂਗੇ ਤੇ ਆਉਣ ਵਾਲੀਆਂ ਨਸਲਾਂ ਨੂੰ ਜਵਾਬ ਕੌਣ ਦੇਵੇਗਾ। ਭਾਵੇਂ ਇਹ ਸਵਾਲ ਬਹੁਤ ਵੱਡੇ ਹਨ, ਇਨ੍ਹਾਂ ਸਵਾਲਾਂ ਦਾ ਜਵਾਬ ਦੇਣ ਨੂੰ ਕੋਈ ਵੀ ਤਿਆਰ ਨਹੀਂ। ਜੇਕਰ ਪਾਣੀ ਦੀ ਅਸਲ ਕੀਮਤ ਪਤਾ ਕਰਨੀ ਹੈ, ਤਾਂ ਰਾਜਸਥਾਨ ਦੇ 'ਕਾਤਲ ਟਿੱਬਿਆਂ' ਵਿਚ ਦੁਪਹਿਰ ਸਮੇਂ ਇਕ ਗੇੜਾ ਜ਼ਰੂਰ ਮਾਰ ਆਓ, ਤੁਹਾਨੂੰ ਪਾਣੀ ਦੀ ਕੀਮਤ ਦਾ ਅੰਦਾਜ਼ਾ ਆਪ ਹੀ ਲੱਗ ਜਾਵੇਗਾ। ਆਉ ਆਪਣੇ ਆਪ ਨੂੰ ਸਵਾਲ ਕਰੀਏ ਕਿ ਜੇਕਰ ਪਾਣੀ ਹੀ ਨਾ ਰਿਹਾ ਤਾਂ ਬਾਅਦ ਵਿਚ ਕੀ ਕਰਾਂਗੇ। ਚੰਗਾ ਹੋਵੇਗਾ ਜੇਕਰ ਸਰਕਾਰ, ਸਮਾਜ ਸੇਵੀ ਜਥੇਬੰਦੀਆਂ, ਕਿਸਾਨ ਭਾਈਚਾਰਾ ਸਮਾਂ ਰਹਿੰਦਿਆਂ ਸਿਰ ਜੋੜ ਕੇ ਇਸ ਅਹਿਮ ਮਸਲੇ 'ਤੇ ਵਿਚਾਰ ਕਰਨ ਤੋਂ ਬਾਅਦ ਫ਼ੈਸਲਾ ਲੈਣ, ਜੋ ਅੱਜ ਦੇ ਸਮੇਂ ਦੀ ਵੱਡੀ ਲੋੜ ਹੈ।

# ਮਾਪੇ ਬੱਚਿਆਂ ਲਈ ਫ਼ਿਲਮੀ ਜਿਲਦਾਂ ਵਾਲੀਆਂ ਕਾਪੀਆਂ ਬਿਲਕੁਲ ਨਾ ਖਰੀਦਣ

## ਵਿਦਿਆਰਥੀਆਂ ਦਾ ਮਨ ਪੜ੍ਹਾਈ 'ਚ ਨਹੀਂ ਲੱਗਣ ਦਿੰਦੀਆਂ ਕਾਪੀਆਂ 'ਤੇ ਛਪੀਆਂ ਫਿਲਮੀ ਜਿਲਦਾਂ


ਪ੍ਰਮੋਦ ਧੀਰ
ਜੈਤੋ
ਕੰਪਿਊਟਰ ਅਧਿਆਪਕ, ਸਰਕਾਰੀ ਹਾਈ ਸਕੂਲ,ਢੈਪਈ (ਫਰੀਦਕੋਟ)
98550-31081
(Punjab Mail USA)







ਬਾਜ਼ਾਰ ਵਿਚ ਵਿੱਕ ਰਹੀਆਂ ਕਾਪੀਆਂ ਦੀਆਂ ਜਿਲਦਾਂ ਦੇ ਪੋਸਟਰ।

ਵਿਦਿਆਰਥੀਆਂ ਲਈ ਸਕੂਲੀ ਪਾਠਕ੍ਰਮ ਦੀਆਂ ਕਾਪੀਆਂ 'ਤੇ 'ਆਦਰਸ਼' ਦੀ ਥਾਂ 'ਅਨੈਤਿਕਤਾ' ਪਰੋਸੀ ਜਾ ਰਹੀ ਹੈ। 'ਵਿਦਿਆ ਵਿਚਾਰੀ ਤਾਂ ਪਰਉਪਕਾਰੀ' ਦਾ ਨਾਅਰਾ ਤਾਂ ਭਾਵੇਂ ਸਕੂਲਾਂ ਦੇ ਮੁੱਖ ਗੇਟਾਂ 'ਤੇ ਲਿਖਿਆ ਮਿਲਦਾ ਹੈ ਪਰ ਇਨ੍ਹਾਂ ਵਿਚ ਪੜ੍ਹਦੇ ਬੱਚਿਆਂ ਦੇ ਬਸਤਿਆਂ ਵਿਚ ਜੋ ਕਾਪੀਆਂ (ਨੋਟ ਬੁੱਕਸ) ਹੁੰਦੀਆਂ ਹਨ, ਉਨ੍ਹਾਂ ਦੀਆਂ ਜਿਲਦਾਂ 'ਤੇ ਫਿਲਮੀ ਐਕਟਰਾਂ, ਐਕਟਰਸਾਂ, ਗਾਇਕਾਂ, ਮਾਡਲਾਂ, ਖਿਡਾਰੀਆਂ, ਫਿਲਮਾਂ ਆਦਿ ਦੀਆਂ ਫੋਟੋ ਛਪੀਆਂ ਹੁੰਦੀਆਂ ਹਨ, ਜੋ ਵਿਦਿਆਰਥੀਆਂ ਦਾ ਮਨ ਪੜ੍ਹਾਈ 'ਚ ਇਕਾਗਰ ਨਹੀਂ ਹੋਣ ਦਿੰਦੀਆਂ। ਉਨ੍ਹਾਂ ਦੀਆਂ ਜਿਲਦਾਂ 'ਤੇ 'ਸਰਦਾਰਾ ਮੇਰੀ ਕਾਲੀ ਗੁੱਤ ਨੇ ਡੰਗ ਸੱਪਾਂ ਨੂੰ ਸਿਖਾਏ ਹੋਏ ਨੇ', 'ਸਾਨੂੰ ਬੱਲੀਏ ਨੀਂ ਦੇਖ-ਦੇਖ ਕੇ ਸਿੱਖੇ ਸ਼ੇਰਾਂ ਨੇ ਸ਼ਿਕਾਰ ਕਰਨੇ' ਅਤੇ 'ਘੁੰਮਣ ਘੁਮਾਉਣ ਨੂੰ ਤਾਂ ਥਾਰ ਰੱਖੀ ਐ, ਬੁਲਟ ਤਾਂ ਰੱਖਿਐ ਪਟਾਕੇ ਪਾਉਣ ਨੂੰ' ਜਿਹੇ ਗੀਤਾਂ ਦੇ ਗਾਇਕਾਂ ਦੀਆਂ ਤਸਵੀਰਾਂ ਛਪੀਆਂ ਹੁੰਦੀਆਂ ਹਨ। ਕਾਪੀਆਂ ਦੀਆਂ ਜਿਲਦਾਂ 'ਤੇ ਗੀਤਾਂ ਦੇ ਮੁਖੜੇ ਅਤੇ ਸਿਰਲੇਖ ਵੀ ਲਿਖੇ ਹੁੰਦੇ ਹਨ। ਇਨ੍ਹਾਂ ਕਾਪੀਆਂ ਨੂੰ ਆਕਰਸ਼ਕ ਬਣਾਉਣ ਲਈ ਵੱਧ ਤੋਂ ਵੱਧ ਰੰਗ-ਬਿਰੰਗਾ ਅਤੇ ਭੜਕੀਲਾ ਕੀਤਾ ਜਾਂਦਾ ਹੈ। ਇਨ੍ਹਾਂ ਕਾਪੀਆਂ ਨੂੰ ਦੇਖਕੇ ਪਹਿਲੀ ਨਜ਼ਰੇ ਇਹ ਪਹਿਚਾਨਣਾ ਔਖਾ ਹੋ ਜਾਂਦਾ ਹੈ ਕਿ ਇਹ ਸਕੂਲੀ ਪਾਠਕ੍ਰਮ ਦੀਆਂ ਕਾਪੀਆਂ ਹਨ ਜਾਂ ਕਿਸੇ ਫਿਲਮ ਅਤੇ ਗੀਤਾਂ ਵਾਲੀ ਸੀ.ਡੀ. ਦਾ ਕਵਰ ਪੇਜ਼ ਹੈ। ਮਨੋਵਿਸ਼ਲੇਸ਼ਕਾਂ ਅਨੁਸਾਰ ਸਕੂਲੀ ਕਾਪੀਆਂ ਦਾ ਇਹ 'ਰੂਪ' ਨਾ ਸਿਰਫ ਬਾਲ ਮਨਾਂ ਦੀ 'ਮਨੋਦਿਸ਼ਾ' ਅਤੇ 'ਮਨੋਦਸ਼ਾ' ਨੂੰ ਹੀ ਵਿਗਾੜਦਾ ਹੈ, ਸਗੋਂ ਸਕੂਲਾਂ ਅਤੇ ਘਰਾਂ ਵਿਚ ਪੜ੍ਹਾਈ ਦੇ ਮਾਹੌਲ ਨੂੰ ਵੀ ਪ੍ਰਭਾਵਿਤ ਕਰਦਾ ਹੈ। ਸਕੂਲੀ ਕਾਪੀਆਂ ਦਾ ਮੌਜੂਦਾ ਰੂਪ ਵਿੱਦਿਅਕ ਮਾਹੌਲ ਦੇ ਅਨੁਕੂਲ ਨਹੀਂ ਹੈ। ਸਕੂਲੀ ਕਾਪੀ 'ਤੇ ਬਣੇ ਗਾਣੇ ਦੇ ਦ੍ਰਿਸ਼ ਦੇਖ ਕੇ ਬੱਚੇ ਆਪ ਮੁਹਾਰੇ ਉਹੀ ਗਾਣਾ ਗੁਣਗੁਣਾਉਣ ਲੱਗ ਪੈਂਦੇ ਹਨ ਜਾਂ ਫਿਰ ਦਿਮਾਗ ਵਿਚ ਉਸੇ ਗਾਣੇ, ਐਕਟਰ, ਗਾਇਕ ਆਦਿ ਦੇ ਫਿਮਾਂਕਣ ਬਾਰੇ ਸੋਚਣ ਲੱਗ ਪੈਂਦੇ ਹਨ। ਕਾਪੀਆਂ ਦੇ ਨਿਰਮਾਤਾਵਾਂ ਅਤੇ ਗਾਇਕਾਂ, ਅਦਾਕਾਰਾਂ ਵੱਲੋਂ ਕੀਤੇ ਵਪਾਰਕ ਸਮਝੌਤੇ ਤਹਿਤ ਹੀ ਕਾਪੀਆਂ ਦੀਆਂ ਅਜਿਹੀਆਂ ਜਿਲਦਾਂ ਤਿਆਰ ਕੀਤੀਆਂ ਜਾਂਦੀਆਂ ਹਨ, ਤਾਂ ਜੋ ਗਾਇਕਾਂ, ਅਦਾਕਾਰਾਂ 'ਤੇ ਖਿਡਾਰੀਆਂ ਦੀ ਮਸ਼ਹੂਰੀ ਘਰ ਘਰ ਅਤੇ ਬੱਚੇ-ਬੱਚੇ ਤੱਕ ਹੋ ਜਾਵੇ। ਇਹ ਬੜੀ ਤਰਾਸਦੀ ਹੈ ਕਿ ਪੰਜਾਬ ਦੇ ਮਹਾਨ ਨਾਇਕਾਂ, ਸੂਰਬੀਰਾਂ, ਯੋਧਿਆਂ, ਦੇਸ਼ ਭਗਤਾਂ, ਜਰਨਲ ਨਾਲਿਜ਼ ਦੀਆਂ ਗੱਲਾਂ ਆਦਿ ਨੂੰ ਵਿਸਾਰ ਕੇ ਊਲ-ਜਲੂਲ ਗਾਉਣ ਵਾਲਿਆਂ ਨੂੰ ਵਿਦਿਆਰਥੀਆਂ ਦੇ ਬਸਤਿਆਂ ਅਤੇ ਪੜ੍ਹਨ ਸਮੱਗਰੀ ਵਿਚ ਸ਼ਾਮਲ ਕੀਤਾ ਜਾਂਦਾ ਹੈ। ਜਿਸ 'ਤੇ ਪੂਰਨ ਪਾਬੰਦੀ ਹੋਣੀ ਚਾਹੀਦੀ ਹੈ। ਵਿਦਿਆਰਥੀਆਂ 'ਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਤਰ੍ਹਾਂ ਦੀਆਂ ਘਟੀਆ ਜਿਲਦਾਂ ਵਾਲੀਆਂ ਕਾਪੀਆਂ ਨਹੀਂ ਖਰੀਦਣੀਆਂ ਚਾਹੀਦੀਆਂ ਤੇ ਨਾ ਹੀ ਅਖਬਾਰਾਂ ਦੇ ਫਿਲਮੀ ਪੇਜ ਵਾਲੀਆਂ ਜਿਲਦਾਂ ਕਾਪੀਆਂ ਕਿਤਾਬਾਂ ਆਦਿ 'ਤੇ ਚੜ੍ਹਾਉਣੀਆਂ ਚਾਹੀਦੀਆਂ ਹਨ।


ਅਧਿਆਪਕਾਂ ਨੂੰ ਵੀ ਚਾਹੀਦਾ ਹੈ ਕਿ ਨਵਾਂ ਸੈਸ਼ਨ ਸ਼ੁਰੂ ਹੋਣ ਵਾਲਾ ਹੈ। ਹੁਣ ਸਾਰੇ ਬੱਚੇ ਨਵੀਆਂ ਕਿਤਾਬਾਂ-ਕਾਪੀਆਂ ਖਰੀਦ ਰਹੇ ਹਨ। ਇਸ ਲਈ ਉਹ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੀਆਂ ਜਿਲਦਾਂ ਵਾਲੀਆਂ ਕਾਪੀਆਂ ਖਰੀਦਣ ਤੋਂ ਰੋਕਣ ਤੇ ਬੱਚਿਆਂ ਦੇ ਮਾਪਿਆਂ ਨੂੰ ਵੀ ਇਸ ਸਬੰਧੀ ਨੋਟ ਭੇਜ ਕੇ ਜਾਗਰੂਕ ਕਰਨ। ਸਰਕਾਰ ਤੋਂ ਨਵੇਂ ਸੈਸ਼ਨ 2024-25 ਤੋਂ ਫਿਲਮੀ ਜਿਲਦਾਂ ਵਾਲੀਆਂ ਕਾਪੀਆਂ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਜਾਂਦੀ ਹੈ। ਸਰਕਾਰ ਨੂੰ ਇਸ ਤਰ੍ਹਾਂ ਦੇ ਕਵਰ ਤਿਆਰ ਕਰਨ ਵਾਲੀਆਂ ਕੰਪਨੀਆਂ 'ਤੇ ਪਾਬੰਦੀ ਲਗਾਉਣੀ ਚਾਹੀਦੀ ਹੈ, ਤਾਂ ਜੋ ਵਿਦਿਆਰਥੀ 'ਅਨੈਤਿਕਤਾ' ਦੀ ਥਾਂ ਤੇ 'ਆਦਰਸ਼' ਵੱਲ ਵਧ ਸਕਣ ਤੇ ਉਨ੍ਹਾਂ ਦੀ ਪੜ੍ਹਾਈ ਤੋਂ ਇਕਾਗਰਤਾ ਭੰਗ ਨਾ ਹੋਵੇ ਅਤੇ ਉਹ ਮਨ ਲਗਾ ਕੇ ਪੜ੍ਹਾਈ ਕਰਦੇ ਹੋਏ ਸਫਲਤਾ ਦੀਆਂ ਪਾਉੜੀਆਂ ਚੜ੍ਹ ਸਕਣ।

# ਖੂਨ ਵਗਣ ਨਾਲ (ਹੀਮੋਫਿਲਿਆ) ਹੋ ਸਕਦਾ ਹੈ ਖਤਰਾ

**"ਵਿਸ਼ਵ ਹੀਮੋਫਿਲੀਆ ਦਿਵਸ ਸਾਲ 2024 ਦਾ ਥੀਮ ਹੈ- "ਸਭ ਲਈ ਬਰਾਬਰ ਪਹੁੰਚ: ਹਰ ਖੂਨ ਵਗਣ ਵਾਲੀ ਬਿਮਾਰੀ ਨੂੰ ਪਛਾਣਨਾ" ਸਭ ਲਈ ਪਹੁੰਚ ਦੇ ਨਾਲ ਭਾਗੀਦਾਰੀ, ਤਰੱਕੀ ਲਈ ਸਰਕਾਰੀ ਗੈਰ-ਸਰਕਾਰੀ ਪੱਧਰ 'ਤੇ ਵਿਰਾਸਤ ਵਿਚ ਮਿਲੇ ਖੂਨ ਵਗਣ ਦੀਆਂ ਬਿਮਾਰੀਆਂ ਨੂੰ ਰਾਸ਼ਟਰੀ ਨੀਤੀ ਨਾਲ ਜੋੜ ਕੇ ਜਾਗਰੂਕਤਾ ਪੈਦਾ ਕਰਨਾ ਅਤੇ ਅੰਕੜਾ ਘੱਟ ਕਰਨਾ ਹੈ"-ਅਨਿਲ ਧੀਰ**

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)





ਵਿਸ਼ਵ ਭਰ ਵਿਚ 17 ਅਪ੍ਰੈਲ, 2024 ਨੂੰ ਵਿਸ਼ਵ ਹੀਮੋਫਿਲੀਆ ਦਿਵਸ ਬਿਮਾਰੀ ਸੰਬੰਧੀ ਜਾਗਰੂਕਤਾ ਲਈ ਮਨਾਇਆ ਜਾ ਰਿਹਾ ਹੈ। ਇਸਦਾ ਮਕਸਦ ਖੂਨ ਵਗਣ ਦੀਆਂ ਬਿਮਾਰੀਆਂ ਦੇ ਗਰੁੱਪ ਪ੍ਰਤੀ ਇੱਕਜੁਟ ਹੋ ਕੇ ਦੇਖਭਾਲ ਅਤੇ ਬਦਲਾਅ ਦੁਆਰਾ ਜਾਗਰੂਕਤਾ ਪੈਦਾ ਕਰਨਾ ਹੈ। ਸਾਰਿਆਂ ਲਈ ਇਲਾਜ ਦਾ ਦ੍ਰਿਸ਼ਟੀਕੋਣ ਇੱਕ ਅਜਿਹੀ ਦੁਨੀਆਂ ਲਈ ਹੈ, ਜਿੱਥੇ ਵਿਰਾਸਤ 'ਚ ਖੂਨ ਵਗਣ ਵਾਲੀਆਂ ਬਿਮਾਰੀਆਂ ਸੰਬੰਧੀ ਵਿਗਾੜ ਵਾਲੇ ਲੋਕਾਂ ਦੀ ਦੇਖਭਾਲ ਤੱਕ ਪਹੁੰਚ ਹੈ, ਭਾਵੇਂ ਉਨ੍ਹਾਂ ਦੇ ਖੂਨ ਵਗਣ ਦੀ ਬਿਮਾਰੀ ਦੀ ਕਿਸਮ, ਲਿੰਗ, ਉਮਰ ਜਾਂ ਉਹ ਕਿਤੇ ਵੀ ਰਹਿੰਦੇ ਹੋਣ।

ਵਿਸ਼ਵ ਵਿਆਪੀ ਪੱਧਰ 'ਤੇ ਹੀਮੋਫਿਲਿਆ ਦੇ ਮਰਦ ਰੋਗੀਆਂ ਦਾ ਅੰਕੜਾ ਕਰੀਬਨ 2.6 ਮਿਲੀਅਨ ਪਹੰਚ ਚੁੱਕਾ ਹੈ। ਹੀਮੋਫਿਲਿਆ ਏ 5000 ਵਿਚੋਂ ਇੱਕ ਨੂੰ ਪ੍ਰਭਾਵਿਤ ਕਰ ਰਿਹਾ ਹੈ। ਹੀਮੋਫਿਲਿਆ ਏ ਨਾਲ ਪੀੜਿਤ ਲਗਭਗ 400 ਤੋਂ ਵੱਧ ਬੱਚੇ ਜਨਮ ਲੈਂਦੇ ਹਨ। ਇਸ ਬਿਮਾਰੀ ਨਾਲ ਰਹਿਣ ਵਾਲੇ ਲੋਕਾਂ ਦੇ ਅਸਲ ਅੰਕੜੇ ਦਾ ਪਤਾ ਲਗਾਇਆ ਜਾ ਰਿਹਾ ਹੈ। ਸੈਂਕੜੇ ਸਾਲ ਪਹਿਲਾਂ ਦੂਜੀ ਸਦੀ ਵਿਚ ਬਹੁਤ ਜ਼ਿਆਦਾ ਜਾਂ ਅਸਾਧਾਰਨ ਖੂਨ ਵਗਣ ਨਾਲ ਮੌਤ ਦਾ ਜ਼ਿਕਰ ਯਹੂਦੀ ਰੱਬੀ ਲਿਖਤਾਂ ਅਤੇ ਬਾਈਬਲ ਦੇ ਨਵੇਂ ਨੇਮ ਵਿਚ ਆਇਆ ਹੈ।

ਹੀਮੋਫਿਲਿਆ ਨੇ 19 ਅਤੇ 20ਵੀਂ ਸਦੀ ਵਿਚ ਇੰਗਲੈਂਡ, ਜਰਮਨੀ, ਰੂਸ ਅਤੇ ਸਪੇਨ ਦੇ ਸ਼ਾਹੀ ਪਰਿਵਾਰਾਂ ਨੂੰ ਪ੍ਰਭਾਵਤ ਕੀਤਾ ਸੀ। ਮੰਨਿਆ ਜਾਂਦਾ ਹੈ ਕਿ 1837-1901 ਰਾਜ ਕਰਨ ਵਾਲੀ ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਹੀਮੋਫਿਲਿਆ-ਬੀ ਨਾਲ ਪੀੜਿਤ ਸੀ। ਵਿਕਟੋਰੀਆ ਤੋਂ ਬਾਅਦ ਤਿੰਨ ਪੀੜ੍ਹੀਆਂ ਤੱਕ ਵੱਖ-ਵੱਖ ਸ਼ਾਹੀ ਪਰਿਵਾਰ ਦੇ ਮੈਂਬਰਾਂ ਵਿਚ ਇਸਦਾ ਅਸਰ ਦੇਖਿਆ ਗਿਆ। ਹੀਮੋਫਿਲਿਆ ਇੱਕ ਦੁਰਲੱਭ ਬਿਮਾਰੀ ਹੈ, ਜਿਸ ਵਿਚ ਸਰੀਰਕ ਖੂਨ ਆਮ ਤੌਰ 'ਤੇ ਜੰਮਦਾ ਨਹੀਂ, ਕਿਉਂਕਿ ਇਸ ਹਾਲਤ ਵਿਚ ਕਾਫੀ ਖੂਨ ਇਕੱਠੇ ਕਰਨ ਵਾਲੇ ਪ੍ਰੋਟੀਨ ਦੀ ਕਮੀ ਹੋ ਜਾਂਦੀ ਹੈ। ਖੂਨ ਵਗਣ ਦੀ ਹਾਲਤ ਵਿਚ ਸਰੀਰ ਆਮ ਤੌਰ 'ਤੇ ਖੂਨ ਦੇ ਸੈੱਲਾਂ ਨੂੰ ਇਕੱਠਾ ਕਰ ਦਿੰਦਾ ਹੈ ਅਤੇ ਖੂਨ ਵਹਿਣ ਨੂੰ ਰੋਕਣ ਲਈ ਇੱਕ ਗਤਲਾ ਬਣਦਾ ਹੈ। ਇਹ ਪ੍ਰਕਿਰਿਆ ਕੁੱਝ ਖੂਨ ਦੇ ਕਣਾਂ-ਪਲੇਟਲੈਟਾਂ ਅਤੇ ਪਲਾਜ਼ਮਾ ਪ੍ਰੋਟੀਨ ਦੁਆਰਾ ਲਿਆਂਦੀ ਜਾਂਦੀ ਹੈ।

ਕਿਸੇ ਸੱਟ ਲੱਗਣ ਤੋਂ ਬਾਅਦ ਲੰਬੇ ਸਮੇਂ ਤੱਕ ਖੂਨ ਵਗ ਸਕਦਾ ਹੈ। ਕਲੋਟਿੰਗ ਫੈਕਟਰ ਪ੍ਰੋਟੀਨ ਦੀ ਗੰਭੀਰ ਕਮੀ ਕਾਰਨ ਸਰੀਰ ਅੰਦਰ ਜ਼ਿਆਦਾ ਖੂਨ ਵਗਣਾ ਜਾਨਲੇਵਾ ਵੀ ਹੋ ਸਕਦਾ ਹੈ।

ਬਿਮਾਰੀ ਦੀ ਹਾਲਤ ਵਿਚ ਆਮ ਤੇ ਡੂੰਘੀ ਸੱਟ, ਸਰਜਰੀ, ਦੰਦਾਂ ਦੇ ਕੰਮ ਤੋਂ ਬਾਅਦ, ਇੰਜੈਕਸ਼ਨ ਤੋਂ ਬਾਅਦ ਦੇਰ ਤੱਕ ਖੂਨ ਵਗਣਾ, ਪਿਸ਼ਾਬ ਜਾਂ ਮੱਲ ਤਿਆਗ ਵੇਲੇ, ਅਣਪਛਾਤੇ ਕਾਰਨਾਂ ਕਰਕੇ ਖੂਨ ਵਗਣਾ ਸ਼ੁਰੂ ਹੋ ਜਾਂਦਾ ਹੈ। ਹੀਮੋਫਿਲਿਆ ਏ, ਬੀ, ਅਤੇ ਸੀ ਵੱਖ-ਵੱਖ ਕਿਸਮ ਦੇ ਦੇਖੇ ਜਾਂਦੇ ਹਨ। ਐਕੁਆਇਰਡ ਹੀਮੋਫਿਲਿਆ ਦੀ ਕਿਸਮ ਵਿਚ ਕਮਜ਼ੋਰ ਇਮੀਊਨ ਸਿਸਟਮ ਤੇ ਖੂਨ ਜੰਮਣ ਦੇ ਕਾਰਕਾਂ 'ਤੇ ਹਮਲਾ ਕਰ ਸਕਦੀ ਹੈ। ਜ਼ਿਆਦਾਤਰ ਵਿਰਾਸਤ ਤੋਂ ਮਿਲਣ ਵਾਲਾ ਰੋਗ ਮੰਨਿਆ ਗਿਆ ਹੈ। ਇਸ ਬਿਮਾਰੀ ਨਾਲ ਜੁੜੇ ਇੱਕ ਜੀਨ ਵਿਚ ਅਚਾਨਕ ਤਬਦੀਲੀ ਆਉਂਦੀ ਹੈ। ਕੁੱਝ ਪ੍ਰਤੀਸ਼ਤ ਲੋਕਾਂ ਵਿਚ ਫੈਮਿਲੀ ਹਿਸਟਰੀ ਨਹੀਂ ਮਿਲਦੀ।

## ਖਿਆਲ ਰੱਖੋ

ਡਰਾਈਵਿੰਗ ਦੌਰਾਣ ਸੀਟ ਬੈਲਟ, ਬਾਈਕ ਚਲਾਣ ਵੇਲੇ ਹੈਲਮੇਟ, ਦਰਦਾਂ ਦੀਆਂ ਦਵਾਈਆਂ ਘੱਟ ਅਤੇ ਡਾਕਟਰੀ ਸਲਾਹ ਨਾਲ ਹੀ ਲਵੋ। ਇਲਾਜ ਲਈ ਡੀਸਮੋਪਰੇਸਿਨ ਹਾਰਮੋਨ ਸਰੀਰ ਨੂੰ ਵਧੇਰੇ ਗਤਲਾ ਫੈਕਟਰ ਨੂੰ ਛੱਡਣ ਲਈ ਉਤੇਜਿਤ ਕਰ ਸਕਦਾ ਹੈ। ਨਾੜੀ ਵਿਚ ਇਸਦੇ ਟੀਕੇ ਦੇ ਨਾਲ-ਨਾਲ ਨੱਕ ਦੀ ਸਪ੍ਰੇਅ ਵੀ ਮਦਦ ਕਰ ਸਕਦਾ ਹੈ। ਦਵਾਈਆਂ ਕਲਾਟਸ ਨੂੰ ਟੁੱਟਣ ਤੋਂ ਰੋਕਣ ਵਿਚ ਮਦਦ ਕਰਦੀਆਂ ਹਨ। ਫਾਈਬਰਿਨ ਸੀਲੈਂਟਸ ਦੰਦਾਂ ਦੀ ਥੈਰੇਪੀ ਵਿਚ ਫਾਇਦਾ ਕਰਦੀ ਹੈ। ਇਸ ਨਾਲ ਜ਼ਖਮੀਆਂ ਦਾ ਇਲਾਜ ਕੀਤਾ ਜਾਂਦਾ ਹੈ। ਆਮ ਖੂਨ ਵਗਣ ਦੀ ਹਾਲਤ ਵਿਚ ਦਬਾਅ 'ਤੇ ਪੱਟੀ ਅਤੇ ਆਈਸ ਪੈਕ ਨਾਲ ਹੈਲਪ ਮਿਲ ਸਕਦੀ ਹੈ।

ਨੋਟ: ਹੀਮੋਫਿਲਿਆ ਦੀਆਂ ਗੁੰਝਲਾਂ ਕਾਰਨ ਸਰੀਰ ਅੰਦਰ ਜ਼ਿਆਦਾ ਖੂਨ ਵਗਣ ਨਾਲ ਸਰੀਰ ਅੰਦਰ ਸੋਜ, ਸੁੰਨਪਨ, ਜੋੜਾਂ ਦਾ ਗੰਭੀਰ ਦਰਦ ਸ਼ੁਰੂ ਹੋ ਸਕਦਾ ਹੈ। ਔਰਤਾਂ ਵਿਚ ਭਾਰੀ ਮਾਹਵਾਰੀ ਕਾਰਨ ਖੂਨ ਵਹਿ ਸਕਦਾ ਹੈ। ਦਿਮਾਗੀ ਖੂਨ ਵਗਣ ਨਾਲ ਤੇਜ਼ ਸਿਰ ਦਰਦ, ਗਰਦਨ ਵਿਚ ਅਕੜਾਅ, ਚੱਕਰ ਆਉਣੇ, ਉਲਟੀਆਂ, ਵਿਵਹਾਰ ਵਿਚ ਬਦਲਾਅ, ਅਚਾਨਕ ਕਮਜ਼ੋਰੀ, ਤੁਰਨ ਵਿਚ ਮੁਸ਼ਕਲ, ਲੱਛਣ ਸਾਹਮਣੇ ਆਉਂਦੇ ਹੀ ਹਸਪਤਾਲ ਤੇ ਐਮਰਜੈਂਸੀ ਨਾਲ ਸੰਪਰਕ ਕਰਨਾ ਚਾਹੀਦਾ ਹੈ।

# ਗੁਰੂ ਹਰਗੋਬਿੰਦ ਸਾਹਿਬ ਦੀ ਚਰਨਛੋਹ ਪ੍ਰਾਪਤ ਗੁਰਦੁਆਰਾ, ਪਿੰਡ ਈਸੜੂ (ਲੁਧਿਆਣਾ)

ਤਸਵਿੰਦਰ ਸਿੰਘ ਬੜੈਚ
ਪਿੰਡ ਦੀਵਾਲਾ, ਤਹਿਸੀਲ ਸਮਰਾਲਾ,
ਜ਼ਿਲ੍ਹਾ ਲੁਧਿਆਣਾ।
ਮੋਬ : 75279-31887
(Punjab Mail USA)



ਲੁਧਿਆਣਾ ਜ਼ਿਲ੍ਹੇ ਦੀ ਧਰਤੀ ਨੂੰ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਚਰਨਛੋਹ ਪ੍ਰਾਪਤ ਹੋਣ ਦਾ ਮਾਣ ਹੈ। ਖੰਨਾ-ਮਲੇਰਕੋਟਲਾ ਮਾਰਗ 'ਤੇ ਖੰਨਾ ਤੋਂ ਤਕਰੀਬਨ 8 ਕਿਲੋਮੀਟਰ ਦੂਰ ਤੇ ਮਲੇਰਕੋਟਲਾ ਤੋਂ 32 ਕਿਲੋਮੀਟਰ ਦੂਰ ਘੁੱਗ ਵਸਦਾ ਪਿੰਡ ਈਸੜੂ ਹੈ। ਇਸ ਪਿੰਡ ਦੇ ਜ਼ਿਆਦਾਤਰ ਲੋਕ ਖੇਤੀਬਾੜੀ ਦਾ ਕਿੱਤਾ ਕਰਦੇ ਹਨ। ਇਸ ਨਗਰ ਨੇ ਉਹ ਮਹਾਨ ਯੋਧੇ ਵੀ ਪੈਦਾ ਕੀਤੇ ਹਨ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣਾ ਬਲੀਦਾਨ ਦੇ ਕੇ ਯੋਗਦਾਨ ਪਾਇਆ। ਗੋਆ ਦੇ ਮਹਾਨ ਸ਼ਹੀਦ ਮਾਸਟਰ ਕਰਨੈਲ ਸਿੰਘ ਅਤੇ ਸ਼ਹੀਦ ਭਾਈ ਭੁਪਿੰਦਰ ਸਿੰਘ ਇਸੇ ਨਗਰ ਦੇ ਜੰਮਪਲ ਸਨ। ਗੁਰੂ ਹਰਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ 'ਚੋਂ 52 ਰਾਜਿਆਂ ਨੂੰ ਰਿਹਾਅ ਕਰਵਾਉਣ ਤੋਂ ਬਾਅਦ ਵੱਖ-ਵੱਖ ਪਿੰਡਾਂ-ਸ਼ਹਿਰਾਂ ਵਿਚੋਂ ਦੀ ਹੁੰਦੇ ਹੋਏ ਇਸ ਪਿੰਡ ਈਸੜੂ ਦੀ ਧਰਤੀ 'ਤੇ ਪਹੁੰਚੇ ਸਨ ਤੇ ਇਸ ਧਰਤੀ ਨੂੰ ਸਦਾ ਲਈ ਪਵਿੱਤਰ ਕਰ ਦਿੱਤਾ। ਗੁਰੂ ਹਰਗੋਬਿੰਦ ਸਾਹਿਬ ਨੇ ਇੱਥੇ ਕੁੱਝ ਸਮਾਂ ਵਿਸ਼ਰਾਮ ਕੀਤਾ ਸੀ। ਗੁਰੂ ਹਰਗੋਬਿੰਦ ਸਾਹਿਬ ਨੇ ਇਸ ਧਰਤੀ 'ਤੇ ਵਿਸ਼ਰਾਮ ਕਰਨ ਮਗਰੋਂ ਇਥੋਂ ਪਿੰਡ ਚਕੋਹੀ, ਜੋ ਕਿ ਇਸ ਪਿੰਡ ਤੋਂ 4-5 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ, ਨੂੰ ਚਾਲੇ ਪਾਏ ਸਨ। ਪਿੰਡ ਚਕੋਹੀ ਤੋਂ ਬਾਅਦ ਪਿੰਡ ਭੁਮੱਦੀ, ਪਿੰਡ ਘੁਡਾਣੀ ਆਦਿ ਪਿੰਡਾਂ 'ਚੋਂ ਦੀ ਹੁੰਦੇ ਹੋਏ ਗੁਰੂ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ ਸਨ। ਪਿੰਡ ਈਸੜੂ ਦੀ ਜਿਸ ਜਗ੍ਹਾ ਨੂੰ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਚਰਨਾਂ ਨਾਲ ਪਵਿੱਤਰ ਕੀਤਾ ਸੀ, ਉਸ ਅਸਥਾਨ 'ਤੇ ਹੁਣ ਬਹੁਤ ਹੀ ਖੂਬਸੂਰਤ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਮੇਨ ਰੋਡ 'ਤੇ ਬਣੇ ਇਸ ਗੁਰਦੁਆਰਾ ਸਾਹਿਬ ਦਾ ਦ੍ਰਿਸ਼ ਬਹੁਤ ਹੀ ਦਿਲਚਸਪ ਨਜ਼ਾਰਾ ਪੇਸ਼ ਕਰਦਾ ਪ੍ਰਤੀਤ ਹੁੰਦਾ ਹੈ। ਇਸ ਰਮਣੀਕ ਅਸਥਾਨ ਵੱਲ੍ਹ ਹਰ ਕਿਸੇ ਦਾ ਮਨ ਮੱਲੋ-ਮੱਲੀ ਖਿੱਚਿਆ ਜਾਂਦਾ ਹੈ। ਇਸ ਇਤਿਹਾਸਕ ਗੁਰਦੁਆਰੇ ਦੀ ਕਾਰ ਸੇਵਾ ਬਾਬਾ ਹਰਬੰਸ ਸਿੰਘ ਜੀ ਕਾਰ ਸੇਵਾ ਦਿੱਲੀ ਵਾਲਿਆਂ ਨੇ ਸ਼ੁਰੂ ਕਰਵਾਈ ਸੀ। ਇਥੇ ਅਕਸਰ ਹੀ ਧਾਰਮਿਕ ਤੇ ਹੋਰ ਸਮਾਜਿਕ ਸਮਾਗਮ ਹੁੰਦੇ ਰਹਿੰਦੇ ਹਨ। ਹਰ ਸਾਲ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ 'ਚ ਭਾਰੀ ਜੋੜ ਮੇਲਾ ਵੀ ਮਨਾਇਆ ਜਾਂਦਾ ਹੈ। ਜੋੜ ਮੇਲੇ ਸਮੇਂ ਖੂਨਦਾਨ ਕੈਂਪ ਤੇ ਮੁਫਤ ਮੈਡੀਕਲ ਚੈਕਅੱਪ ਕੈਂਪ ਲਗਾਏ ਜਾਂਦੇ ਹਨ। ਗੁਰਬਾਣੀ ਕੰਠ ਮੁਕਾਬਲੇ, ਦਸਤਾਰ ਮੁਕਾਬਲੇ ਅਤੇ ਦੁਮਾਲਾ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਜੋੜ ਮੇਲੇ ਮੌਕੇ ਵੱਡੀ ਤਾਦਾਦ ਵਿਚ ਸੰਗਤ ਇੱਥੇ ਨਤਮਸਤਕ ਹੋਣ ਲਈ ਪੁੱਜਦੀ ਹੈ।



# ਅੱਜ ਤੱਕ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ ਅੱਤਵਾਦ ਦੌਰਾਨ ਕੀਤੀ ਇਲੈੱਕਸ਼ਨ ਡਿਊਟੀ ਯਾਦ ਕਰ ਕੇ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ.)
ਪੰਡੋਰੀ ਸਿੱਧਵਾਂ : 95011-00062
(Punjab Mail USA)





ਕਰੀਬ 32 ਸਾਲ ਪਹਿਲਾਂ ਚੋਣ ਕਮਿਸ਼ਨ ਨੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ 22 ਜੂਨ, 1991 ਨੂੰ ਕਰਾਉਣ ਦਾ ਫੈਸਲਾ ਲਿਆ ਸੀ। ਅੱਤਵਾਦ ਕਾਰਨ ਪੰਜਾਬ 1985 ਵਿਚ ਗਵਰਨਰ ਰਾਜ ਹੇਠ ਆਇਆ ਸੀ ਤੇ ਉਸ ਤੋਂ ਬਾਅਦ ਹੋਣ ਵਾਲੀਆਂ ਇਹ ਪਹਿਲੀਆਂ ਵਿਧਾਨ ਸਭਾ ਚੋਣਾਂ ਸਨ। ਉਸ ਵੇਲੇ ਪੰਜਾਬ ਵਿਚ ਅੱਤਵਾਦ ਦਾ ਸਿਖਰ ਸੀ ਤੇ ਅੱਤਵਾਦੀਆਂ ਵੱਲੋਂ ਐਨਾ ਖ਼ੂਨ ਖਰਾਬਾ ਕੀਤਾ ਗਿਆ ਸੀ ਕਿ ਮਜਬੂਰ ਹੋ ਕੇ ਚੋਣ ਕਮਿਸ਼ਨ ਨੂੰ 21 ਜੂਨ ਦੀ ਰਾਤ ਚੋਣਾਂ ਰੱਦ ਕਰਨੀਆਂ ਪਈਆਂ। ਮੈਂ 1990 ਵਿਚ ਬਤੌਰ ਏ.ਐੱਸ.ਆਈ. ਭਰਤੀ ਹੋਇਆ ਸੀ ਤੇ ਟਰੇਨਿੰਗ ਦੇ ਦੌਰਾਨ ਹੀ ਇੰਸਪੈਕਟਰ ਦੀਆਂ ਪੋਸਟਾਂ ਨਿਕਲੀਆਂ ਤੇ ਮੈਂ ਸਲੈਕਟ ਹੋ ਗਿਆ ਸੀ। ਪਰ ਬਦਕਿਸਮਤੀ ਕਾਰਨ 15 ਮਈ ਨੂੰ ਸਾਡੀ ਲਿਸਟ ਆਊਟ ਹੋਈ ਤੇ ਤਿੰਨ ਦਿਨ ਬਾਅਦ ਹੀ ਚੋਣ ਜ਼ਾਬਤਾ ਲੱਗ ਗਿਆ, ਜਿਸ ਕਾਰਨ ਸਾਡਾ ਸਾਰਾ ਬੈਚ ਡਿਊਟੀ ਜੌਇਨ ਕਰਨ ਤੋਂ ਰਹਿ ਗਿਆ। ਇਨ੍ਹਾਂ ਚੋਣਾਂ ਦਾ ਕਾਂਗਰਸ ਨੇ ਬਾਈਕਾਟ ਕੀਤਾ ਸੀ ਪਰ ਬਾਕੀ ਸਾਰੀਆਂ ਪਾਰਟੀਆਂ ਚੋਣਾਂ ਲੜ ਰਹੀਆਂ ਸਨ। ਸਭ ਤੋਂ ਅਜੀਬ ਗੱਲ ਇਹ ਹੋਈ ਸੀ ਕਿ 80 ਤੋਂ ਵੱਧ ਸੀਟਾਂ 'ਤੇ ਪੰਜਾਬ ਦੇ ਚੋਟੀ ਦੇ ਅੱਤਵਾਦੀਆਂ ਦੇ ਰਿਸ਼ਤੇਦਾਰ ਅਤੇ ਹਮਾਇਤੀ ਬਤੌਰ ਅਜ਼ਾਦ ਉਮੀਦਵਾਰ ਚੋਣ ਲੜ ਰਹੇ ਸਨ। ਉਨ੍ਹਾਂ ਨੇ ਐਲਾਨ ਕਰ ਦਿੱਤਾ ਕਿ ਸਾਡੀ ਸਰਕਾਰ ਬਣਦੇ ਸਾਰ ਪਿਛਲੀਆਂ ਸਾਰੀਆਂ ਭਰਤੀਆਂ ਰੱਦ ਕਰ ਦਿੱਤੀਆਂ ਜਾਣਗੀਆਂ ਤੇ ਦੁਬਾਰਾ ਭਰਤੀਆਂ ਕਰਕੇ ਆਪਣੇ ਬੰਦੇ ਭਰਤੀ ਕੀਤੇ ਜਾਣਗੇ।

ਇਹ ਐਲਾਨ ਸੁਣ ਕੇ ਸਾਡੇ ਬੈਚ ਦੇ ਪੈਰਾਂ ਥੱਲਿਉਂ ਜ਼ਮੀਨ ਖਿਸਕ ਗਈ ਕਿ ਸਾਡੀ ਇੰਸਪੈਕਟਰੀ ਤਾਂ ਹੁਣ ਗਈ। ਉਸ ਵੇਲੇ ਚੋਣ ਕਮਿਸ਼ਨ ਦਾ ਨਿਯਮ ਹੁੰਦਾ ਸੀ ਕਿ ਕਿਸੇ ਵੀ ਉਮੀਦਵਾਰ ਦੇ ਮਰਨ 'ਤੇ ਉਸ ਹਲਕੇ ਦੀ ਚੋਣ ਮੁਅੱਤਲ ਕਰ ਦਿੱਤੀ ਜਾਂਦੀ ਸੀ। ਅੱਤਵਾਦੀ ਇਨ੍ਹਾਂ ਚੋਣਾਂ ਵਿਚ ਡਬਲ ਗੇਮ ਖੇਡ ਰਹੇ ਸਨ, ਇੱਕ ਪਾਸੇ ਤਾਂ ਉਹ ਆਪਣੀ ਵਿਚਾਰਧਾਰਾ ਵਾਲੇ ਉਮੀਦਵਾਰਾਂ ਨੂੰ ਜਿਤਾਉਣ ਲਈ ਵੋਟਰਾਂ ਨੂੰ ਧਮਕਾ ਰਹੇ ਸਨ ਪਰ ਦੂਸਰੇ ਪਾਸੇ ਮੁੱਖ ਧਾਰਾ ਵਾਲੀਆਂ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਕਤਲ ਕਰ ਰਹੇ ਸਨ। ਇਨ੍ਹਾਂ ਚੋਣਾਂ ਵਿਚ ਰਿਕਾਰਡ 24 ਉਮੀਦਵਾਰਾਂ ਸਮੇਤ 87 ਪ੍ਰਮੁੱਖ ਸਿਆਸੀ ਵਿਅਕਤੀ ਕਤਲ ਹੋਏ ਸਨ। ਪਿੰਡਾਂ ਵਿਚ ਸ਼ਰੇਆਮ ਸਪੀਕਰਾਂ 'ਤੇ ਐਲਾਨ ਕੀਤੇ ਜਾਂਦੇ ਸਨ ਕਿ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਵੋਟਾਂ ਪਾਉਣ ਵਾਲਿਆਂ ਨੂੰ ਸਣੇ ਪਰਿਵਾਰ ਸੋਧ ਦਿੱਤਾ ਜਾਵੇਗਾ। ਹੱਦ ਉਦੋਂ ਹੋ ਗਈ, ਜਦੋਂ ਅੱਤਵਾਦੀਆਂ ਨੇ ਲੁਧਿਆਣਾ ਨੇੜੇ ਪੰਜਾਬ ਦੇ ਇਤਿਹਾਸ ਦਾ ਸਭ ਤੋਂ ਵੱਡਾ ਕਤਲੇਆਮ ਕਰ ਦਿੱਤਾ। 15 ਜੂਨ 1991 ਵਾਲੇ ਦਿਨ ਬੱਦੋਵਾਲ ਸਟੇਸ਼ਨ (ਲਧਿਆਣਾ) ਦੇ ਨਜ਼ਦੀਕ ਦੋ ਮੁਸਾਫਰ ਟਰੇਨਾਂ ਨੂੰ ਰੋਕ ਕੇ ਇੱਕ ਫਿਰਕੇ ਨਾਲ ਸਬੰਧਿਤ 80 ਬੇਗੁਨਾਹਾਂ ਨੂੰ ਕਤਲ ਤੇ 50 ਦੇ ਕਰੀਬ ਨੂੰ ਜ਼ਖਮੀ ਕਰ ਦਿੱਤਾ ਗਿਆ।

ਉਸ ਸਮੇਂ ਮੈਂ ਫਰੀਦਕੋਟ ਜ਼ਿਲ੍ਹੇ ਵਿਖੇ ਤਾਇਨਾਤ ਸੀ ਤੇ ਫਿਲੌਰ ਤੋਂ ਬੇਸਿਕ ਟਰੇਨਿੰਗ ਕਰਕੇ ਨਵਾਂ-ਨਵਾਂ ਹੀ ਵਾਪਿਸ ਆਇਆ ਸੀ। ਚੋਣਾਂ ਵਿਚ ਮੇਰੀ ਵੀ ਡਿਊਟੀ ਲੱਗ ਗਈ ਤੇ ਮੈਨੂੰ ਇੱਕ ਪੋਲਿੰਗ ਪਾਰਟੀ ਦਾ ਸੁਰੱਖਿਆ ਇੰਚਾਰਜ ਬਣਾ ਕੇ 10 ਪੁਲਿਸ ਅਤੇ ਹੋਮਗਾਰਡ ਦੇ ਜਵਾਨਾਂ ਸਮੇਤ ਸਾਦਿਕ ਥਾਣੇ ਦੇ ਇੱਕ ਪਿੰਡ ਵਿਚ ਵੋਟਾਂ ਪਵਾਉਣ ਲਈ ਭੇਜ ਦਿੱਤਾ ਗਿਆ। ਅੱਜਕੱਲ੍ਹ ਤਾਂ ਚੋਣ ਅਮਲਾ ਬੱਸਾਂ ਵਿਚ ਜਾਂਦਾ ਹੈ, ਪਰ ਉਨ੍ਹਾਂ ਦਿਨਾਂ ਵਿਚ ਟਰੱਕ ਯੂਨੀਅਨ ਤੋਂ ਵਗਾਰ ਵਿਚ ਲਿਆਂਦੇ ਟੁੱਟੇ-ਭੱਜੇ ਟਰੱਕਾਂ ਵਿਚ ਜਾਇਆ ਕਰਦੇ ਸੀ। ਰੱਬ-ਰੱਬ ਕਰਦੇ ਕਿ ਰਾਹ ਵਿਚ ਕਿਤੇ ਅੱਤਵਾਦੀਆਂ ਨੇ ਬਾਰੂਦੀ ਸੁਰੰਗ ਨਾ ਲਗਾਈ ਹੋਵੇ, ਅਸੀਂ ਸੁੱਖੀ-ਸਾਂਦੀ ਸ਼ਾਮ 6 ਕੁ ਵਜੇ ਸਕੂਲ ਵਿਚ ਪਹੁੰਚ ਗਏ। ਅੱਗੇ ਪਿੰਡ ਦੇ ਸਰਕਾਰੀ ਹਾਈ ਸਕੂਲ ਦੀ ਹਾਲਤ ਸਾਡੇ ਟਰੱਕ ਨਾਲੋਂ ਵੀ ਬੁਰੀ ਸੀ, ਨਾ ਕੋਈ ਦੀਵਾਰ ਤੇ ਨਾ ਬਿਜਲੀ ਦਾ ਕੁਨੈੱਕਸ਼ਨ। ਬਿਜਲੀ ਤਾਂ ਉਦੋਂ ਪਿੰਡਾਂ ਵਿਚ ਵੈਸੇ ਵੀ ਘੱਟ ਵੱਧ ਹੀ ਆਉਂਦੀ ਹੁੰਦੀ ਸੀ। ਖੈਰ ਮਾਸਟਰਾਂ ਨੇ ਸਮਾਨ ਉਤਾਰ ਕੇ ਇੱਕ ਕਮਰੇ ਵਿਚ ਟਿਕਾ ਲਿਆ ਤੇ ਕਾਗਜ਼ ਪੱਤਰ ਆਦਿ ਪੂਰੇ ਕਰਨ ਲੱਗ ਪਏ। ਸਾਨੂੰ ਆਇਆਂ ਵੇਖ ਕੇ ਪਿੰਡ ਦਾ ਚੌਕੀਦਾਰ ਤੇ ਦੋ-ਤਿੰਨ ਮੋਹਤਬਰ ਵਿਅਕਤੀ ਰੋਟੀ-ਪਾਣੀ ਅਤੇ ਮੰਜੇ-ਬਿਸਤਰਿਆਂ ਆਦਿ ਬਾਰੇ ਪੁੱਛਣ ਲਈ ਸਕੂਲ ਵਿਚ ਪਹੁੰਚ ਗਏ। ਅਸੀਂ ਉਨ੍ਹਾਂ ਨਾਲ ਗੱਲਬਾਤ ਕਰ ਹੀ ਰਹੇ ਸੀ ਕਿ ਪਿੰਡ ਦੇ ਧਾਰਮਿਕ ਸਥਾਨ ਦਾ ਸਪੀਕਰ ਗੂੰਜ ਉੱਠਿਆ, "ਸਾਰੇ ਮਾਈ ਭਾਈ ਧਿਆਨ ਨਾਲ ਨੋਟ ਕਰ ਲੈਣ। ਸਿੰਘਾਂ (ਅੱਤਵਾਦੀਆਂ) ਨੇ ਹੁਕਮ ਕੀਤਾ ਹੈ ਕਿ ਜਿਸ ਵੀ ਵਿਅਕਤੀ ਨੇ ਪੋਲਿੰਗ ਪਾਰਟੀ ਨੂੰ ਚਾਹ-ਪਾਣੀ ਪਿਆਉਣ ਜਾਂ ਮੰਜੇ-ਬਿਸਤਰੇ ਦੇਣ ਦੀ ਕੋਸ਼ਿਸ਼ ਕੀਤੀ, ਉਹ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।"

ਅਜੇ ਅਸੀਂ ਆਪਸ ਵਿਚ ਮੰਜਿਆਂ ਦੀ ਗਿਣਤੀ ਤੇ ਰੋਟੀ ਸਬਜ਼ੀ ਜਾਂ ਮੁਰਗੇ ਨਾਲ ਖਾਣ ਬਾਰੇ ਸਲਾਹਾਂ ਕਰ ਹੀ ਰਹੇ ਸੀ ਕਿ ਅਨਾਊਂਸਮੈਂਟ ਸੁਣ ਕੇ ਸਾਰੇ ਮੋਹਤਬਰ ਗਧੇ ਦੇ ਸਿਰ ਤੋਂ ਸਿੰਗਾਂ ਵਾਂਗ ਗਾਇਬ ਹੋ ਗਏ। ਸਾਰਾ ਚੋਣ ਅਮਲਾ ਸਵੇਰ ਦਾ ਭੁੱਖਣ-ਭਾਣਾ ਸੀ ਤੇ ਉਤੋਂ ਇਹ ਨਵੀਂ ਮੁਸੀਬਤ ਗਲ ਪੈ ਗਈ। ਸਾਡੇ ਨਾਲ ਜੱਗਾ ਜੁਗਾੜੀ ਨਾਮ ਦਾ ਇੱਕ ਹੌਲਦਾਰ ਸੀ, ਜੋ ਕਾਫੀ ਦੇਰ ਤੱਕ ਥਾਣਾ ਸਾਦਿਕ ਵਿਚ ਤਾਇਨਾਤ ਰਿਹਾ ਸੀ ਤੇ ਉਸ ਪਿੰਡ ਵਿਚ ਉਸ ਦੀ ਪਤਨੀ ਦੇ ਨਾਨਕੇ ਸਨ। ਸਾਰਿਆਂ ਨੇ ਉਸ ਨੂੰ ਤਰਲੇ ਪਾਏ ਕਿ ਹੁਣ ਉਹ ਹੀ ਕੁਝ ਜੁਗਾੜ ਕਰੇ। ਉਸ ਨੇ ਕਿਹਾ ਕਿ ਮੰਜੇ ਬਿਸਤਰੇ ਲਿਆ ਕੇ ਤਾਂ ਮੈਂ ਰਿਸ਼ਤੇਦਾਰ ਖਤਰੇ ਵਿਚ ਨਹੀਂ ਪਾਉਣੇ ਕਿਉਂਕਿ ਸਾਰਿਆਂ ਨੇ ਵੇਖ ਲੈਣਾ ਹੈ, ਪਰ ਥੋੜ੍ਹਾ ਹਨੇਰਾ ਹੋਣ ਤੇ ਲੁੱਕ-ਛਿਪ ਕੇ ਰੋਟੀਆਂ ਜ਼ਰੂਰ ਲੈ ਆਵਾਂਗਾ। ਉਹ ਨੌਂ ਕੁ ਵਜੇ ਗਿਆ ਤੇ ਦੋ ਘੰਟਿਆਂ ਬਾਅਦ 35-40 ਰੋਟੀਆਂ ਅਚਾਰ ਨਾਲ ਅਖਬਾਰ ਵਿਚ ਵਲੇਟ ਕੇ ਲੈ ਆਇਆ। ਐਨੀ ਦੇਰ ਲਾਉਣ ਦਾ ਕਾਰਨ ਪੁੱਛਣ 'ਤੇ ਉਸ ਨੇ ਦੱਸਿਆ ਕਿ ਅੱਤਵਾਦੀਆਂ ਤੋਂ ਡਰਦਿਆਂ ਪਹਿਲਾਂ ਤਾਂ ਰਿਸ਼ਤੇਦਾਰਾਂ ਨੇ ਦਰਵਾਜ਼ਾ ਹੀ ਨਹੀਂ ਖੋਲ੍ਹਿਆ। ਜਦੋਂ ਉਹ ਕੰਧ ਟੱਪ ਕੇ ਅੰਦਰ ਪਹੁੰਚਿਆ ਤਾਂ ਉਨ੍ਹਾਂ ਦੇ ਕੁੱਤੇ ਨੇ ਉਸ ਦੀ ਲੱਤ ਪਕੜ ਲਈ ਤੇ ਵਿਚਾਰੇ ਦਾ ਪਜਾਮਾ ਵੀ ਪਾਟ ਗਿਆ। ਉੱਤੋਂ ਮਾਮੇ ਸਹੁਰੇ ਨੇ 100 ਗਾਲ੍ਹਾਂ ਕੱਢੀਆਂ, "ਤੂੰ ਸਾਲਿਆ ਕਿੱਥੋਂ ਆਣ ਮਰਿਆਂ ਐਸ ਵੇਲੇ, ਸਾਡੇ ਬੱਚੇ ਮਰਵਾਉਣੇ ਈਂ ਅੱਤਵਾਦੀਆਂ ਤੋਂ?" ਪਰ ਵਿਚਾਰਾ ਐਨੀ ਬੇਇੱਜ਼ਤੀ ਕਰਵਾ ਕੇ ਵੀ ਰੋਟੀਆਂ ਲਿਆਉਣ ਵਿਚ ਕਾਮਯਾਬ ਹੋ ਹੀ ਗਿਆ। ਅਸੀਂ ਸਾਰਿਆਂ ਨੇ ਉਸ ਦਾ ਧੰਨਵਾਦ ਕੀਤਾ ਤੇ ਪਾਣੀ ਨਾਲ ਰੋਟੀਆਂ ਅੰਦਰ ਲੰਘਾ ਲਈਆਂ। ਐਨੀ ਭੁੱਖ ਲੱਗੀ ਸੀ ਕਿ ਅੱਜ ਤੱਕ ਮੈਨੂੰ ਕਦੇ ਰੋਟੀ ਦਾ ਐਨਾ ਆਨੰਦ ਨਹੀਂ ਆਇਆ।

ਜੁਗਾੜੀ ਰੋਟੀ ਦੇ ਨਾਲ-ਨਾਲ ਸਹੁਰਿਆਂ ਦੇ ਘਰੋਂ ਦੇਸੀ ਸ਼ਰਾਬ ਦੀਆਂ ਦੋ ਬੋਤਲਾਂ ਵੀ ਚੁੱਕ ਲਿਆਇਆ ਸੀ। ਦੋ-ਤਿੰਨ ਪੁਲਿਸ ਮੁਲਾਜ਼ਮਾਂ ਅਤੇ ਚਾਰ ਕੁ ਮਾਸਟਰਾਂ ਨੂੰ ਛੱਡ ਕੇ ਬਾਕੀ ਸਾਰੇ ਟੱਲੀ ਹੋ ਗਏ। ਉਸ ਨੇ ਹੱਸਦੇ ਹੋਏ ਮੈਨੂੰ ਮਜ਼ਾਕ ਕੀਤਾ, "ਜ਼ਨਾਬ ਤੁਸੀਂ ਵੀ ਪੀ ਲਉ, ਅੱਤਵਾਦੀਆਂ ਦੀ ਗੋਲੀ ਵੱਜਣ ਦੀ ਪੀੜ ਨਹੀਂ ਹੋਵੇਗੀ।" ਰੋਟੀ ਖਾਣ ਤੋਂ ਬਾਅਦ ਸੌਣ ਦਾ ਪੰਗਾ ਪੈ ਗਿਆ। ਮੇਰੇ ਸਮੇਤ ਜਿਹੜੇ ਮੁਲਾਜ਼ਮ ਤੇ ਮਾਸਟਰ ਸੋਫੀ ਸਨ, ਉਹ ਕੰਧਾਂ ਕੌਲਿਆਂ ਨੂੰ ਹੱਥ ਪਾ ਕੇ ਛੱਤ 'ਤੇ ਚੜ੍ਹ ਗਏ ਤੇ ਸ਼ਰਾਬੀਆਂ ਨੇ ਐਨੀ ਗਰਮੀ ਵਿਚ ਵੀ ਅੱਤਵਾਦੀਆਂ ਤੋਂ ਡਰਦਿਆਂ ਕਮਰੇ ਵਿਚ ਵੜ ਕੇ ਕੁੰਡਾ ਮਾਰ ਲਿਆ। ਅਸੀਂ ਸਕੂਲ ਦੇ ਪੰਜ-ਛੇ ਬੈਂਚ ਵੀ ਉੱਪਰ ਲੈ ਗਏ ਕਿ ਇਨ੍ਹਾਂ 'ਤੇ ਪੈ ਕੇ ਔਖੇ-ਸੌਖੇ ਰਾਤ ਕੱਟ ਲਵਾਂਗੇ। ਪਰ ਥੱਲੇ ਪਏ ਸ਼ਰਾਬੀ ਮੁਲਾਜ਼ਮਾਂ ਦੇ ਖਰਾਸ ਵਾਂਗ ਚੱਲਦੇ ਘੁਰਾੜਿਆਂ, ਮੱਖੀਆਂ ਜਿੱਡੇ ਮੋਟੇ ਮੱਛਰਾਂ ਅਤੇ ਅੱਤਵਾਦੀਆਂ ਦੇ ਡਰ ਕਾਰਨ ਨੀਂਦ ਕਿਸ ਨੂੰ ਆਉਣੀ ਸੀ? ਸਵੇਰੇ ਅਸੀਂ ਵਾਰੀ-ਵਾਰੀ ਸਕੂਲ ਦੇ ਨਲਕੇ ਤੋਂ ਨਹਾ ਰਹੇ ਸੀ ਕਿ ਕੱਲ੍ਹ ਵਾਲਾ ਟਰੱਕ ਛੇ-ਸੱਤ ਮੁਲਾਜ਼ਮਾਂ ਦੀ ਰਾਖੀ ਹੇਠ ਦੁਬਾਰਾ ਸਕੂਲ ਵਿਚ ਆਣ ਵੜਿਆ। ਇੱਕ ਸਿਪਾਹੀ ਟਰੱਕ ਵੱਲ ਗਿਆ ਤੇ ਕੁਝ ਗੱਲਬਾਤ ਕਰਨ ਤੋਂ ਬਾਅਦ ਮੇਰੇ ਵੱਲ ਨੂੰ ਭੱਜ ਪਿਆ, "ਵਧਾਈ ਹੋਵੇ ਜ਼ਨਾਬ, ਵਧਾਈ ਹੋਵੇ ਬਚ ਗਈ ਤੁਹਾਡੀ ਇੰਸਪੈਕਟਰੀ, ਰਾਤੀਂ ਚੋਣਾਂ ਕੈਂਸਲ ਹੋ ਗਈਆਂ ਨੇ। ਚਲੋ ਭਾਈ ਚੁੱਕੋ ਸਮਾਨ ਤੇ ਵਾਪਸ ਚੱਲੀਏ।" ਖੁਸ਼ੀ ਨਾਲ ਮੇਰੇ ਅੱਥਰੂ ਨਿਕਲਣ ਵਾਲੇ ਹੋ ਗਏ। ਦੋ-ਤਿੰਨ ਦਿਨਾਂ ਬਾਅਦ ਹੀ ਮੈਂ ਸੰਗਰੂਰ ਜਾ ਕੇ ਬਤੌਰ ਇੰਸਪੈਕਟਰ ਡਿਊਟੀ ਜੌਇਨ ਕਰ ਲਈ।

# ਚੰਦਰਮਾ 'ਤੇ ਦਿਨ 'ਚ ਦਿਖਦੇ ਹਨ ਤਾਰੇ ਪਰ ਇਹ ਟਿਮਟਿਮਾਉਂਦੇ ਨਹੀਂ

ਸੰਜੀਵ ਝਾਂਜੀ
ਜਗਰਾਉਂ।
ਮੋ : +91-80049-10000
(Punjab Mail USA)





ਅਕਸਰ ਹੀ ਜਦੋਂ ਅਸੀਂ ਰਾਤ ਨੂੰ ਆਕਾਸ਼ ਵੱਲ ਨੂੰ ਦੇਖਦੇ ਹਾਂ, ਤਾਂ ਸਾਨੂੰ ਬਹੁਤ ਸਾਰੇ ਤਾਰੇ ਦਿਖਾਈ ਦਿੰਦੇ ਹਨ। ਜੇਕਰ ਰਾਤ ਮੱਸਿਆ ਦੀ ਹੋਵੇ, ਭਾਵ ਪੂਰੀ ਤਰ੍ਹਾਂ ਹਨੇਰਾ ਹੋਵੇ, ਤਾਂ ਸਾਨੂੰ ਤਾਰੇ ਜ਼ਿਆਦਾ ਚਮਕਦਾਰ ਅਤੇ ਜ਼ਿਆਦਾ ਗਿਣਤੀ ਵਿਚ ਦਿਖਾਈ ਦਿੰਦੇ ਹਨ। ਪਿੱਛੇ ਜਿਹੇ ਸਾਡੇ ਵਿਗਿਆਨੀਆਂ ਨੇ ਚੰਦਰਯਾਨ-3 ਰਾਹੀਂ ਚੰਦਰਮਾ ਨੂੰ ਫਤਿਹ ਕੀਤਾ ਹੈ। ਉਸ ਸਮੇਂ ਤੋਂ ਇਸਨੂੰ ਜਾਣਨ ਦੀ, ਦੇਖਣ ਦੀ ਤੇ ਉਥੋਂ ਦੁਨੀਆਂ ਕਿਹੋ ਜਿਹੀ ਦਿਖਾਈ ਦਿੰਦੀ ਹੈ, ਇਹ ਦੇਖਣ ਸਮਝਣ ਦੀ ਲਲਕ ਜਿਹੀ ਲੱਗੀ ਹੋਈ ਹੈ। ਇਸ ਸਭ ਨੂੰ ਦੇਖਦੇ ਸੋਚਦੇ ਹੋਏ ਦਿਮਾਗ ਵਿਚ ਕਈ ਤਰ੍ਹਾਂ ਦੇ ਪ੍ਰਸ਼ਨ ਉਠਦੇ ਹਨ ਕਿ ਜਿਵੇਂ ਅਸੀਂ ਧਰਤੀ ਤੋਂ ਰਾਤ ਨੂੰ ਤਾਰਿਆਂ ਨੂੰ ਦੇਖਦੇ ਹਾਂ, ਕੀ ਚੰਦਰਮਾ 'ਤੇ ਵੀ ਸਾਨੂੰ ਤਾਰੇ ਦਿਖਾਈ ਦਿੰਦੇ ਹਨ? ਧਰਤੀ ਤੋਂ ਦੇਖਣ 'ਤੇ ਸਾਨੂੰ ਤਾਰੇ ਟਿਮਟਿਮਾਉਂਦੇ ਹੋਏ ਦਿਖਾਈ ਦਿੰਦੇ ਹਨ। ਕੀ ਚੰਦਰਮਾ 'ਤੇ ਵੀ ਅਜਿਹਾ ਹੀ ਵਰਤਾਰਾ ਹੋਵੇਗਾ? ਉਥੇ ਵੀ ਸਾਨੂੰ ਤਾਰੇ ਜਗਦੇ ਬੁੱਝਦੇ ਟਿਮਟਿਮਾਉਂਦੇ ਦਿਖਾਈ ਦੇਣਗੇ?

ਇਸ ਸਭ ਨੂੰ ਸਮਝਣ ਦੇ ਲਈ ਸਾਨੂੰ ਸਭ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ਕੀ ਤਾਰੇ ਆਖਰ ਹੁੰਦੇ ਕੀ ਹਨ? ਅਤੇ ਕੀ ਇਹ ਅਸਲ ਵਿਚ ਟਿਮਟਿਮਾਉਂਦੇ ਆਉਂਦੇ ਹਨ? ਸਾਨੂੰ ਜਿੰਨੇ ਵੀ ਤਾਰੇ ਦਿਖਾਈ ਦਿੰਦੇ ਹਨ, ਅਸਲ ਵਿਚ ਇਹ ਸਾਰੇ ਸੂਰਜ ਹੀ ਹਨ, ਸਾਡਾ ਸੂਰਜ ਵੀ ਇੱਕ ਤਾਰਾ ਹੈ। ਪਰ ਦੂਜੇ ਤਾਰਿਆਂ ਦੇ ਮੁਕਾਬਲੇ ਬਹੁਤ ਜ਼ਿਆਦਾ ਨੇੜੇ ਹੋਣ ਦੇ ਕਾਰਨ ਇਹ ਸਾਨੂੰ ਇਨਾ ਵੱਡਾ ਅਤੇ ਚਮਕਦਾਰ ਦਿਖਾਈ ਦਿੰਦਾ ਹੈ। ਦੂਜੇ ਪਾਸੇ ਦਿਖਣ ਵਾਲੇ ਸਾਰੇ ਤਾਰੇ ਸਾਡੇ ਤੋਂ ਬਹੁਤ ਜ਼ਿਆਦਾ ਦੂਰ ਹਨ, ਇੰਨੀ ਜ਼ਿਆਦਾ ਦੂਰ ਹਨ ਕਿ ਇਨ੍ਹਾਂ ਤੋਂ ਸਾਡੇ ਤੱਕ ਪ੍ਰਕਾਸ਼ ਪਹੁੰਚਣ ਨੂੰ ਵੀ ਕਈ ਕਈ ਵਰ੍ਹੇ ਲੱਗ ਜਾਂਦੇ ਹਨ।

ਤੁਹਾਨੂੰ ਇਹ ਜਾਣ ਕੇ ਬੜੀ ਹੈਰਾਨੀ ਹੋਵੇਗੀ ਕਿ ਇਨ੍ਹਾਂ ਵਿਚੋਂ ਕੋਈ ਵੀ ਤਾਰਾ ਜਗਮਗ-ਜਗਮਗ ਨਹੀਂ ਕਰਦਾ, ਭਾਵ ਟਿਮਟਿਮਾਉਂਦਾ ਨਹੀਂ। ਇਨ੍ਹਾਂ ਦੇ ਸਾਨੂੰ ਟਿਮਟਿਮਾਉਂਦੇ ਦਿਖਣ ਦਾ ਕਾਰਨ ਅਸਲ ਵਿਚ ਇੱਕ ਵਾਯੂਮੰਡਲੀ ਵਰਤਾਰਾ ਹੈ। ਸਾਡੀ ਧਰਤੀ ਕੋਲ ਵਾਯੂਮੰਡਲ ਹੈ। ਜਦੋਂ ਸੂਰਜ ਦਾ ਪ੍ਰਕਾਸ਼ ਧਰਤੀ ਵੱਲ ਆਉਂਦਾ ਹੈ, ਤਾਂ ਇਸ ਨੂੰ ਇਸ ਵਾਯੂਮੰਡਲ ਵਿਚੋਂ ਦੀ ਹੋ ਕੇ ਲੰਘਣਾ ਪੈਂਦਾ ਹੈ। ਇਸ ਦੌਰਾਨ ਇਹ ਕਦੇ ਸੰਘਣੇ ਮਾਧਿਅਮ ਵਿਚੋਂ ਅਤੇ ਕਦੇ ਵਿਰਲੇ ਮਾਧਿਅਮ ਵਿਚੋਂ ਲੰਘਦਾ ਹੈ। (ਸੰਘਣਾ ਮਤਲਬ ਜਿੱਥੇ ਹਵਾ, ਗੈਸਾਂ ਜ਼ਿਆਦਾ ਹੋਣ ਅਤੇ ਵਿਰਲਾ ਮਤਲਬ ਜਿੱਥੇ ਇਨ੍ਹਾਂ ਦੀ ਸੰਘਣਤਾ ਘੱਟ ਹੋਵੇ) ਜਦੋਂ ਪ੍ਰਕਾਸ਼ ਇੱਕ ਮਾਧਿਅਮ ਤੋਂ ਦੂਜੇ ਮਾਧਿਅਮ ਵਿਚ ਜਾਂਦਾ ਹੈ, ਤਾਂ ਇਹ ਆਪਣਾ ਰਸਤਾ ਬਦਲ ਲੈਂਦਾ ਹੈ। ਭਾਵ ਪ੍ਰਕਾਸ਼ ਦਾ ਅਪਵਰਤਨ ਹੋ ਜਾਂਦਾ ਹੈ। ਜਦੋਂ ਇਹ ਵਿਰਲੇ ਤੋਂ ਸੰਘਣੇ ਮਾਧਿਅਮ ਵਿਚ ਜਾਂਦਾ ਹੈ, ਤਾਂ ਅਭਿਲੰਬ ਵੱਲ ਭਾਵ ਅੰਦਰ ਨੂੰ ਮੁੜ ਜਾਂਦਾ ਹੈ ਅਤੇ ਜਦੋਂ ਸੰਘਣੇ ਮਾਧਿਅਮ ਤੋਂ ਵਿਰਲੇ ਮਾਧਿਅਮ ਵੱਲ ਜਾਂਦਾ ਹੈ, ਤਾਂ ਅਭਿਲੰਬ ਤੋਂ ਪਰ੍ਹਾਂ ਭਾਵ ਰਸਤਾ ਬਦਲ ਕੇ ਬਾਹਰ ਵੱਲ ਨੂੰ ਚਲਾ ਜਾਂਦਾ ਹੈ। ਇਸੇ ਕਰਕੇ ਪ੍ਰਕਾਸ਼ ਦੇ ਕਦੇ ਇਧਰ ਕਦੇ ਉਧਰ ਹੋ ਕੇ ਸਾਡੀ ਅੱਖ ਤੱਕ ਪਹੁੰਚਣ 'ਤੇ ਇਹ ਟੁੱਟ-ਟੁੱਟ ਕੇ ਪਹੁੰਚਦਾ ਜਾਪਦਾ ਹੈ। ਇਸੇ ਕਾਰਨ ਉਹ ਤਾਰਾ ਜਿਸ ਤੋਂ ਇਹ ਪ੍ਰਕਾਸ਼ ਆ ਰਿਹਾ ਹੁੰਦਾ ਹੈ, ਸਾਨੂੰ ਟਿਮਟਿਮਾਉਂਦਾ ਹੋਇਆ ਦਿਖਾਈ ਦਿੰਦਾ ਹੈ। ਇਹ ਸਾਰਾ ਕੁਝ ਵਾਯੂਮੰਡਲ ਵਿਚ ਮੌਜੂਦ ਗੈਸਾਂ ਹਵਾ ਆਦਿ ਦੇ ਕਾਰਨ ਹੀ ਹੈ।

ਹੁਣ ਚੰਦਰਮਾ ਦੀ ਗੱਲ ਕਰਦੇ ਹਾਂ। ਚੰਦਰਮਾ 'ਤੇ ਧਰਤੀ ਵਾਂਗ ਵਾਯੂਮੰਡਲ ਹੈ ਹੀ ਨਹੀਂ। ਵਾਯੂਮੰਡਲ ਦੀ ਅਣਹੋਂਦ ਦੇ ਕਾਰਨ ਚੰਦਰਮਾ 'ਤੇ ਸੂਰਜ ਤੋਂ ਆਣ ਵਾਲੇ ਪ੍ਰਕਾਸ਼ ਦਾ ਅਪਵਰਤਨ ਹੁੰਦਾ ਹੀ ਨਹੀਂ। ਭਾਵ ਨਾ ਇਸ ਨੂੰ ਵਿਰਲੇ ਤੋਂ ਸੰਘਣੇ ਮਾਧਿਅਮ ਵੱਲ ਜਾਣਾ ਪੈਂਦਾ ਹੈ ਅਤੇ ਨਾ ਸੰਘਣੇ ਤੋਂ ਵਿਰਲੇ ਵੱਲ। ਜਿਸ ਕਾਰਨ ਪ੍ਰਕਾਸ਼ ਸਿੱਧਾ ਵੇਖਣ ਵਾਲੇ ਦੀ ਅੱਖ ਤੱਕ ਪਹੁੰਚਦਾ ਹੈ ਅਤੇ ਨਿਰਵਿਘਨ ਲਗਾਤਾਰ ਪਹੁੰਚਦਾ ਹੈ। ਇਸੇ ਕਾਰਨ ਤਾਰਾ ਉੱਥੇ ਟਿਮਟਿਮਾਉਂਦਾ ਹੋਇਆ ਦਿਖਾਈ ਨਹੀਂ ਦਿੰਦਾ।

ਸੂਰਜ ਦਾ ਪ੍ਰਕਾਸ਼ ਜਦੋਂ ਧਰਤੀ ਤੋਂ ਟਕਰਾ ਕੇ ਵਾਪਸ ਮੁੜਦਾ ਹੈ, ਭਾਵ ਪਰਾਵਰਤਿਤ ਹੁੰਦਾ ਹੈ, ਤਾਂ ਵਾਯੂਮੰਡਲ ਵਿਚ ਇਸ ਦਾ ਖੰਡਰਾਓ ਹੋ ਜਾਂਦਾ ਹੈ, ਜਿਸ ਕਾਰਨ ਧਰਤੀ ਤੋਂ ਬਾਹਰੋਂ ਪੁਲਾੜ ਵਿਚ ਦੇਖਣ 'ਤੇ ਸਾਨੂੰ ਇੱਥੇ ਜ਼ਿਆਦਾ ਚਮਕ ਦਿਖਾਈ ਦਿੰਦੀ ਹੈ।


ਚੰਦਰਮਾ 'ਤੇ ਅਜਿਹਾ ਕੁਝ ਨਹੀਂ ਹੁੰਦਾ। ਇਸੇ ਕਾਰਨ ਚੰਦਰਮਾ ਤੋਂ ਧਰਤੀ ਨੂੰ ਦੇਖਣ 'ਤੇ ਧਰਤੀ ਚੰਦਰਮਾ ਤੋਂ ਕਈ ਗੁਣਾਂ ਜ਼ਿਆਦਾ ਚਮਕਦਾਰ ਦਿਖਾਈ ਦਿੰਦੀ ਹੈ। ਇਸੇ ਕਾਰਨ ਸਾਨੂੰ ਦਿਨ ਵਿਚ ਧਰਤੀ ਉੱਤੇ ਤਾਰੇ ਦਿਖਾਈ ਨਹੀਂ ਦਿੰਦੇ। ਜਦਕਿ ਜੇ ਅਸੀਂ ਦਿਨ ਵਿਚ ਚੰਦਰਮਾ ਤੇ ਚੰਦਰਮਾ ਦੀ ਸਤਾ 'ਤੇ ਖੜ੍ਹ ਕੇ ਦੇਖੀਏ, ਤਾਂ ਸਾਨੂੰ ਉੱਥੇ ਤਾਰੇ ਦਿਖਾਈ ਦੇਣਗੇ। ਭਾਵ ਚੰਦਰਮਾ 'ਤੇ ਦਿਨ ਵਿਚ ਵੀ ਤਾਰੇ ਦਿਖਾਈ ਦਿੰਦੇ ਹਨ ਅਤੇ ਚੰਦਰਮਾ 'ਤੇ ਤਾਰੇ ਟਿਮਟਿਮਾਉਂਦੇ ਹੋਏ ਵੀ ਦਿਖਾਈ ਨਹੀਂ ਦਿੰਦੇ।

# 'ਦਿਲਾਂ ਦੀ ਜੂਹ'

-ਸ਼ਿਵਚਰਨ ਜੱਗੀ ਕੁੱਸਾ
(Punjab Mail USA)



## ਕਾਂਡ ਛੇ




ਅੱਜ ਸ਼ਾਮ ਕੌਰ ਪਾਠੀ ਬੋਲਦੇ ਨਾਲ਼ ਨਹੀਂ, ਥੋੜ੍ਹੀ ਦੇਰ ਨਾਲ਼ ਉਠੀ ਸੀ।

ਪਸ਼ੂਆਂ ਨੂੰ ਪੱਠੇ ਉਸ ਨੇ ਆਪ ਹੀ ਪਾ ਦਿੱਤੇ। ਗਿੰਦਰ ਨੂੰ ਉਠਾਉਣ ਨੂੰ ਉਸ ਦਾ ਮਨ ਨਹੀਂ ਕੀਤਾ ਸੀ।

ਸੂਰਜ ਦੀ ਪਹਿਲੀ ਕਿਰਨ ਨਾਲ਼ ਉਸ ਨੇ ਖੁੱਲ੍ਹੀ-ਡੁੱਲ੍ਹੀ ਚਾਹ ਬਣਾ ਕੇ ਸਾਰਿਆਂ ਨੂੰ ਅਵਾਜ਼ ਦੇ ਦਿੱਤੀ।

ਗਿੰਦਰ ਨਲ਼ਕੇ ਤੋਂ ਮੂੰਹ ਧੋਣ ਚਲਿਆ ਗਿਆ।

ਨਾਜਰ ਅਜੇ ਰਜਾਈ ਵਿਚ ਪਿਆ ਬਨੇਰੇ 'ਤੇ ਚੜ੍ਹਦੀ ਧੁੱਪ ਦੀ ਰਫ਼ਤਾਰ ਮਾਪ ਰਿਹਾ ਸੀ।

ਰਾਤ ਦੀ ਪੀਤੀ ਹੋਣ ਕਰ ਕੇ ਉਸ ਦਾ ਚਿੱਤ "ਘਾਂਊਂ-ਮਾਂਊਂ" ਜਿਹਾ ਹੋਇਆ, ਕੋਚਰ ਵਾਂਗ ਝਾਕ ਰਿਹਾ ਸੀ।

-"ਉਠ ਖੜ੍ਹ..! ਪੀ ਚਾਹ...! ਬਣ ਮੱਲ..!" ਗਿੰਦਰ ਨੇ ਨਾਜਰ ਕੋਲ਼ ਬੈਠਦਿਆਂ ਕਿਹਾ।

-"ਮੱਲ-ਮੁੱਲ ਤਾਂ ਹੁਣ ਕੀ ਬਣਨੈਂ ਬਾਈ..!" ਉਸ ਨੇ ਧੁਰਲ਼ੀ ਜਿਹੀ ਮਾਰ ਕੇ ਉਠਣਾ ਚਾਹਿਆ, ਪਰ ਸਰੀਰ ਨੇ ਸਾਥ ਨਾ ਦਿੱਤਾ ਅਤੇ ਉਹ ਫ਼ਿਰ ਪੈ ਗਿਆ।

-"ਆਹ ਫ਼ੜ..! ਸ਼ਾਮੋਂ ਨੂੰ ਨਾ ਪਤਾ ਲੱਗ'ਜੇ..!" ਗਿੰਦਰ ਨੇ ਨਾਜਰ ਨੂੰ ਪਰਦੇ ਨਾਲ਼ ਅਫ਼ੀਮ ਦਾ ਕੰਡਾ ਦਿੰਦਿਆਂ ਕਿਹਾ।

-"ਇਹ ਕੰਮ ਵੀ ਕਰ ਲੈਨੈਂ..?"

-"ਜਦੋਂ ਕਦੇ ਸਰੀਰ ਟੱਸ ਜੀ ਨਾ ਫ਼ੜੇ, ਓਦੋਂ ਸਰੀਰ ਬੰਨ੍ਹ ਲਈਦੈ, ਨਹੀਂ ਨਿੱਤ ਨੀ..!"

ਅੱਖ ਜਿਹੀ ਬਚਾ ਕੇ ਨਾਜਰ ਨੇ ਕੰਡਾ ਮੂੰਹ ਅੰਦਰ ਸੁੱਟ, ਥੁੱਕ ਨਾਲ਼ ਹੀ ਅੰਦਰ ਲੰਘਾ ਲਿਆ।

ਉਸ ਦਾ ਸੰਘ ਕੌੜਾ-ਕੌੜਾ ਹੋ ਗਿਆ ਸੀ।

ਉਹ ਉਠ ਕੇ ਕੁਰਲ਼ੀ ਕਰਨ ਚਲਿਆ ਗਿਆ।

-"ਤੂੰ ਅੱਜ ਨਾਜਰ ਦੇ ਨਾਲ਼ ਈ ਜਾਣੈਂ..?" ਗਿੰਦਰ ਨੇ ਸ਼ਾਮੋਂ ਨੂੰ ਸੁਆਲ ਕੀਤਾ।

-"ਜਾ ਈ ਆਵਾਂ..?" ਉਸ ਨੇ ਗਿੰਦਰ ਤੋਂ ਇਜਾਜ਼ਤ ਮੰਗੀ।

-"ਅੱਜ ਈ ਜਾਹ, ਪਰਸੋਂ ਤਾਂ ਮੈਂ ਅਜੰਟ ਨੂੰ ਮਿਲਣ ਜਾਣੈਂ, ਅੱਜ ਈ ਜਾਹ, ਕੱਲ੍ਹ ਨੂੰ ਮੁੜ ਆਈਂ..!"

-"ਮੈਂ ਨਾਲ਼ ਆਪਣੀ ਜਿੰਦਰ ਨੂੰ ਵੀ ਲੈ ਜਾਨੀਂ ਐਂ, ਨਾਨੀ ਨੂੰ ਮਿਲ਼ ਆਊ..! ਬਾਹਲ਼ੇ ਆਰੀ ਕਿਹੈ ਬੇਬੇ ਨੇ..!"

-"ਲੈ'ਜਾ....! ਜਿੰਦਰ ਨੂੰ ਵੀ ਲੈ'ਜਾ..! ਇਹਨੂੰ ਛੁੱਟੀਆਂ ਈ ਐ..! ਤਿਆਰ ਹੋ'ਜੋ, ਗਿਆਰਾਂ ਆਲ਼ੀ ਬੱਸ ਫ਼ੜ ਲਓ..! ਕੱਲ੍ਹ ਨੂੰ ਏਸੇ ਬੱਸ 'ਤੇ ਈ ਮੁੜ ਆਇਓ..! ਸਾਡੀਆਂ ਰੋਟੀਆਂ ਲਾਹ ਕੇ ਰੱਖ'ਜੀਂ..!"

-"ਰੋਟੀਆਂ ਮੈਂ ਲਾਹ ਦਿੰਨੀ ਐਂ..! ਨਾਜਰਾ ਤੂੰ ਨ੍ਹਾਹ ਲੈ..!"

-"ਨ੍ਹਾਉਣ ਨੂੰ ਇਹਨੇ ਰੌਲ਼ 'ਤੇ ਬਹਿਣੈਂ..?" ਗਿੰਦਰ ਨੇ 'ਆਰ' ਲਾਈ।

-"ਨਾਲ਼ੇ ਸ਼ੇਰਾਂ ਨੂੰ ਕੀਹਨੇ ਨੁਹਾਇਐ..?" ਨਾਜਰ ਬੋਲਿਆ।

-"ਗਿੱਦੜ ਕਿਹੜਾ ਕੱਚੀ ਲੱਸੀ 'ਨਾ ਨ੍ਹਾਉਂਦੇ ਐ..? ਗੱਲੀਂ-ਬਾਤੀਂ ਸ਼ੇਰ ਨਾ ਬਣਿਆਂ ਕਰ..!"

ਉਨ੍ਹਾਂ ਨੇ ਹੱਸਦਿਆਂ ਨੇ ਚਾਹ ਦੇ ਗਿਲਾਸ ਚੁੱਕ ਕੇ ਮੂੰਹ ਨੂੰ ਲਾ ਲਏ।

-"ਤੇਰੇ ਕੰਡੇ ਨੇ ਸਰੀਰ ਬੰਨ੍ਹ'ਤਾ ਗਿੰਦਰਾ..! ਮੇਰਾ ਤਾਂ ਜਮਾਂ ਈ ਚੱਕਾ ਜਾਮ ਹੋਇਆ ਪਿਆ ਸੀ..!"

-"ਹੁਣ ਤੂੰ ਡੌਂਡੀ ਪਿੱਟਣੀਂ ਐਂ..? ਸ਼ਾਮੋਂ ਤਾਂ ਦਾਰੂ ਨੂੰ ਅਲੀ-ਅਲੀ ਕਰ ਕੇ ਪੈ ਜਾਂਦੀ ਐ, ਇਹਦੇ ਬਾਰੇ ਪਤਾ ਲੱਗ ਗਿਆ ਤਾਂ ਵੱਢਣ ਆਊਗੀ, ਕਿਤੇ ਹੋਰ ਨਾ ਪੰਗਾ ਖੜ੍ਹਾ ਕਰ ਦੇਈਂ..!"

-"ਮੈਂ ਕਮਲ਼ੈਂ..?"

-"ਮੈਨੂੰ ਤੇਰਾ 'ਤਬਾਰ ਜਿਆ ਘੱਟ ਈ ਐ, ਤੂੰ ਉਭੜਵਾਹੇ ਮੂੰਹ 'ਚੋਂ ਪਤਾ ਨੀ ਕੀ ਕੱਢ ਮਾਰਨਾ ਹੁੰਦੈ..!"

-"ਚੰਗਾ, ਤੂੰ ਹੁਣ ਚੁੱਪ ਦਾ ਦਾਨ ਬਗਸ਼..!" ਨਾਜਰ ਨੇ ਚਾਹ ਵਾਲ਼ਾ ਖਾਲੀ ਗਿਲਾਸ ਰੱਖ ਕੇ ਹੱਥ ਜੋੜ ਦਿੱਤੇ।

-"ਜਿੰਦਰ ਤੂੰ ਨ੍ਹਾਹ ਲੈ ਪੁੱਤ..! ਆਪਾਂ ਤੇਰੇ ਨਾਨਕੀਂ ਜਾਣੈਂ..!" ਰਸੋਈ ਵਿਚੋਂ ਸ਼ਾਮੋਂ ਦੀ ਅਵਾਜ਼ ਆਈ।

ਜਿੰਦਰ ਚੁੱਪ-ਚਾਪ ਬਾਲ਼ਟੀ ਭਰ ਨਹਾਉਣ ਚਲੀ ਗਈ।

ਨਾਨਕਿਆਂ ਦਾ ਨਾਂ ਸੁਣ ਕੇ ਦੂਜੇ ਜੁਆਕਾਂ ਨੇ ਵੀ ਨਾਲ਼ ਜਾਣ ਦੀ ਰਿਹਾੜ ਫ਼ੜ ਲਈ।

-"ਆਹ ਸੁਣ ਲੈ ਗੱਲ..!" ਸ਼ਾਮੋਂ ਨੇ ਗਿੰਦਰ ਨੂੰ ਹਾਕ ਦਿੱਤੀ।

-"ਕੀ ਗੱਲ ਐ..?"

-"ਆਹ ਸਾਰੇ ਜੁਆਕ ਈ ਬੁੱਲ੍ਹ ਜੇ ਸਿੱਟਣ ਲੱਗ ਪਏ, ਅਖੇ ਅਸੀਂ ਵੀ ਨਾਨਕੀਂ ਜਾਣੈਂ..!"

-"ਜਾਹ ਲੈ'ਜਾ ਇਨ੍ਹਾਂ ਨੂੰ ਵੀ..! ਮੇਲਾ-ਗੇਲਾ ਕਰ ਆਉਣਗੇ..!"

-"ਮੇਲਿਆਂ-ਗੇਲਿਆਂ ਨੂੰ ਕੀ ਬਾਂਹਾਂ ਆਕੜ 'ਗੀਆਂ ਇਨ੍ਹਾਂ ਦੀਆਂ..? ਘਰੇ ਬਹਿ ਕੇ ਪੜ੍ਹਿਆ ਨੀ ਜਾਂਦਾ..?"

-"ਇੱਕ ਦਿਨ ਦੀ ਪੜ੍ਹਾਈ ਨਾਲ਼ ਤਾਂ ਮੈਂ ਕਹਿੰਨੈ ਕਿਤੇ ਕਾਨੂੰਗੋ ਨਾ ਬਣ ਜਾਣ..! ਜਾਹ ਲੈ'ਜਾ ਇਨ੍ਹਾਂ ਨੂੰ, ਚਲੋ ਓਏ, ਹੋਵੋ ਤਿਆਰ..!"

ਖ਼ੁਸ਼ੀ ਵਿਚ ਜੁਆਕ ਕੱਛਾਂ ਵਜਾਉਣ ਲੱਗ ਪਏ।

ਤਿਆਰ ਹੋ ਕੇ ਉਨ੍ਹਾਂ ਨੇ ਗਿਆਰਾਂ ਵਜੇ ਵਾਲ਼ੀ ਬੱਸ ਫ਼ੜ ਲਈ ਅਤੇ ਸ਼ਾਮੋਂ ਦੇ ਪੇਕੀਂ ਆ ਉੱਤਰੇ।

ਜਦ ਨਾਜਰ ਦੀ ਛੋਟੀ ਭਰਜਾਈ ਨੂੰ ਸ਼ਾਮ ਕੌਰ ਆਉਣ ਦੀ ਭਿਣਕ ਪਈ, ਤਾਂ ਉਸ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਉਹ ਆਪਣਾ ਹਿੱਸਾ ਵੰਡਾ ਕੇ ਲੈ ਜਾਣ ਦੇ ਡਰੋਂ ਸ਼ਾਮ ਕੌਰ ਤੋਂ ਕੰਨ ਭੰਨਦੀ ਸੀ। ਕਿਉਂਕਿ ਸ਼ਾਮ ਕੌਰ ਨੇ ਸਾਰੀਆਂ ਭਰਜਾਈਆਂ ਨੂੰ ਕੰਨ ਕੀਤੇ ਹੋਏ ਸਨ, "ਕੰਨ ਖੋਲ੍ਹ ਕੇ ਸੁਣ ਲਿਓ ਮੇਰੀ ਇੱਕ ਗੱਲ..! ਜਿਸ ਦਿਨ ਕਿਸੇ ਨੇ ਚਤਰਾਈ ਜਾਂ ਕੋਈ ਤਿੱਤਰ-ਬਿੱਤਰੀ ਖੇਡੀ, ਮੈਂ ਆਬਦਾ ਹਿੱਸਾ ਵੰਡਾ ਲੈਣੈ..!" ਸ਼ਾਮ ਕੌਰ ਦੀ ਇਹ ਚੇਤਾਵਨੀ ਸਭ ਤੋਂ ਜ਼ਿਆਦਾ ਛੋਟੀ ਭਰਜਾਈ ਦਾ ਕਾਲ਼ਜਾ ਕੱਢਦੀ ਸੀ। ਛੋਟੀ ਭਰਜਾਈ ਨਸੀਬ ਕੌਰ ਮੂੰਹ ਦੀ ਮਿੱਠੀ, ਨੀਅਤ ਦੀ ਖੋਟੀ ਅਤੇ ਅੱਖ ਦੀ ਬੇਈਮਾਨ ਸੀ। ਆਪਣੇ ਮਤਲਬ ਲਈ ਤਾਂ ਉਹ ਗਧੇ ਨੂੰ ਵੀ 'ਬਾਪ' ਬਣਾ ਸਕਦੀ ਸੀ। ਉਸ ਨੇ ਵਿਆਹੇ-ਵਰੇ ਅਤੇ ਕਬੀਲਦਾਰ ਜੇਠ ਨਾਜਰ 'ਤੇ ਵੀ ਬਥੇਰੇ ਡੋਰੇ ਪਾਉਣੇ ਚਾਹੇ, ਪਰ ਦਿਲ ਦੇ ਸੱਚੇ ਅਤੇ ਸੁੱਚੇ ਨਾਜਰ ਨੇ ਅੱਖ ਮੈਲ਼ੀ ਨਾ ਕੀਤੀ। ਜਦ ਉਸ ਦੇ ਤੀਰ ਕਿਸੇ ਨਿਸ਼ਾਨੇ 'ਤੇ ਨਾ ਵੱਜੇ, ਤਾਂ ਅਖੀਰ ਉਸ ਨੇ ਵਧੀਕੀਆਂ ਕਰ-ਕਰ ਨੱਕ 'ਚ ਦਮ ਕਰਨਾ ਸ਼ੁਰੂ ਕਰ ਦਿੱਤਾ। ਹੁਣ ਉਹ ਨਾਜਰ ਦੇ ਹਿੱਸੇ ਆਏ ਪਲਾਟ ਵਿਚੋਂ ਰੂੜੀ ਨਹੀਂ ਚੁੱਕ ਰਹੀ ਸੀ। ਪੰਚਾਇਤ ਇਕੱਠੀ ਕਰਕੇ ਨਾਜਰ ਘਰ ਦਾ ਤਮਾਸ਼ਾ ਨਹੀਂ ਬਣਾਉਣਾ ਚਾਹੁੰਦਾ ਸੀ, ਕਿਉਂਕਿ ਇੱਕ ਵਾਰ ਸਰਾਸਰ ਬੇਕਸੂਰ ਨਾਜਰ ਤਮਾਸ਼ਾ ਬਣ ਚੁੱਕਿਆ ਸੀ। ਘਰਾਂ ਵਿਚੋਂ ਲੱਗਦੇ ਤਾਏ ਨੰਬਰਦਾਰ ਨੂੰ ਨਾਲ਼ ਲੈ ਨਾਜਰ ਨੇ ਛੋਟੀ ਭਰਜਾਈ ਨਸੀਬ ਕੌਰ ਨੂੰ ਸਮਝਾਉਣਾ ਚਾਹਿਆ, "ਭਾਈ ਨਸੀਬ ਕੁਰੇ, ਆਪਣਾ ਨਾਜਰ ਸਿਉਂ ਬਾਲ ਬੱਚੜਦਾਰ ਐ, ਕਬੀਲਦਾਰ ਐ, ਧੀਆਂ ਵਿਆਹੁੰਣ ਆਲੀਐਂ, ਤੂੰ ਇਹਦੇ ਪਲਾਟ 'ਚੋਂ ਰੂੜੀ ਕਿਉਂ ਨੀ ਚੱਕਦੀ? ਇਹਨੇ ਆਬਦੇ ਚਾਰ ਖਣ ਛੱਤਣੇਂ ਐਂ..!" ਤਾਏ ਨੰਬਰਦਾਰ ਨੇ ਸ਼ਾਂਤਮਈ ਢੰਗ ਨਾਲ਼ ਸਮਝੌਤੀ ਜਿਹੀ ਦਿੱਤੀ।

-"ਤਾਇਆ ਜੀ, ਤੂੰ ਦਾਹੜੀ ਕੱਢ ਕੇ ਬੱਗੀ, ਮੈਨੂੰ ਤਾੜਨਾਂ ਕਰਨ ਆ ਗਿਐਂ, ਕਦੇ ਇਹਨੂੰ ਮੇਰੇ ਸਾਹਮਣੇ ਬਿਠਾ ਕੇ ਪੁੱਛ, ਬਈ ਜਦੋਂ ਰਾਤ ਨੂੰ ਦਾਰੂ ਨਾਲ਼ ਡੱਕ ਕੇ ਆ ਕੇ ਮੇਰੇ ਨਾਲ਼ ਪੈ ਕੇ ਲਾਰੇ ਲਾਉਂਦਾ ਸੀ, ਉਹ ਇਹਦੇ ਉਹ ਕੌਲ-ਕਰਾਰ ਕਿੱਧਰ ਗਏ..?" ਨਸੀਬ ਕੌਰ ਨੇ ਅਜੀਬ ਹੀ ਭਾਖਿਆ ਦਿੱਤੀ। ਇੱਕ ਤਰ੍ਹਾਂ ਨਾਲ਼ ਕੱਛ 'ਚੋਂ ਮੂੰਗਲ਼ਾ ਚਲਾਇਆ।

-"ਲੈ ਦੇਖ ਲੈ ਤਾਇਆ, ਦੇਖ ਲੈ ਪੱਗ ਦਿੰਦੀ ਮੈਨੂੰ ਧੌਲ਼ੀ ਦਾਹੜ੍ਹੀ ਆਲ਼ੇ ਨੂੰ..!" ਸੱਚਾ ਨਾਜਰ ਲੱਗੀ ਬੇਹੂਦੀ ਊਝ 'ਤੇ ਗੁੱਸੇ ਵਿਚ ਦਧਨ ਹੋ ਗਿਆ।

-"ਐਹੋ ਜਿਆ ਤਾਂ ਭਾਈ ਆਪਣਾ ਨਾਜਰ ਹੈਨ੍ਹੀ..!" ਛਿੱਥਾ ਜਿਹੇ ਪਾਏ ਨੰਬਰਦਾਰ ਤਾਏ ਨੂੰ ਕੋਈ ਗੱਲ ਨਹੀਂ ਔੜ ਰਹੀ ਸੀ।

-"ਦੁੱਧ ਤੇ ਬੁੱਧ ਫ਼ਟਦੀ ਦਾ ਤਾਇਆ ਜੀ ਕੋਈ ਪਤਾ ਨੀ ਲੱਗਦਾ..! ਥੋਨੂੰ ਤਾਂ ਇਹ ਲੈ ਕੇ ਆਇਐ, ਤੁਸੀਂ ਤਾਂ ਇਹਦਾ ਪੱਖ ਈ ਲੈਣੈ..! ਥੋਨੂੰ ਇਹ ਵੀ ਝਾਕ ਐ, ਬਈ ਨਾਜਰ ਆਥਣੇ ਘੁੱਟ ਲੁਆ ਦਿਊ, ਤੇ ਨਸੀਬ ਕੁਰ ਕੋਲ਼ੋਂ ਮਿਲਣਾ ਕੱਖ ਨੀ, ਤੁਸੀਂ ਇਹਦਾ ਪੱਖ ਕਿਉਂ ਨਾ ਲਵੋਂ..? ਥੋਡੀ ਤਾਂ ਸਾਧ ਦੀ ਕੁੱਤੀ ਆਲ਼ੀ ਗੱਲ ਐ, ਬਈ ਜੀਹਦੀ ਢੂਹੀ ਨੂੰ ਆਟਾ ਲੱਗਿਆ ਦੇਖਿਆ, ਓਹਦੇ ਮਗਰ ਈ ਲੱਗ ਤੁਰੀ, ਬਈ ਆਥਣੇ ਟੁਕੜੇ ਐਹਦੇ ਕੋਲ਼ੋਂ ਈ ਮਿਲਣਗੇ..! ਕਬਰਾਂ 'ਚ ਤੇਰੀਆਂ ਲੱਤੈਂ, ਕੁਛ ਤਾਂ ਸੋਚ ਕਰ..!"

-"ਨੀ ਤੂੰ ਕੁਛ ਤਾਂ ਸ਼ਰਮ ਕਰ..! ਕਿਉਂ ਬਿਰਧ ਤਾਏ 'ਤੇ 'ਲਜਾਮ ਲਾ ਕੇ ਮੂੰਹ ਕਾਲ਼ਸ ਮਲ਼ਦੀ ਐਂ..? ਰੱਬ ਤੋਂ ਡਰ..!" ਨਾਜਰ ਤੋਂ ਬਜ਼ੁਰਗ ਤਾਏ ਦੀ ਬੇਇੱਜ਼ਤੀ ਜਰੀ ਨਾ ਗਈ। ਨਸੀਬ ਕੌਰ ਤਾਂ ਬਿਨਾਂ ਗੱਲੋਂ ਪੁੱਠੀ ਗੰਗਾ ਵਗਾਉਣ ਲੱਗ ਪਈ ਸੀ।

-"ਜਿਹੋ ਜੀ ਕੋਕੋ, ਓਹੋ ਜੇ ਕੋਕੋ ਦੇ ਬੱਚੇ..! ਜਿਹੋ ਜਿਆ ਸੰਤ ਤੂੰ, ਓਹੋ ਜਿਆ ਸਾਧ ਤੇਰਾ ਤਾਇਆ..!"

-"ਜਾਗਰ ਕਿੱਥੇ ਐ ਭਾਈ..?" ਤਾਏ ਨੇ ਜਾਂਦੀ ਬਾਜ਼ੀ ਹੱਥ 'ਚ ਕਰਨ ਦੀ ਕੋਸ਼ਿਸ਼ ਕੀਤੀ।

-"ਕਿਉਂ..? ਤੁਸੀਂ ਜਾਗਰ ਨੂੰ ਰਿਸ਼ਤਾ ਕਰਨੈਂ...? ਜਿਹੜੀ ਗੱਲ ਐ, ਮੇਰੇ ਨਾਲ਼ ਕਰੋ, ਨਾਲ਼ੇ ਇੱਕ ਗੱਲ ਸੁਣ ਲਿਓ ਧਿਆਨ ਨਾਲ਼, ਕੰਨ ਖੋਲ੍ਹ ਕੇ, ਐਸ ਘਰੇ ਜਾਗਰ ਦੀ ਨੀ, ਮੇਰੀ ਚੱਲਦੀ ਐ..!"

-"ਮੈਂ ਤੇਰੀ ਧੌਣ ਤੋੜਦੂੰ ਗੰਦੀ ਤੀਮੀਂ ਦੀ..!" ਗੱਲ ਨਾਜਰ ਦੇ ਵਿਤੋਂ ਬਾਹਰ ਹੋ ਗਈ ਸੀ।

-"ਤੂੰ ਹੱਥ ਲਾ ਕੇ ਦਿਖਾ, ਦਾਹੜ੍ਹੀ ਪੱਟ ਕੇ .... 'ਚ ਨਾ ਦੇ ਦਿਆਂ, ਮੇਰੇ ਪਿਉ ਦਾ ਸਾਲ਼ਾ, ਹਰੜ ਬੋਕ...!"

-"ਸਾਲ਼ੀਏ ਬਿਰਧ ਤਾਏ ਨੂੰ ਤਾਂ ਬਗਸ਼'ਲਾ..! ਕਿਉਂ ਹਯਾ ਲਾਹਿਐ..?"

-"ਚੱਲ ਨਾਜਰਾ..! ਚੱਲ ਪੁੱਤ..! ਚੱਲ ਉਠ..!"

ਬਿਰਧ ਤਾਇਆ ਨਾਜਰ ਦੀ ਬਾਂਹ ਫ਼ੜ ਕੇ ਬਾਹਰ ਲੈ ਤੁਰਿਆ।

-"ਜਾਹ ਲੈ'ਜਾ ਇਹਨੂੰ..! ਨਹੀਂ ਘੋਟਣੇ ਖਾਊ ਮੈਥੋਂ..!"

-"ਤੂੰ ਹਟ'ਜਾ...! ਨਾ ਇਮਤਿਹਾਨ ਲੈ..!" ਨਾਜਰ ਝਈ ਲੈ ਕੇ ਆਇਆ। ਪਰ ਨੰਬਰਦਾਰ ਤਾਇਆ ਥਮ੍ਹਲੇ ਵਾਂਗ ਅੱਗੇ ਖੜ੍ਹ ਗਿਆ, "ਮੈਂ ਤੈਨੂੰ ਮੂਰਖ ਨਾਲ਼ ਮੂਰਖ ਨੀ ਬਣਨ ਦੇਣਾਂ..!" ਉਸ ਨੇ ਨਾਜਰ ਨੂੰ ਖਿੱਚ ਕੇ ਬਾਹਰ ਨੂੰ ਤੋਰ ਲਿਆ।

-"ਮੂਰਖ ਹੋਊ ਤੇਰੀ ਮਾਂ, ਤੇਰੀ ਭੈਣ, ਤੇਰੀ ਧੀ, ਤੇ ਥੋਡਾ ਸਾਰਾ ਕੋੜਮਾਂ..! ਹੁਣ ਵੜੀਂ ਤੂੰ ਮੇਰੇ ਵਿਹੜੇ, ਜੇ ਜੁੱਤੀਆਂ ਨਾਲ਼ ਮੂੰਹੋਂ ਮੂੰਹ ਨਾ ਭੰਨਿਆਂ, ਮੈਨੂੰ ਨਸੀਬ ਕੁਰ ਨਾ ਆਖੀਂ..! ਬੇੜੀ ਬਹਿਣੇ, ਘਰੇ ਬੈਠਿਆਂ ਨੂੰ ਵੀ ਜਿਉਣ ਨੀ ਦਿੰਦੇ..! ਪੈ'ਜੇ ਪਲੇਗ ਇਨ੍ਹਾਂ ਨੂੰ..!"

ਵੀਹੀ ਵਿਚ ਲੋਕਾਂ ਦਾ ਇਕੱਠ ਹੋ ਗਿਆ ਸੀ।

ਲੋਕ ਤਮਾਸ਼ਾ ਦੇਖਦੇ ਜੀਭਾਂ ਕੱਢਦੇ ਸਨ।

ਤਾਇਆ ਰੇਲਵੇ ਇੰਜਣ ਵਾਂਗ ਨਾਜਰ ਨੂੰ ਵੀਹੀ ਵਿਚ ਧੱਕੀ ਜਾ ਰਿਹਾ ਸੀ।

ਅਚਾਨਕ ਰਸਤੇ ਵਿਚ ਉਨ੍ਹਾਂ ਨੂੰ ਨਾਜਰ ਦਾ ਛੋਟਾ ਭਰਾ ਜਾਗਰ ਮਿਲ਼ ਪਿਆ।

ਲੋਕ ਇਕੱਠੇ ਹੋਏ ਦੇਖ ਕੇ ਉਹ ਭਮੱਤਰ ਗਿਆ।

-"ਕੀ ਹੋ ਗਿਆ..?" ਜਾਗਰ ਦਾ ਮੂੰਹ ਅੱਡਿਆ ਹੋਇਆ ਸੀ।

-"ਹੋ ਗਿਆ ਤੇਰੀ ਮਾਂ ਦਾ ਸਿਰ..!" ਨੰਬਰਦਾਰ ਤਾਏ ਨੇ ਉਸ ਦੀ ਪਤਨੀ ਨਸੀਬ ਕੌਰ ਦਾ ਗੁੱਸਾ ਜਾਗਰ ਦੇ ਸਿਰ ਕੱਢਿਆ।

-"ਮਰ'ਜਾ ਕੁਛ ਖਾ ਕੇ ਜਨਾਨਿਆਂ, ਮਰ ਜਾਹ ਕੁਛ ਖਾ ਕੇ..!" ਕਰੋਧ ਵਿਚ ਨਾਜਰ ਜਾਗਰ ਨੂੰ ਪਿਆ, "ਤੂੰ ਐਨਾਂ ਤੀਮੀਂ ਦੇ ਥੱਲੇ ਲੱਗਜੇਂਗਾ, ਮੈਂ ਨੀ ਸੀ ਕਦੇ ਸੋਚਿਆ..! ਤੂੰ ਤਾਂ ਖਾਨਦਾਨ ਦੀ ਮਿੱਟੀ ਪੁਲੀਤ ਕਰ ਮਾਰੀ ਸਾਲ਼ਿਆ ਖੁਸਰਿਆ..! ਉਹ ਜੋ ਮੂੰਹ ਆਉਂਦੈ, ਬਕਵਾਸ ਕਰੀ ਜਾਂਦੀ ਐ, ਤੇ ਤੂੰ ਸਾਲ਼ਿਆ ਸੀਲ ਕੁੱਕੜ ਬਣ ਕੇ ਸੁਣੀਂ ਜਾਨੈਂ..?"

-"...............।" ਜਾਗਰ ਦੁਬਿਧਾ ਜਿਹੀ ਵਿਚ ਝਾਕ ਰਿਹਾ ਸੀ।

-"ਤੂੰ ਅੰਦਰ ਆ ਜਾਹ ਵੇ...! ਕੋਈ ਨੀ ਲੱਤ ਟੁੱਟਦੀ, ਆ ਅੰਦਰ..! ਖੜ੍ਹਾ ਕਿਮੇਂ ਗਟਰ-ਗਟਰ ਝਾਕੀ ਜਾਂਦੈ ਮੇਰੇ ਪਿਉ ਦਾ ਸਾਲ਼ਾ..!" ਨਸੀਬ ਕੌਰ ਨੇ ਦਬਕਾ ਮਾਰਿਆ, ਤਾਂ ਜਾਗਰ ਘਰ ਵੱਲ ਤੁਰ ਪਿਆ।

-"ਸੁੱਥਣ ਪਾ ਲੈ ਜਨਾਨਿਆਂ, ਸੁੱਥਣ...! ਬੰਦਾ ਅਖਵਾਉਣ ਦੇ ਕਾਬਲ ਹੈਨ੍ਹੀ ਹੁਣ ਤੂੰ..! ਜੇ ਐਨੀ ਈ ਐਸ ਚਗਲ਼ ਤੀਮੀਂ ਦੀ ਜੀ-ਹਜ਼ੂਰੀ ਕਰਨੀ ਐਂ, ਤਾਂ ਸੁੱਥਣ ਪਾ ਲੈ..! ਸਾਲ਼ਾ ਜਨਾਨਾ..! ਹੀਜੜਾ ਕਿਸੇ ਥਾਂ ਦਾ..!"

-"ਕੋਈ ਨੀ..! ਪਾਲਾਂਗੇ ਸੁੱਥਣ, ਕੋਈ ਗੋਲ਼ੀ ਨੀ ਵੱਜਦੀ, ਯਾਦ ਰੱਖੀਂ, ਸੁੱਚਾ ਸੂਰਮਾਂ ਮੈਂ ਤੈਨੂੰ ਵੀ ਨੀ ਬਣਨ ਦਿੰਦੀ..!" ਨਸੀਬ ਕੌਰ ਬਾਂਹਾਂ ਮਾਰ-ਮਾਰ ਬੋਲਦੀ ਸੀ। ਮੂੰਹ 'ਚੋਂ ਉਸ ਦੇ ਝੱਗ ਡਿੱਗਣ ਲੱਗ ਪਈ ਸੀ।

-"ਤੇਰੇ ਆਲ਼ਾ ਘੋਗਾ ਕਿਤੇ ਜ਼ਰੂਰ ਚਿੱਤ ਕਰੂੰਗਾ, ਚਾਹੇ ਸਾਰੀ ਉਮਰ ਕੈਦ ਨਾ ਕੱਟਣੀਂ ਪਵੇ..!"

-"ਆਜੀਂ...! ਜੀ ਆਏ ਨੂੰ...! ਸਾਡੇ ਕਿਹੜਾ ਚੂੜੀਆਂ ਪਾਈਐਂ..?" ਨਸੀਬ ਕੌਰ ਬਾਂਹਾਂ ਚੜ੍ਹਾਉਂਦੀ ਬੋਲੀ, "ਤੂੰ ਅੰਦਰ ਚੱਲ ਕੇ ਪਸ਼ੂਆਂ ਨੂੰ ਪਾਣੀ ਪਿਆ, ਖੜ੍ਹ ਕੇ ਕੀ ਕਬੀਸ਼ਰ ਸੁਣਦੈਂ..? ਨਾਸਾਂ 'ਚ ਦੇਈ ਖੜ੍ਹੈ ਉਂਗਲ਼..!" ਉਹ ਜਾਗਰ ਨੂੰ ਕੁਦਾੜ ਕੇ ਪਈ।

ਜਾਗਰ ਕੜ੍ਹਾਹੀਆ ਚੁੱਕ ਨਲ਼ਕੇ ਵੱਲ ਨੂੰ ਤੁਰ ਪਿਆ।

-"ਜਾਹ ਨਾਜਰਾ, ਨਸੀਬ ਕੁਰ ਨੂੰ 'ਵਾਜ ਮਾਰ ਕੇ ਲਿਆ...!" ਸ਼ਾਮ ਕੌਰ ਦੀ ਅਵਾਜ਼ ਨੇ ਨਾਜਰ ਦੀ ਸੋਚ ਦੀ ਤੰਦ ਤੋੜੀ।

-"ਮੈਂ ਤਾਂ ਨੀ ਭੈਣੇ ਉਸ ਚੁੜੇਲ ਨੂੰ ਬੁਲਾਉਣਾ, ਉਸ ਨੇ ਤਾਂ ਬਿਰਧ ਤਾਏ ਨੂੰ ਨੀ ਬਗਸ਼ਿਆ, ਓਹਦੀ ਵੀ ਲਾਹ ਧਰੀ..! ਮੇਰੇ ਤਾਂ ਓਸ ਦਿਨ ਦੇ ਚੜ੍ਹੀ ਜਾਂਦੇ ਐ, ਵਟਣੇ..!" ਨਾਜਰ ਨੇ ਸਾਰੀ ਗੱਲ ਭੈਣ ਅੱਗੇ ਰੱਖ ਦਿੱਤੀ।

-"ਲੈ ਫ਼ੁੱਟ..! ਅੱਛਾ...? ਜਾਹ ਵੇ ਇੰਦਰਜੀਤ, ਤੂੰ ਬੁਲਾ ਕੇ ਲਿਆ ਆਬਦੀ ਚਾਚੀ ਨੂੰ, ਕਹੀਂ ਸ਼ਾਮੋਂ ਭੂਆ ਨੇ ਸੱਦਿਐ..!"

-"ਜਾਨੈਂ ਭੂਆ..!"

-"ਵੇ ਤੂੰ ਹੁਣੇ ਜਾਹ...! ਨਾਲ਼ੇ ਸਮਾਰ ਕੇ ਜੂੜਾ ਬੰਨ੍ਹ ਲੈ ਆਬਦਾ, ਕਿਮੇਂ ਧੂੰਣੇਂ ਆਲ਼ੇ ਬੂਬਨੇ ਮਾਂਗੂੰ ਵਾਲ਼ ਖਿਲਾਰੇ ਐ..!"

ਇੰਦਰਜੀਤ ਜੂੜਾ ਬੰਨ੍ਹਦਾ ਬਾਹਰ ਨਿਕਲ਼ ਗਿਆ।

ਸੁਨੇਹੇ ਦੇ ਨਾਲ਼ ਹੀ ਨਸੀਬ ਕੌਰ ਨਾਜਰ ਦੇ ਘਰ ਆ ਗਈ।

-"ਨ੍ਹੀ ਤਕੜੀ ਐਂ ਬੀਬੀਏ..?" ਆਉਣ ਸਾਰ ਉਸ ਨੇ ਚੁੰਨੀ ਫ਼ੜ, ਸ਼ਾਮ ਕੌਰ ਦੇ ਪੈਰੀਂ ਹੱਥ ਲਾਏ।

-"ਤਕੜੀ ਈ ਐਂ, ਜਿਹੜੀ ਤੇਰੇ ਕੋਲ਼ ਆ ਗਈ..!" ਸ਼ਾਮ ਕੌਰ ਦਾ ਗੁੱਸਾ ਕਾਫ਼ੂਰ ਦੇ ਹੁੱਕੇ ਦੀ ਸੁਆਹ ਵਾਂਗ ਉਡ ਗਿਆ।

-"ਜੀ ਆਈ ਦੇ ..! ਹੋਰ ਬੀਬੀ, ਦੇਹ ਗੱਲ ਟੱਬਰ-ਟ੍ਰੀਰ ਦੀ..? ਠੀਕ ਐ ਸਾਰੇ..?" ਨਸੀਬ ਕੌਰ ਨੇ ਚੁੰਨੀ ਨਾਲ਼ ਮੂੰਹ ਪੂੰਝਦਿਆਂ ਪੁੱਛਿਆ।

-"ਜੁਆਕ ਤਾਂ ਸਾਰੇ ਮੇਰੇ ਨਾਲ਼ ਈ ਆਏ ਐ, ਤੇਰਾ ਨਣਦੋਈਆ ਈ ਘਰੇ ਐ 'ਕੱਲਾ, ਅੱਜ ਕੋਈ ਘਰੇ ਨੀ, ਮੈਨੂੰ ਲੱਗਦੈ ਪੀ-ਪੀ ਕੇ ਕਮਲ਼ਾ ਹੋਊ...!"

ਸਾਰੇ ਹੱਸ ਪਏ।

-"ਸੁਣਿਐਂ ਅੱਜਕੱਲ੍ਹ ਤੂੰ ਬੜੀ ਪੜਛੱਤੀ ਸਿਰ 'ਤੇ ਚੱਕਣੀਂ ਲਈ ਐ..?"

-"ਨੀ ਕਾਹਨੂੰ ਬੀਬੀ, ਮੇਰਾ ਤਾਂ ਬਲੱਡ ਬਲ੍ਹਾਈ ਚੜ੍ਹ ਜਾਂਦਾ ਸੀ, ਮੈਨੂੰ ਤਾਂ ਭੈਣੇ ਲੱਗਦਾ ਨੀ ਸੀ ਪਤਾ..! ਮੈਨੂੰ ਤਾਂ ਪਰਸੋਂ ਆਪਣੇ ਪਿੰਡ ਆਲ਼ਾ ਡਾਕਦਾਰ ਕਹਿੰਦਾ ਤੇਰਾ ਤਾਂ ਬਲੱਡ ਬਾਹਲ਼ਾ ਚੜ੍ਹਿਆ ਪਿਐ, ਮੈਂ ਕਿਹਾ ਚੜ੍ਹਿਆ ਰਹਿਣ ਦੇ, ਇਹ ਕਿਹੜਾ ਕੰਧ ਢਾਹ ਲਊ..? ਡਾਕਦਾਰ ਕਹਿੰਦਾ ਇਹ ਤਾਂ ਬਲ੍ਹਾਈ ਖ਼ਤਰਨਾਕ ਹੁੰਦੈ, ਪਰਸੋਂ ਬਲੱਡ ਦੀ ਦੁਆਈ ਸ਼ੁਰੂ ਕੀਤੀ ਐ, ਹੁਣ ਮੈਨੂੰ ਗੁੱਸਾ ਜਿਆ ਤਾਂ ਗਿਆ ਆਉਣੋਂ ਹਟ, ਪਰ ਸਿਰ ਮੇਰਾ ਅਜੇ ਵੀ 'ਝਰਨ-ਝਰਨ' ਕਰਦਾ ਰਹਿੰਦੈ..!" ਸਮਾਂ ਵਿਚਾਰ ਕੇ ਨਸੀਬ ਕੌਰ ਨੇ ਝੂਠ ਦੇ ਪੈਰ ਲਾ ਕੇ ਮੋਰਨੀ ਦੀ ਚਾਲ ਤੋਰ ਦਿੱਤਾ।

-"ਬੂਹ ਮੈਂ ਮਰ'ਜਾਂ, ਕੁੜੇ ਕੱਲ੍ਹ ਦੀ ਤਾਂ ਤੂੰ ਜੁਆਕੜੀ ਐਂ, ਜੇ ਤੇਰਾ ਬਲੱਡ ਚੜ੍ਹਨ ਲੱਗ ਪਿਆ, ਫ਼ੇਰ ਸਾਡਾ ਮ੍ਰਾਤੜਾਂ ਦਾ ਕੀ ਹਾਲ..?" ਸ਼ਾਮ ਕੌਰ ਮੱਥੇ 'ਤੇ ਹੱਥ ਰੱਖ ਬੈਠ ਗਈ।

-"ਬਿਮਾਰੀਆਂ ਦਾ ਕਿਹੜਾ ਭਾਈ ਪਤਾ ਲੱਗਦੈ..!" ਸ਼ਾਮ ਕੌਰ ਦੀ ਬਜ਼ੁਰਗ ਮਾਤਾ ਬੋਲੀ, "ਨਿੱਤ ਨਵੀਂਆਂ ਈ ਸੁਣਦੇ ਐਂ..! ਹੁਣ ਕਹਿੰਦੇ ਇੱਕ ਡੇਂਗੂ ਤਾਪ ਹੋਣ ਲੱਗ ਪਿਆ..!"

-"ਬੀਬੀ, ਮੈਂ ਤਾਂ ਕੋਈ ਦੁਆਈ ਵੀ ਨੀ ਸੀ ਲੈਣੀ, ਮੈਨੂੰ ਤਾਂ ਖਸਮਾਂ ਨੂੰ ਖਾਣੇਂ ਨੇ ਡਰਾ'ਤਾ, ਕਹਿੰਦਾ ਬਲੱਡ ਪ੍ਰੈਸ਼ਰ ਨਾਲ਼ ਅਧਰੰਗ ਹੋਣ ਦਾ ਖ਼ਤਰਾ ਰਹਿੰਦੈ, ਤੇ ਡਮਾਕ ਦੀ ਕੋਈ ਨਾਲ਼ੀ ਵੀ ਫ਼ਟ ਸਕਦੀ ਐ, ਮੈਂ ਸੋਚਿਆ ਜੁਆਕ ਅਜੇ ਨਿਆਣੇ ਐਂ, ਮੇਰੇ ਬਿਨਾ ਤਾਂ ਜੁਆਕ ਰੁਲ਼ ਜਾਣਗੇ..!"

-"ਦੁਆਈ ਦੀ ਘੌਲ਼ ਨੀ ਕਰਨੀ ਚਾਹੀਦੀ ਭਾਈ..!" ਮਾਤਾ ਬੋਲੀ, "ਦੁਆਈ ਤਾਂ ਲਾਜ਼ਮੀਂ ਲੈਣੀਂ ਚਾਹੀਦੀ ਐ..!"

-"ਤੂੰ ਹੁਣ ਨਾਜਰ ਦੇ ਪਲਾਟ 'ਚੋਂ ਰੂੜੀ ਕਦੋਂ ਚੱਕਣੀਂ ਐਂ..?" ਸ਼ਾਮ ਕੌਰ ਅਸਲ ਗੱਲ ਵੱਲ ਨੂੰ ਆਈ।

-"ਕੱਲ੍ਹ ਨੂੰ ਈ ਲੈ ਬੀਬੀ..! ਰੂੜੀ ਦਾ ਕੀ ਐ, ਮੈਂ ਤੇ ਤੇਰਾ ਭਰਾ ਕੱਲ੍ਹ ਨੂੰ ਈ ਚੱਕ ਕੇ ਖੇਤ ਖਿਲਾਰ ਦਿੰਨੇ ਐਂ..! ਤੇਰਾ ਹੁਕਮ ਸਿਰ ਮੱਥੇ..!" ਨਸੀਬ ਕੌਰ ਸੱਪ ਵਾਂਗ ਸਿੱਧੀ ਹੋਈ ਬੈਠੀ ਸੀ, "ਤੇਰਾ ਹੁਕਮ ਅਸੀਂ ਅਦੂਲ ਕਰ ਸਕਦੇ ਐਂ..?" ਦਿਮਾਗ ਪੱਖੋਂ ਸੱਤਾਂ ਪੱਤਣਾਂ ਦੀ ਤਾਰੂ ਨਸੀਬ ਕੌਰ ਵੇਲ਼ਾ ਸਾਂਭਣ ਵਿਚ ਬੜੀ ਚੰਟ ਸੀ।

-"ਨੀ ਮੈਂ ਸੁਣਿਐਂ ਤੂੰ ਤਾਂ ਨੰਬਰਦਾਰ ਤਾਏ ਨੂੰ ਵੀ ਬੋਲ-ਕਬੋਲ ਕੀਤੇ, ਬਿਰਧ ਨੂੰ ਵੀ ਨੀ ਬਗਸ਼ਿਆ..!" ਸ਼ਾਮ ਕੌਰ ਬੋਲੀ।

-"ਨ੍ਹੀ ਬੀਬੀ ਤੈਨੂੰ ਦੱਸਿਆ ਤਾਂ ਹੈ, ਬਈ ਆਹ ਬਲੱਡ ਪ੍ਰੈਸ਼ਰ ਨੇ ਤਾਂ ਮੇਰੀ ਸੁੱਧ-ਬੁੱਧ ਮਾਰੀ ਰੱਖੀ ਐ, ਮੈਨੂੰ ਤਾਂ ਪਤਾ ਈ ਨੀ ਸੀ ਲੱਗਦਾ ਬਈ ਮੈਂ ਕਦੋਂ, ਤੇ ਕੀਹਦੇ ਨਾਲ਼ ਲੜ ਪੈਂਦੀ ਸੀ..! ਹੁਣ ਦੁਆਈ ਖਾਂਦੀ ਕਰ ਕੇ ਕੁਛ ਸ਼ਾਂਤੀ ਆਈ ਐ, ਨਹੀਂ ਤਾਂ ਸਹੁੰ ਢਾਂਡੀ ਦੀ, ਕੰਧਾਂ 'ਚ ਟੱਕਰਾਂ ਮਾਰਨ ਨੂੰ ਜੀਅ ਕਰਦਾ ਰਹਿੰਦਾ ਸੀ..! ਪਰ ਬੀਬੀ ਮੇਰੀ ਵੀ ਇੱਕ ਗੱਲ ਮੰਨ ਭੈਣ ਬਣ ਕੇ..!" ਨਸੀਬ ਕੌਰ ਸ਼ਾਮ ਕੌਰ ਦੇ ਨਜ਼ਦੀਕ ਹੋ ਕੇ ਬੋਲੀ।

-"ਬੋਲ..?"

-"ਦਿਨ ਸਾਨੂੰ ਤਿੰਨ ਦੇ-ਦੇ, ਚੌਥੇ ਨੂੰ ਅਸੀਂ ਰੂੜੀ ਚੱਕਲਾਂਗੇ..!"

-"ਦੇਖਿਆ ਕਿੱਡੀ ਹਰਾਂਬੜ ਐ..? ਕੱਲ੍ਹ ਤੋਂ ਹੁਣ ਤਿੰਨ ਦਿਨਾਂ 'ਤੇ ਆਗੀ..!" ਸ਼ਾਮ ਕੌਰ ਹੱਸ ਪਈ।

-"ਨਹੀਂ ਬੀਬੀ, ਮੈਂ ਆਬਦੇ ਭਰਾ ਨੂੰ ਸੁਨੇਹਾਂ ਭੇਜਦੀ ਐਂ, ਉਹ ਆਬਦੇ ਟਰੈਗਟ 'ਨਾ ਘੰਟੇ 'ਚ ਰੂੜੀ ਚੱਕ'ਜੂ, ਨਹੀਂ ਅਸੀਂ ਦੋਵੇਂ ਜੀਅ ਸਾਰੀ ਦਿਹਾੜ੍ਹੀ ਖੌਂਝੀ ਜਾਂਵਾਂਗੇ..! ਤਾਂ ਤਿੰਨ ਦਿਨ ਮੰਗੇ ਐ..!"

-"ਨ੍ਹੀ ਇਉਂ ਤਾਂ ਚਾਹੇ ਤਿੰਨ ਦੀ ਥਾਂ ਚਾਰ ਦਿਨ ਲੈ ਲਾ..! ਪਰ ਹੁਣ ਮੈਨੂੰ ਫ਼ੇਰ ਦੁਆਰੇ ਨਾ ਆਉਣਾ ਪਵੇ..!" ਸ਼ਾਮ ਕੌਰ ਨੇ ਉਂਗਲ਼ ਸਿੱਧੀ ਕਰ ਕੇ ਤਾਕੀਦ ਜਿਹੀ ਕੀਤੀ।

-"ਮੈਖਿਆ ਬੀਬੀ ਜਮਾਂ ਈ ਉਲਾਂਭਾ ਨੀ ਆਊਗਾ, ਤੇਰਾ ਕਿਹਾ ਸਿਰ ਮੱਥੇ..!"

-"ਨ੍ਹੀਂ ਤੈਨੂੰ ਨਾ ਰਾਮ-ਲੀਲ੍ਹਾ ਦਿਖਾਉਣੀ ਪਵੇ..!" ਸ਼ਾਮ ਕੌਰ ਹੱਸ ਪਈ।

-"ਲੈ ਤੇਰੀ ਰਾਮ ਲੀਲ੍ਹਾ ਤੋਂ ਮੈਨੂੰ ਇੱਕ ਗੱਲ ਯਾਦ ਆ ਗਈ, ਆਹ ਰਾਮੇਂ ਪੰਡਤ ਦਾ ਮੁੰਡਾ ਐ ਨ੍ਹਾਂ...?" ਨਸੀਬ ਕੌਰ ਨੇ ਗੱਲ ਦੱਸਣੀ ਸ਼ੁਰੂ ਕੀਤੀ।

-"ਕਿਹੜਾ..?"

-"ਉਹ ਚੁੱਚੀਆਂ ਜੀਆਂ ਅੱਖਾਂ ਆਲ਼ਾ..!"

-"ਆਹੋ...!"

-"ਨੀ ਬੀਬੀ, ਓਹ ਲੋਕਾਂ ਨੇ ਬਲ੍ਹਾਈ ਕੁੱਟਿਆ..!"

-"ਆਪਣੇ ਪਿੰਡ ਆਲ਼ਿਆਂ ਨੇ..?"

-"ਨ੍ਹੀ ਕਾਹਨੂੰ...! ਮੋਗੇ..!"

-"ਨੀ ਕਾਹਤੋਂ..?"

-"ਨੀ ਬੀਬੀ, ਉਹ ਬਿਚਾਰਾ ਤਾਂ ਬਾਹਲ਼ਾ ਈ ਕੁੱਟਿਆ ਗਿਆ, ਲਾਚੜੀ ਜਨਤਾ ਨੇ ਗੁੜ ਮਾਂਗੂੰ ਧੇਹ-ਧੇਹ ਭੰਨਿਆਂ...!"

-"ਉਹ ਤਾਂ ਬਚਾਰਾ ਕਈ ਦਿਨ ਹਸਤਪਤਾਲ਼ 'ਚ ਰਿਹੈ..! ਪੱਸਲ਼ੀਆਂ ਅੰਦਰ ਪੈਗੀਆਂ ਸੀ..!" ਵਿੱਚ ਦੀ ਬੇਬੇ ਬੋਲੀ।

-"ਨ੍ਹੀ ਬੂਹ...! ਪਰ ਕੋਈ ਗੱਲ ਤਾਂ ਹੋਈ ਹੋਊ..?" ਸ਼ਾਮ ਕੌਰ ਬੋਲੀ।

-"ਨੀ ਬੀਬੀਏ, ਉਹ ਕਰਦਾ ਸੀ ਰਾਮ ਲੀਲ੍ਹਾ 'ਚ ਕੰਮ, ਰਾਮ ਲੀਲ੍ਹਾ 'ਚ ਰਾਮ ਬਣਦਾ ਹੁੰਦਾ ਸੀ..! ਦੁਨੀਆਂ ਇਹਨੂੰ ਰੱਬ ਮਾਂਗੂੰ ਮੰਨਦੀ ਸੀ..! ਜਦੋਂ ਕਿਤੇ ਸਟੇਜ਼ ਤੋਂ ਥੱਲੇ ਉਤਰਦਾ, ਸ਼ਰਧਾ ਨਾਲ਼ ਲੋਕ ਇਹਦੇ ਪੈਰੀਂ ਹੱਥ ਲਾਇਆ ਕਰਨ, ਕੋਈ ਜੁਆਕ ਨੂੰ ਆਸ਼ੀਰਬਾਦ ਦੁਆਇਆ ਕਰੇ ਇਹਤੋਂ..! ਕੋਈ ਪੈਸੇ ਮੱਥਾ ਟੇਕਿਆ ਕਰੇ..!"

-"ਅੱਛਾ..!"

-"ਇੱਕ ਦਿਨ ਬੀਬੀ ਕੀ ਹੋਇਆ, ਜਦੋਂ ਰਾਮ ਲੀਲ੍ਹਾ ਖਤਮ ਹੋਈ, ਉਹ ਪਿਛਲੇ ਪਾਸੇ ਰਾਮ ਜੀ ਦੇ ਭੇਸ 'ਚ ਬੀੜੀ ਲਾਈ ਖੜ੍ਹਾ, ਤੇ ਲੋਕਾਂ ਨੇ ਜੁੱਪ ਲਿਆ, ਅਖੇ ਰਾਮ ਬਣ ਕੇ ਤੂੰ ਬੀੜੀਆਂ ਕਾਹਤੋਂ ਪੀਨੈਂ..? ਨੀ ਬੀਬੀ, ਉਹਦੀ ਤਾਂ ਬਚਾਰੇ ਦੀ ਕੁੱਟ-ਕੁੱਟ ਕੇ ਲੋਕਾਂ ਨੇ ਕੱਢ'ਤੀ ਮਿੱਝ..!"

-"ਕੱਢਣੀ ਸੀ..! ਬਈ ਥੇਹ ਹੋਣਿਆਂ, ਤੂੰ ਦੇਵਤਿਆਂ ਦਾ ਭੇਸ ਧਾਰ ਕੇ ਤਮਾਖੂ ਪੀਨੈਂ, ਤੈਨੂੰ ਅਕਲ ਨੀ..?"

-"ਲੋਕ ਤਾਂ ਕੁੱਟ-ਮਾਰ ਕੇ ਇਹਨੂੰ ਮਰਿਆ ਸਮਝ ਕੇ ਸਿੱਟ'ਗੇ, ਫ਼ੇਰ ਰਾਮ ਲੀਲ੍ਹਾ ਆਲ਼ੇ ਬਾਣੀਆਂ ਨੇ ਇਹਨੂੰ ਹਸਪਤਾਲ਼ ਪਚਾਇਆ, ਆਹ ਹੁਣ ਜਾ ਕੇ ਠੀਕ ਹੋਇਐ...!"

-"ਤੁਰਿਆ ਤਾਂ ਕਹਿੰਦੇ ਅਜੇ ਵੀ ਚੱਜ ਨਾਲ਼ ਨੀ ਜਾਂਦਾ..!" ਬੇਬੇ ਵੀ ਵਿੱਚ ਬੋਲਣ ਦਾ ਭੁਸ ਜਿਹਾ ਪੂਰਾ ਕਰ ਜਾਂਦੀ।

-"ਰਾਤ ਦੀ ਰੋਟੀ ਬੀਬੀ ਓਧਰ ਖਾਣੀਂ ਐਂ..!" ਨਸੀਬ ਕੌਰ ਨੇ ਕਿਹਾ।

-"ਨ੍ਹੀ ਕਿਹੜਾ ਕੁਛ ਵੰਡਿਐ..? ਐਧਰ ਕੀ ਤੇ ਓਧਰ ਕੀ..?" ਸ਼ਾਮ ਕੌਰ ਨੇ ਕਿਹਾ।

-"ਨਹੀਂ ਬੀਬੀ ਫ਼ੇਰ ਮੈਂ ਗੁੱਸੇ, ਮੈਂ ਰੂੜੀ ਨੀ ਚੱਕਣੀ..!"

-"ਰੂੜੀ ਤਾਂ ਤੂੰ ਖੌਰੇ ਕਿਮੇਂ ਨੀ ਚੱਕਣੀ...? ਡਰਾਵੇ ਦਿੰਦੀ ਐ, ਬਹੇਲ..!"

ਸਾਰੀਆਂ ਹੱਸ ਪਈਆਂ।

-ਚੱਲਦਾ

# ਅਨੰਦਪੁਰ ਮਤੇ, ਪੰਜਾਬ ਵਿਚ ਧਰਮ ਬਦਲੀ, ਭ੍ਰਿਸ਼ਟ ਰਾਜਨੀਤੀ 'ਤੇ ਬਣੀ "ਤਬਾਹੀ ਰੇਲੋਡਡ' ਦੇ ਨਿਰਮਾਤਾ ਇਕਬਾਲ ਢਿੱਲੋਂ ਨੇ ਦਿੱਤੀਆਂ ਨੇ 10 ਸੁਪਰ ਹਿੱਟ ਫਿਲਮਾਂ


ਪੇਸ਼ਕਸ਼ : ਅੰਮ੍ਰਿਤ ਪਵਾਰ
(Punjab Mail USA)







ਪੰਜਾਬੀ ਫ਼ਿਲਮਾਂ ਦੀ ਦੁਨੀਆਂ ਵਿਚ ਸਭ ਤੋਂ ਜ਼ਿਆਦਾ ਚਰਚਿਤ ਇਕਬਾਲ ਸਿੰਘ ਢਿੱਲੋਂ ਹੈ, ਜਿਸ ਨੇ ਫ਼ਿਲਮਾਂ ਵੀ ਵੱਖਰੇ ਤਰੀਕੇ ਦੀਆਂ ਬਣਾਈਆਂ ਤੇ ਚੱਲਣ ਦੇ ਰਿਕਾਰਡ ਵੀ ਇਨ੍ਹਾਂ ਨੇ ਬਣਾਏ। ਵਿਵਾਦ ਉਸ ਦੀਆਂ ਫ਼ਿਲਮਾਂ ਨਾਲ ਜੁੜੇ ਪਰ ਬੇਪ੍ਰਵਾਹ ਹੋ ਕਿ ਉਹ ਹਰ ਪਾਸੇ ਜਿੱਤ ਪ੍ਰਾਪਤ ਕਰਦਾ ਰਿਹਾ। ਹਿਟ 'ਤੇ ਹੈ ਹੀ, ਉਸਦੀ ਫ਼ਿਲਮ "ਸ਼ਹੀਦ ਊਧਮ ਸਿੰਘ" ਨੂੰ "ਰਾਸ਼ਟਰਪਤੀ ਐਵਾਰਡ" ਮਿਲਿਆ ਤੇ ਹੁਣ ਉਸ ਨੇ ਅਨੰਦਪੁਰ ਦੇ ਮਤੇ ਦੀ ਗੱਲ ਕਰਦੀ, ਭ੍ਰਿਸ਼ਟ ਪੰਜਾਬ ਦੀ ਰਾਜਨੀਤੀ 'ਤੇ ਸਿੱਧੂ ਮੂਸੇ ਵਾਲਾ ਲਈ ਇਨਸਾਫ ਮੰਗਦੀ ਫਿਲਮ "ਤਬਾਹੀ ਰੇਲੋਡਡ" ਬਣਾਈ ਹੈ। ਇਸ ਫਿਲਮ ਬਾਬਤ ਗੱਲ ਕਰਨ ਤੋਂ ਪਹਿਲਾਂ ਇਕਬਾਲ ਸਿੰਘ ਢਿੱਲੋਂ ਦੇ ਸ਼ੁਰੂਆਤ ਸਫ਼ਰ ਤੇ ਹੋਰ ਖਾਸ ਗੱਲਾਂ ਆਓ ਆਪ ਦੀ ਨਜ਼ਰ ਕਰੀਏ। "ਮਾਹੀ ਮੁੰਡਾ" ਪਹਿਲੀ ਫਿਲਮ ਸੀ, ਨਹੀਂ ਚਲੀ ਪਰ ਫਿਰ ਧਰਮਿੰਦਰ, ਸ਼ਤਰੂਘਨ ਸਿਨ੍ਹਾ, ਬਲਦੇਵ ਖੋਸਾ ਨੂੰ ਲਿਆ ਤੇ "ਪੁੱਤ ਜੱਟਾਂ ਦੇ" ਬਣਾਈ, ਸੁਪਰ ਹਿੱਟ ਰਹੀ। ਫਿਰ ਚੱਲ ਸੋ ਚੱਲ, "ਬਦਲਾ ਜੱਟੀ ਦਾ" ਨੇ ਰਿਕਾਰਡ ਤੋੜ ਦਿੱਤੇ। "ਜੱਟ ਜਿਉਣਾ ਮੌੜ" ਖ਼ੂਬ ਚਲੀ। ਪੰਜਾਬ ਦੇ ਕਾਲੇ ਦੌਰ ਦੌਰਾਨ ਸਹੀ ਤੱਥ ਪੇਸ਼ ਕਰਦੀਆਂ "ਬਾਗੀ ਸੂਰਮੇ", "ਸੁੱਖਾ", "ਤਬਾਹੀ" ਬਣਾਈਆਂ। ਸਾਰੀਆਂ ਫ਼ਿਲਮਾਂ ਕਾਮਯਾਬ ਰਹੀਆਂ। "ਬਾਗੀ ਸੂਰਮੇ" ਵਿਵਾਦ ਹੋਏ "ਤਬਾਹੀ" 'ਤੇ ਵੀ ਪਰ ਇਕਬਾਲ ਢਿੱਲੋਂ ਨਿਰੰਤਰ ਚਲਦੇ ਰਹੇ। "ਸ਼ਹੀਦ ਊਧਮ ਸਿੰਘ" ਨੇ ਰਾਸ਼ਟਰਪਤੀ ਐਵਾਰਡ ਲਿਆ। ਇਥੇ ਹੀ ਬਸ ਨਹੀਂ, ਗੁਰਦਾਸ ਮਾਨ ਦੀ ਪਤਨੀ ਮਨਜੀਤ ਮਾਨ ਨੂੰ ਨਾਇਕਾ ਬਣਾਇਆਂ। ਸਰਵਜੀਤ ਕੌਰ ਨੂੰ ਫਿਲਮੀ ਗਾਇਕਾ, ਸੁਰਿੰਦਰ ਛਿੰਦਾ ਨੂੰ ਫਿਲਮ ਸੰਗੀਤਕਾਰ ਤੇ ਕਲਾਕਾਰੀ ਵਿਚ ਸੋਨੂੰ ਸੂਦ, ਕੀਰਤੀ ਸਿੰਘ, ਵਿਸ਼ਾਲ ਸਿੰਘ, ਪੂਜਾ ਸ਼ਾਰਦਾ ਨੂੰ ਅੱਗੇ ਲਿਆਂਦਾ। ਇਕਬਾਲ ਸਿੰਘ ਢਿੱਲੋਂ ਨੇ ਹਰਿਆਣਵੀ ਫਿਲਮ "ਛੋਹਰਾ ਹਰਿਆਣੇ ਕਾ" ਵੀ ਬਣਾਈ। ਹੁਣ ਗੱਲ ਅੱਜ ਦੇ ਪੰਜਾਬ 'ਤੇ ਤਿਆਰ ਕੀਤੀ "ਤਬਾਹੀ" ਬਾਬਤ, ਤਾਂ ਇਹ ਫਿਲਮ ਇਕ ਵਾਰ ਵਿਵਾਦ ਵਿਚ ਘਿਰ ਗਈ ਹੈ। ਫਿਲਮ ਸਿੱਧੂ ਮੂਸੇ ਵਾਲਾ ਲਈ ਇਨਸਾਫ਼ ਮੰਗਦੀ ਹੈ, ਕਿਸਾਨ ਮਜ਼ਦੂਰ ਦੇ ਸੰਘਰਸ਼ ਦੀ ਗੱਲ ਕਰਦੀ, ਤੇਜ਼ੀ ਨਾਲ ਹੋ ਰਹੇ ਪੰਜਾਬ ਵਿਚ ਧਰਮ ਬਦਲੀ 'ਤੇ ਹੈ। ਫ਼ਿਲਮ ਨੇਤਾ ਲੋਕਾਂ ਵਲੋਂ ਕੀਤੀ ਜਾਂਦੀ ਲੁੱਟ ਤੇ ਰੰਗੀਨੀਆਂ 'ਤੇ ਹੈ। ਫਿਲਮ ਵਿਚ ਵਿਸ਼ਵਾਸਯੋਗ ਸੂਤਰਾਂ ਅਨੁਸਾਰ ਮੁੱਖ ਪਾਤਰ ਤੇ ਵਿਦੇਸ਼ੀ ਦੋਸਤ ਕੌਣ ਨੇ ਦਰਸ਼ਕ ਸਮਝ ਜਾਣਗੇ, ਕਿਉਂਕਿ ਉਨ੍ਹਾਂ ਦਾ ਪਹਿਰਾਵਾ ਤੇ ਦਿੱਖ ਹੂ-ਬ-ਹੂ ਉਨ੍ਹਾਂ ਵਰਗੀ ਹੈ। ਗੱਲ ਕੀ, ਨੇਤਾ ਲੋਕਾਂ ਨੂੰ ਚੁੱਭੇਗੀ ਤੇ ਫਿਲਮ ਦੀ ਰਿਲੀਜ਼ ਰੋਕਣ ਦੇ ਉਪਰਾਲੇ ਹੋਣਗੇ। ਸੰਗੀਤ ਉਸ ਦੀਆਂ ਫ਼ਿਲਮਾਂ ਦਾ ਸਦਾ ਹਿੱਟ ਰਿਹਾ ਏ "ਤਬਾਹੀ ਰੇਲੋਡਡ" ਵਿਚ ਨਸੀਬੋ ਦਾ ਹਿੱਟ ਗੀਤ "ਇਸ਼ਕ ਬੁਢਾਪੇ ਦਾ" ਸ਼ਾਮਿਲ ਹੈ। ਗੱਲ ਕੀ, ਨਵੇਂ ਪਰ ਪ੍ਰਤਿਭਾ ਵਾਲੇ ਸਟਾਰ ਲੈਣ ਉਪਰੰਤ ਬਲਬੀਰ ਟਾਂਡਾ ਨਾਲ ਮਿਲ ਕੇ ਫਿਲਮ "ਤਬਾਹੀ ਰੇਲੋਡਡ" ਬਣਾਈ ਹੈ ਪਰ ਇਸ ਫਿਲਮ ਦੇ ਰਾਹ ਵਿਚ ਕਈ ਕੰਡੇ ਖਿਲਾਰੇ ਜਾ ਰਹੇ ਹਨ। ਇਹ ਵੀ ਸਹੀ ਹੈ ਕਿ ਸਵਰਨ ਸਿੰਘ, ਪੂਜਾ, ਸਿਮਰਪਾਲ, ਜਰਮਨ ਮੱਲ੍ਹੀ, ਸੁੱਚੀ ਬਿਰਗੀ, ਰਾਜ ਕੌਸ਼ਲ ਨਾਲ ਬਣੀ "ਤਬਾਹੀ ਰੇਲੋਡਡ" ਲਈ ਇਕਬਾਲ ਸਿੰਘ ਢਿੱਲੋਂ ਤਿਆਰ ਏ ਤੇ ਅਗਲੀ ਫਿਲਮ ਪਾਕਿਸਤਾਨੀ ਸੁਪਰ ਫਿਲਮ "ਮੌਲਾ ਜੱਟ" ਦੇ ਲੇਖਕ ਨਾਸਿਰ ਅਦੀਬ ਨੇ ਲਿਖੀ ਹੈ। ਇਕਬਾਲ ਢਿੱਲੋਂ ਦਾ ਇਹ ਪੱਕਾ ਅਸੂਲ ਏ, ਆਲੋਚਨਾ ਦੀ ਪ੍ਰਵਾਹ ਨਹੀਂ ਪਰ ਉਹ ਲੋਕ ਮਨੋਰੰਜਨ ਵੀ ਕਰੇਗਾ ਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਲਈ "ਤਬਾਹੀ ਰੇਲੋਡਡ" ਜਿਹੀਆਂ ਫ਼ਿਲਮਾਂ ਬਣਾਉਂਦਾ ਰਹੇਗਾ। ਹੁਣ ਉਹ ਪਾਕਿਸਤਾਨੀ ਫ਼ਿਲਮ "ਮੌਲਾ ਜੱਟ" ਦੇ ਲੇਖਕ ਕੋਲੋਂ "ਬਦਲਾ ਜੱਟੀ ਦਾ" ਦਾ ਅਗਲਾ ਭਾਗ ਲਿਖਵਾ ਰਹੇ ਨੇ ਤੇ ਫਿਲਮ ਜਲਦੀ ਆਏਗੀ।







## ਕਿਤਾਬ ਬੋਲਦੀ ਹਾਂ

ਮੈਂ ਅੱਖਰਾਂ 'ਚੋਂ ਗਿਆਨ ਦਾ ਖ਼ਿਤਾਬ ਬੋਲਦੀ ਹਾਂ,
ਦਿੰਦੀ ਸੱਚ ਦਾ ਸੁਨੇਹਾ ਓਹ ਖਿਆਲ ਬੋਲਦੀ ਹਾਂ,
ਮੈਂ ਅੱਜ ਫੇਰ ਭੁੱਬਾਂ ਮਾਰ, ਵਾਰ-ਵਾਰ ਬੋਲਦੀ ਹਾਂ,
ਮੈਂ ਬੰਦ ਪਈ ਅਲਮਾਰੀ ਦੀ ਕਿਤਾਬ ਬੋਲਦੀ ਹਾਂ।

ਭੇਦ-ਭਾਵ ਵਾਲੇ ਜਿਨ੍ਹਾਂ ਕਾਲੇ ਅੱਖਰਾਂ ਨੂੰ ਖਿੱਚਿਆ,
ਕੁਝ ਦੌਲਤਾਂ ਨੇ ਵੰਡ ਮੈਨੂੰ ਮਹਿੰਗੇ ਮੁੱਲ ਲਿਖਿਆ,
ਉਨ੍ਹਾਂ ਦੱਸਣਾ ਗਰੀਬੀ ਵਾਲਾ ਮੈਂ ਹਾਲ ਬੋਲਦੀ ਹਾਂ,
ਮੈਂ ਬੰਦ ਪਈ ਅਲਮਾਰੀ ਦੀ ਕਿਤਾਬ ਬੋਲਦੀ ਹਾਂ।

ਮੇਰੇ ਅੱਖਰਾਂ 'ਚ ਬੰਦ ਰੱਖੇ ਤੂੰ ਫਕੀਰਾਂ ਵਾਲੇ ਬੋਲ,
ਛੱਡ ਆਪਣੀ ਕਿਤਾਬ ਕਦੇ ਮੇਰਾ ਵਰਕਾ ਫਰੋਲ,
ਮੈਂ ਤਾਂ ਉੱਚਾ ਤੇਰਾ ਸੋਹਣਾ ਕਿਰਦਾਰ ਲੋੜਦੀ ਹਾਂ,
ਮੈਂ ਬੰਦ ਪਈ ਅਲਮਾਰੀ ਦੀ ਕਿਤਾਬ ਬੋਲਦੀ ਹਾਂ।

ਮੈਂ ਓਸ ਦੀ ਵੀਚਾਰੀ ਹਾਂ ਜਿਹੜਾ ਪਰਉਪਕਾਰੀ ਹੈ,
ਮੇਰੇ ਸੀਨੇ ਉੱਤੇ ਅੱਖਰਾਂ ਦੀ ਕਲਮ ਜਿਸ ਮਾਰੀ ਹੈ,
ਮੈਂ ਇਸ਼ਕ ਹਕੀਕੀ ਵਾਲਾ ਸੱਚਾ ਰਾਹ ਖੋਲਦੀ ਹਾਂ,
ਮੈਂ ਬੰਦ ਪਈ ਅਲਮਾਰੀ ਦੀ ਕਿਤਾਬ ਬੋਲਦੀ ਹਾਂ।

ਮੇਰੇ ਅੱਖਰਾਂ ਨੂੰ ਸੋਹਣਾ ਘੜ ਲਿਖਿਆ ਲਿਖਾਰੀਆਂ,
ਹੱਕ ਸੱਚ ਨਾਲ ਜੂਝਣਾ ਏਹ ਲਿਖ ਕੇ ਸ਼ਿੰਗਾਰੀਆਂ,
ਮੈਂ ਓਹ ਪਿਆਰ ਤੇ ਪੁਕਾਰ ਵਾਲਾ ਸਾਜ ਖੋਲਦੀ ਹਾਂ,
ਮੈਂ ਬੰਦ ਪਈ ਅਲਮਾਰੀ ਦੀ ਕਿਤਾਬ ਬੋਲਦੀ ਹਾਂ।

ਕਈ ਸਦੀਆਂ ਤੋਂ ਮੇਰੇ ਨਾਲੋਂ, ਵੱਖ ਜੋ ਤੂੰ ਹੋਇਓਂ,
'ਪ੍ਰੀਤ' ਵਾਅਦਿਆਂ ਦੇ ਫੇਰ ਤੋਂ ਸਲਾਮ ਮੋੜਦੀ ਹਾਂ,
ਮੈਂ ਅੱਜ ਫੇਰ ਭੁੱਬਾਂ ਮਾਰ, ਵਾਰ-ਵਾਰ ਬੋਲਦੀ ਹਾਂ,
ਮੈਂ ਬੰਦ ਪਈ ਅਲਮਾਰੀ ਦੀ ਕਿਤਾਬ ਬੋਲਦੀ ਹਾਂ।

ਮੈਂ ਬੁੱਢੇ ਰੁੱਖਾਂ ਨਾਲ ਜ਼ਿੰਦਗੀ ਦਾ ਢੰਗ ਸਿੱਖਿਆ ਹੈ,
ਜਿਉਂਦਿਆਂ ਤੇ ਮੋਇਆਂ ਆਪਾ ਰੰਗ ਲਿਖਿਆ ਹੈ,
ਮੈਂ ਮਿੱਟੀ ਵਿਚੋਂ ਕਾਗਜ਼ਾਂ ਦੀ ਜੀ-ਜਾਨ ਬੋਲਦੀ ਹਾਂ,
ਮੈਂ ਬੰਦ ਪਈ ਅਲਮਾਰੀ ਦੀ ਕਿਤਾਬ ਬੋਲਦੀ ਹਾਂ।

-ਭਾਈ ਹਰਪ੍ਰੀਤ ਸਿੰਘ, (ਕੋਟਕਪੂਰਾ) ਪੰਜਾਬ
ਮੋ : 98557-00880
(Punjab Mail USA)

## ਲਾਜਵਾਬ

ਜੇ ਲੋੜ ਨਹੀਂ ਹਿਸਾਬ ਦੀ, ਤਾਂ ਨਾ ਹਿਸਾਬ ਕਰ।
ਕਰਨੀ ਹੈ ਜੋ ਵੀ ਦੋਸਤਾ, ਜ਼ਰਾ ਲਾਜਵਾਬ ਕਰ।

ਦਿਲ ਜਾਨੀਆਂ ਤੂੰ ਜੀਅ ਦਾ, ਇਹ ਸਬਕ ਚੇਤੇ ਰੱਖੀਂ,
ਦਿਲ ਨਾਲ ਜੀਣਾ ਪੈਣਾ, ਦਿਲ ਨਾ ਖ਼ਰਾਬ ਕਰ।

ਜਿਹੜਾ ਜਾ ਰਿਹਾ ਹੈ ਜਾਣ ਦੇ, ਮੁੜਨਾ ਨਾ ਓਸ ਨੇ,
ਚਿੱਤ ਆਪਣਾ ਅਜਾਈਂ, ਕਿੰਨਾ ਬੇਤਾਬ ਕਰ!

ਹੋਰਾਂ ਨੂੰ ਪਿਆਰ ਦੇ ਕੇ, ਖੁਦ ਪਿਆਰ ਪਿਆਰ ਹੋਵੇ,
ਹੱਥ ਘੁੱਟ ਨਾ ਤੂੰ ਐਵੇਂ, ਪੁੰਨ ਬੇਹਿਸਾਬ ਕਰ।

ਮੰਨਿਆਂ ਕਿ ਜ਼ਿੰਮੇਵਾਰੀ, ਤੇਰੀ ਹੋਰ ਹੈ ਬਥੇਰੀ,
ਕਰਨੇ ਵਾਲਾ ਹੈ ਜੋ ਕੰਮ, ਪਹਿਲਾ ਜਨਾਬ ਕਰ।

ਤੂਤੀ ਕਿਸੇ ਦੀ ਬੋਲਦੀ, ਤੈਨੂੰ ਬੋਲਦੀ ਸੁਣੇ ਨਾ,
ਚਿੱਤ ਆਪਣਾ ਤੂੰ ਸਭ ਤੋਂ, ਵਧ ਕੇ ਨਵਾਬ ਕਰ।

ਬੇਵੱਸ ਹੈਂ ਤੂੰ ਮੇਘਲੇ, ਛਾਏ ਜੋ ਅੰਬਰਾਂ 'ਤੇ,
ਧੁੱਪ ਮਾਨਣੀ ਜੇ ਜੂਹ ਦੀ, ਰੂਹ ਨਾ ਸਲ੍ਹਾਬ ਕਰ।

ਕਰਨਾ ਜੇ ਦਾਨ ਚਾਹੇਂ, ਮਨ ਮੌਜ ਵੰਡਿਆ ਕਰ,
ਕਰ ਦਏ ਜੋ ਜੀਣ ਜੋਗੇ, ਐਸਾ ਸੁਆਬ ਕਰ।

ਸ਼ੌਂਕੀ ਹੈ ਇਤਰ ਦਾ ਤੂੰ, 'ਢੇਸੀ' ਇਹ ਕਿਹਨੂੰ ਕੀਲੇ ?
ਮਹਿਕੇ ਮਹਿਕਾਏ ਜਿਹੜਾ, ਹਿਰਦਾ ਗੁਲਾਬ ਕਰ।



-ਕੁਲਵੰਤ ਸਿੰਘ 'ਢੇਸੀ' ਕਾਵੈਂਟਰੀ, ਯੂ.ਕੇ.
(Punjab Mail USA)

## ਮਾਂ ਜਾਈ ਬੋਲੀ

ਤੂੰ ਸੋਹਣੀ ਮੈਨੂੰ ਲੱਗਦੀ ਏਂ
ਜਦ ਬੁੱਲ੍ਹਾਂ ਵਿਚੋਂ ਕਿਰਦੀ ਏਂ
ਤੂੰ ਲੱਗਦੀ ਸ਼ਿੰਗਾਰੀ ਡੋਲੀ ਏਂ
ਹੋਰ ਨਹੀਂ ਕੋਈ ਹੋ ਸਕਦੀ
ਉਹ ਮੇਰੀ ਮਾਂ ਦੀ ਬੋਲੀ ਏ।

ਤੂੰ ਸਾਡਿਆਂ ਘਰਾਂ 'ਚ ਮੱਘਦੀ ਏਂ
ਤੂੰ ਹਰ ਦਮ ਦਿਲ ਵਿਚ ਜੱਗਦੀ ਏਂ
ਤੂੰ ਮਿਠੜੇ ਦੀਵੇ ਦੀ ਕੌਲੀ ਏ
ਹੋਰ ਨਹੀਂ ਕੋਈ ਹੋ ਸਕਦੀ
ਤੂੰ ਮੇਰੀ ਮਾਂ ਦੀ ਬੋਲੀ ਏ।

ਤੂੰ ਪੈਰ ਪਸਾਰੇ ਜੱਗ ਵਿਚ ਨੇ
ਹੈ ਹਰ ਕੋਈ ਤੇਰੀ ਖਿੱਚ ਵਿਚ ਨੇ
ਤੇਰੀ ਹੋਂਦ 'ਚ ਸਾਡੀ ਟੋਲੀ ਏ
ਹੋਰ ਨਹੀਂ ਕੋਈ ਹੋ ਸਕਦੀ
ਉਹ ਮੇਰੀ ਮਾਂ ਦੀ ਬੋਲੀ ਏ।

ਤੇਰੇ ਨਾਲ ਤਾਂ ਸਾਡੀ ਪਛਾਣ ਏ
ਤੇਰੇ ਨਾਲ ਹੀ ਇਹ ਜਹਾਨ ਏ
'ਗੁਰਜਤਿੰਦਰ' ਖੁਦ ਬੈਠਾ ਜਿਸ ਦੀ ਝੋਲੀ ਏ
ਹੋਰ ਨਹੀਂ ਕੋਈ ਹੋ ਸਕਦੀ
ਉਹ ਮੇਰੀ ਮਾਂ ਜਾਈ ਬੋਲੀ ਏ।



-ਗੁਰਜਤਿੰਦਰ ਸਿੰਘ ਰੰਧਾਵਾ,
ਸੈਕਰਾਮੈਂਟੋ
916-320-9444
(Punjab Mail USA)

## ਜੰਗਾਂ ਵਾਲਿਓ ਵੇ !

ਇਨਸਾਨ ਤੜਫ ਰਿਹਾ ਹੈ, ਜੰਗ ਦੀ ਭਰਮਾਰ ਹੈ,
ਅਫ਼ਸੋਸ ਹੈ ਕਿ ਜੰਗਬਾਜ਼, ਹਜੇ ਨ ਸ਼ਰਮਸਾਰ ਹੈ।
ਨਿੱਤ ਬੰਦੂਕਾਂ ਚੱਲਦੀਆਂ, ਅੰਬਰਾਂ ਤੋਂ ਬੰਬ ਬਰਸਦੇ,
ਪਿਆਰੇ ਜਿਨ੍ਹਾਂ ਦੇ ਵਿੱਛੜੇ, ਭਰ ਨੈਣ ਉਹ ਛਲਕਦੇ।

ਪਰਲੋ ਜਿਹੀ ਹੈ ਆ ਗਈ, ਥਾਵਾਂ ਸੁੰਨੀਆਂ ਵੀਰਾਨ,
ਪਸ਼ੂ ਪੰਛੀ ਬਨਸਪਤੀ ਦਾ, ਮਿਟਿਆ ਨਾਮੋ ਨਿਸ਼ਾਨ।
ਨਿਕਾਰਾ ਕੋਈ ਹੋ ਗਿਆ, ਉਡਿਆ ਹੈ ਧੜ ਕਿਸੇ ਦਾ,
ਬਾਰੂਦ ਦੇ ਧਮਾਕਿਆਂ ਨੇ, ਪੁੱਟਿਆ ਹੈ ਜੜ੍ਹ ਕਿਸੇ ਦਾ।

ਇਮਾਰਤਾਂ ਢਹਿ ਢੇਰੀ ਨੇ, ਮੱਚ ਗਿਆ ਕੋਹਰਾਮ ਹੈ,
ਦੇਖ ਲਓ ਫਲਸਤੀਨ ਵਿਚ, ਹੋਏ ਜੀਣਾ ਹਰਾਮ ਹੈ।
ਬੱਚੇ ਅਨਾਥ ਹੋ ਰਹੇ ਨੇ, ਨਹੀਂ ਪੁੱਛਦਾ ਕੋਈ ਹਾਲ ਹੈ,
ਕਾਫ਼ਰਾਂ ਨੂੰ ਤਰਸ ਨਹੀਂ, ਵਕਤ ਹੋਇਆ ਬਦਹਾਲ ਹੈ।

ਹੈ ਕੋਈ ਹਮਦਰਦ ਨਹੀਂ, ਨ ਸਿਸਕੀਆਂ ਸੁਣਦੈ ਕੋਈ,
ਹੋਏ ਮਾਨਵਤਾ ਦਾ ਘਾਣ, ਜਾਪਦਾ ਹੈ ਅੱਧਮੋਈ ਹੋਈ।
ਚੁਫ਼ੇਰੇ ਹੈ ਹਨ੍ਹੇਰ ਗਰਦੀ, ਗੁੰਡੀ ਰੰਨ ਪਰਧਾਨ ਫਿਰੇ,
ਹੈਵਾਨੀਅਤ ਦਾ ਰਾਜ ਹੈ, ਨ ਲੋਹੇ ਦੀ ਅੱਖੋਂ ਹੰਝੂ ਕਿਰੇ।

ਅੱਜ ਦੀ ਬਾਬਰਬਾਣੀ ਹੈ, ਦੇਖ ਰਿਹਾ ਸੱਚਾ ਕਰਤਾਰ,
'ਤੈਂ ਕੀ ਦਰਦ ਦਾ ਅਲਾਪ', ਨ ਗਾਵੇ ਬੰਦਾ ਮੁਰਦਾਰ।
ਸ਼ਾਲਾ ਕੋ' ਬਣ 'ਘੱਨਈਆ', ਜ਼ਖਮਾਂ 'ਤੇ ਮਲ੍ਹੱਮ ਕਰੇ,
ਜੀਵੇ ਮਰੀ ਇਨਸਾਨੀਅਤ, ਠੰਢੇ ਫੈਹੇ ਸ਼ਾਂਤੀ ਦੇ ਧਰੇ।



ਸੇਵਾ ਸਿੰਘ 'ਨੂਰਪੁਰੀ'
(Punjab Mail USA)

## ਗ਼ਜ਼ਲ

ਸੁਰਖ਼ ਨਿਗਾਹਾਂ ਦੇ ਵਿਚ ਡੋਰੇ ਲਗਦੇ ਨੇ ਕਮਜ਼ੋਰ ਜਿਹੇ।
ਅੰਬਰ ਵਿਚੋਂ ਟੁੱਟੀ ਗੁੱਡੀ ਦੀ ਲਹਿਰਾਉਂਦੀ ਡੋਰ ਜਿਹੇ।
ਚੰਨ ਦੇ ਚਾਨਣ ਤਾਰੇ ਲੈ ਕੇ ਚੁੱਪ ਚਪੀਤੀ ਰਲ ਮਿਲੇ ਕੇ,
ਸੰਨ ਲਗਾ ਕੇ ਰਾਤਾਂ ਅੰਦਰ ਚੋਰੀ ਕਰਦੇ ਚੋਰ ਜਿਹੇ।
ਮੇਰੀ ਹੋਂਦ 'ਚ ਨਿਕਲੇ ਨੇ ਜੋ ਹੋਂਦ ਮਿਰੀ ਦੇ ਪਰਛਾਵੇਂ,
ਸ਼ਾਮ ਢਲੇ ਨੂੰ ਦਿੱਸਦੇ ਨੇ ਜੋ ਹੋਰਾਂ ਵਰਗੇ ਹੋਰ ਜਿਹੇ।
ਤੇਰੀਆਂ ਯਾਦਾਂ ਵਾਲੇ ਝੁਰਮਟ ਏਦਾਂ ਫੇਰਾ ਪਾਉਂਦੇ ਨੇ,
ਜੰਗਲ ਦੇ ਵਿਚ ਖੰਭ ਫਿਲਾ ਕੇ ਬੈਠੇ ਨੇ ਜਿਉਂ ਮੋਰ ਜਿਹੇ।
ਬੀਤੇ ਸਮਿਆਂ ਦੇ ਜੰਗਲ ਵਿਚ ਮੇਰੀ ਜੰਨਤ ਵਿਚ ਨਜ਼ਾਰੇ,
ਹਿਰਨ ਕੁਲਾਚੇ ਭਰਦੇ ਵੇਖੇ ਬਿਲਕੁਲ ਤੇਰੀ ਤੋਰ ਜਿਹੇ।
ਮਾਰੂਥਲ ਦੇ ਚਿਹਰੇ ਉਤੇ ਮਾਯੂਸੀ ਦਾ ਆਲਮ ਸੀ,
ਬਿਨ ਬਾਰਿਸ਼ ਦੇ ਚੜ੍ਹ ਕੇ ਆਏ ਬੱਦਲ ਸੀ ਘਨਘੋਰ ਜਿਹੇ।
ਨਾ ਕੋਈ ਮੇਰੇ ਲਾਗੇ ਚਾਗੇ ਨਾ ਕੋਈ ਦੂਰ ਦੁਰਾਡੇ,
ਖਵਰੈ ਕਿੰਝ ਸੁਣਾਈ ਦੇਵਣ ਕੰਨਾਂ ਦੇ ਵਿਚ ਸ਼ੋਰ ਜਿਹੇ।
ਏਕੇ ਵਾਲੀ ਬਰਕਤ ਕਰਕੇ ਭਾਰੀ ਬੋਝ ਉਠਾ ਲੈਂਦੇ,
ਵੇਖਣ ਨੂੰ ਤਾਂ ਲੱਗਦੇ ਸੀ ਕੀੜੀ ਦੇ ਝੁੰਡ ਕਮਜ਼ੋਰ ਜਿਹੇ।
ਫਿਰ ਵਿਚ ਬਹਾਰਾਂ ਅਪਣੇ ਰੰਗ ਰੂਪ 'ਚ ਵੱਖਰੇ ਨੇ,
ਬੇਸ਼ੱਕ ਇਹ ਖ਼ੁਸ਼ਬੂ ਨਈਂ ਰੱਖਦੇ ਚਾਅ ਮੇਰੇ ਇਹ ਥੋਰ ਜਿਹੇ।
ਰਾਤੀਂ ਕਿਥੋਂ ਆਇਆ ਸੀ ਤੂੰ ਗੱਲਾਂ ਕਿੰਝ ਦੀਆਂ ਕਰਦਾ ਸੀ,
ਬਾਲਮ ਤੇਰੇ ਕਦਮ ਇਵੇਂ ਸੀ ਮੈਖ਼ਾਨੇ ਦੀ ਲੋਰ ਜਿਹੇ।



-ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ, ਗੁਰਦਾਸਪੁਰ ਪੰਜਾਬ
ਮੋ : 98156-25409
(Punjab Mail USA)

## ਪੰਜ ਪਾਣੀਆਂ ਵਾਲਾ ਸੂਬਾ

ਮੁਫ਼ਤ 'ਚ ਬਿਜਲੀ ਮੁਫਤ 'ਚ ਪਾਣੀ
ਮੁਫਤ 'ਚ ਆਟਾ ਦਾਲ।
ਪੰਜਾਬ ਨੂੰ ਕਰਤਾ ਸਬ-ਸਿਡਿਆਂ ਨੇ
ਅੱਜ ਹਾਲੋਂ ਬੇ-ਹਾਲ।

ਗੁਰੂਆਂ ਪੀਰਾਂ ਭਗਤਾਂ ਦੀ ਇਹ
ਧਰਤੀ ਨਸ਼ੇ 'ਚ ਡੁੱਬੀ
ਦੁਨੀਆਂ ਤਾਈਂ ਤਾਰਨ ਵਾਲੀ
ਇਹ ਚਿੱਕੜ ਵਿਚ ਖੁੱਭੀ
ਬੇਈਮਾਨ ਲੀਡਰਾਂ ਕਰਤਾ
ਇਸ ਨੂੰ ਜਮਾਂ ਕੰਗਾਲ।
ਪੰਜਾਬ ਨੂੰ ਕਰਤਾ.... .... ....।

ਵੱਡੇ ਵੱਡੇ ਵਾਅਦੇ ਕਰਕੇ
ਬਣ ਜਾਵਣ ਸਰਕਾਰਾਂ
ਮੁੜਕੇ ਨਾ ਕੋਈ ਆਕੇ ਲੈਂਦਾ
ਫਿਰ ਲੋਕਾਂ ਦੀਆਂ ਸਾਰਾਂ
ਜਨਤਾ ਨੂੰ ਕੁੱਟਣ ਤੇ ਲੁੱਟਣ
ਫਿਰ ਪੂਰੇ ਪੰਜ ਸਾਲ।
ਪੰਜਾਬ ਨੂੰ ਕਰਤਾ.... .... ....।

ਲੱਖਾਂ ਬੇਰੁਜ਼ਗਾਰ ਨੇ ਫਿਰਦੇ
ਵਧ ਗਈ ਬੇਰੁਜ਼ਗਾਰੀ
ਗੱਭਰੂ ਅੱਜ ਵਿਦੇਸ਼ਾਂ ਵੱਲ ਨੂੰ
ਰਹੇ ਨੇ ਮਾਰ ਉਡਾਰੀ
ਮਾਪੇ ਅਪਣੀਆਂ ਵੇਚ ਜ਼ਮੀਨਾਂ
ਭੇਜ ਰਹੇ ਨੇ ਲਾਲ।
ਪੰਜਾਬ ਨੂੰ ਕਰਤਾ.... .... ....।

ਅਰਬਾਂ ਦਾ ਪੰਜਾਬ 'ਤੇ ਕਰਜ਼ਾ
ਵਿਆਜ ਮੋੜ ਨਾ ਹੋਵੇ
ਪੰਜ ਪਾਣੀਆਂ ਵਾਲਾ ਸੂਬਾ
ਅੱਜ ਕਿਸਮਤ ਨੂੰ ਰੋਵੇ
"ਗਿੱਲ ਮਲਕੀਤ" ਪੰਜਾਬ ਦੀ
ਧਰਤੀ ਪੁੱਛਦੀ ਅੱਜ ਸਵਾਲ।
ਪੰਜਾਬ ਨੂੰ ਕਰਤਾ.... .... ....।



-ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 79865-28225
(Punjab Mail USA)

## ਆਓ ਇੱਕ ਨਵੀਂ ਦੁਨੀਆਂ ਸਿਰਜੀਏ ਦੋਸਤੋ

ਆਓ! ਇੱਕ ਨਵੀਂ ਦੁਨੀਆਂ ਸਿਰਜੀਏ ਦੋਸਤੋ
ਇਸ ਦੁਨੀਆਂ ਵਿਚੋਂ
ਘ੍ਰਿਣਾ, ਅਹੰਕਾਰ, ਈਰਖਾ, ਭ੍ਰਿਸ਼ਟਾਚਾਰ,
ਖੁਦਗਰਜ਼ੀ ਤੇ ਗਰੀਬੀ ਭਜਾਈਏ ਦੋਸਤੋ,
ਚਿਰਾਂ ਤੋਂ ਸੰਸਾਰ ਵਿਚ ਛਾਈ ਹੋਈ,
ਸਾਮਰਾਜਵਾਦੀ, ਬੇਇਨਸਾਫੀ, ਧੱਕੇਸ਼ਾਹੀ,
ਪੱਖਪਾਤ ਤੇ ਅਨੈਤਿਕਤਾ ਦੀ
ਸੋਚ ਨੂੰ ਭਜਾਈਏ ਦੋਸਤੋ,
ਐਸਾ ਸਮਾਜ ਸਿਰਜੀਏ ਦੋਸਤੋ,
ਜਿਸ ਵਿਚ ਬਰਾਬਰਤਾ, ਸੁਤੰਤਰਤਾ,
ਇਨਸਾਫ, ਭਾਈਚਾਰਕ ਸਾਂਝ ਪ੍ਰਾਪਤ ਹੋਵੇ ਦੋਸਤੋ।
ਅਜਿਹਾ ਸਮਾਜ ਜਿਸ ਵਿਚ
ਹਰ ਇੱਕ ਨੂੰ ਕੁੱਲੀ, ਗੁੱਲੀ ਤੇ ਜੁੱਲੀ ਪ੍ਰਾਪਤ ਹੋਵੇ ਦੋਸਤੋ।
ਹਰ ਇੱਕ ਦੀ ਜਾਨ, ਮਾਲ ਤੇ ਇੱਜ਼ਤ ਸੁੱਰਖਿਅਤ ਹੋਵੇ ਦੋਸਤੋ।
ਮਨੁੱਖਤਾ ਦਾ ਖੂਨ ਚੂਸਣ ਵਾਲੇ ਅਫਸਰਾਂ ਤੇ
ਭ੍ਰਿਸ਼ਟ ਰਾਜਨੀਤਿਕਾਂ ਨੂੰ ਭਜਾਈਏ ਦੋਸਤੋ।
ਇਸ ਦੇ ਲਈ ਸੰਘਰਸ਼ ਛੇੜੋ
ਐ ਨੌਜਵਾਨ ਦੋਸਤੋ।
ਕੁਰਬਾਨੀਆਂ ਤੇ ਸੰਘਰਸ਼ਾਂ ਤੋਂ ਬਿਨਾਂ
ਕਦੀ ਆਉਂਦੇ ਨਹੀਂ ਇਨਕਲਾਬ
ਇਸ ਗੱਲ ਦਾ ਇਤਿਹਾਸ ਗਵਾਹ ਹੈ
ਕਿ ਜਦੋਂ ਵੀ ਇਨਕਲਾਬ ਆਏ
ਤਾਂ ਕੁਰਬਾਨੀਆਂ ਤੇ ਸੰਘਰਸ਼ਾਂ ਨਾਲ ਹੀ ਆਏ।



-ਮਾਸਟਰ ਨਿਰਮਲ ਸਿੰਘ ਲਾਲੀ, ਯੂਬਾ ਸਿਟੀ
530-777-0955
(Punjab Mail USA)

## ਪਸ਼ੂਆਂ ਦੇ ਵੱਗ ਚਾਰਨ ਵਾਲੇ ਪਾਲੀ

ਵੇਲਾ ਲੰਘ ਗਿਆ, ਜਦੋਂ ਪਾਲੀ ਪਸ਼ੂਆਂ ਦੇ ਵਗ ਚਾਰਦੇ ਸੀ।
ਧੰਨ ਇਹ ਲੋਕ, ਪਸ਼ੂਆਂ ਮਗਰ ਫ਼ਿਰਦੇ ਨਹੀਂ ਹਾਰਦੇ ਸੀ।

ਜੇਠ ਹਾੜ ਦੀਆਂ ਧੁੱਪਾਂ, ਪਸ਼ੂਆਂ ਮਗਰ ਸਹਾਰਦੇ ਸੀ।
ਚਾਹ ਦਾ ਰਾਸ਼ਨ ਨਾਲ ਹੁੰਦਾ, ਲੋੜ ਪਈ ਅੱਗ ਬਾਲਦੇ ਸੀ।

ਪਸ਼ੂ ਦਾ ਮਾਲਕ ਜੋ ਹੁਕਮ ਕਰਦਾ, ਆਗਿਆ ਪਾਲਦੇ ਸੀ।
ਫ਼ਸਲ ਵਾਲੇ ਤੋਂ ਗਾਲ ਪੈ ਜਾਣੀ, ਹੱਸ ਕੇ ਸਵੀਕਾਰਦੇ ਸੀ।

ਰੱਬ ਦੀ ਰਜ਼ਾ ਵਿਚ ਖੁਸ਼ ਰਹਿਕੇ, ਸ਼ੁਕਰ ਗੁਜ਼ਾਰਦੇ ਸੀ।
ਪਸ਼ੂਆਂ ਨੂੰ ਚਾਰਦੇ, ਖੁਰਾਂ ਦਾ ਪੀ ਪਾਣੀ ਸੀਨਾ ਠਾਰਦੇ ਸੀ।

ਪਸ਼ੂ ਵੀ ਸਮਝਦੇ ਸਨ ਬੋਲੀ, ਜਦ ਉੱਚੀ ਹਾਕ ਮਾਰਦੇ ਸੀ।
ਮੁੱਲਾਂਪੁਰ ਪਸ਼ੂ ਚਾਰਕੇ, ਸ਼ਾਮ ਨੂੰ ਘਰੋਂ ਘਰੀ ਵਾੜਦੇ ਸੀ।



-ਸੁਖਵਿੰਦਰ ਸਿੰਘ ਮੁੱਲਾਂਪੁਰ
ਵ. ਅੱਪ : +91-99141-84794
(Punjab Mail USA)

## ਹੈ ਸਮਾਂ ਦਸਤਾਰਾਂ ਦਾ

ਬੰਨ੍ਹ ਲਵੋ ਹੁਣ ਸਿਰਾਂ 'ਤੇ, ਹੈ ਸਮਾਂ ਦਸਤਾਰਾਂ ਦਾ,
ਜਦੋਂ ਫ਼ਰਕਣ ਲੱਗਣ ਬੁੱਲ੍ਹ ਤਾਂ, ਹੈ ਸਮਾਂ ਇਜ਼ਹਾਰਾਂ ਦਾ।

ਜਬੈ ਬਾਣ ਲੱਗ ਜਾਵੇ, ਤਾਂ ਰੋਸ ਲਾਜ਼ਮੀ ਜਾਗੇਗਾ,
ਸਮਾਂ ਆ ਜਾਂਦਾ ਜਬਰ ਤੋਂ, ਮੁਨਕਰ ਇਨਕਾਰਾਂ ਦਾ।

ਅੱਤ ਦੇ ਜ਼ੁਲਮ ਦੇ ਅੱਗੇ, ਗੋਡੇ ਟੇਕਣ ਬਾਝੋਂ,
ਅਣਖ ਦੀ ਖਾਤਰ ਚੁੱਕਣਾ, ਬਣਦਾ ਹਥਿਆਰਾਂ ਦਾ।

ਕਿਰਪਾ ਕਿਰਪਾਨ ਦੀ ਹੁੰਦੀ, ਰਾਖੀ ਮਜ਼ਲੂਮ ਲਈ,
ਬੇ ਮਾਅਨੇ ਲਿਸ਼ਕਾਉਣਾ, ਨ੍ਹੀਂ ਕੰਮ ਤਲਵਾਰਾਂ ਦਾ।

ਨੀਵੀਂ ਪਾਣਾ ਨਿਸ਼ਾਨੀ, ਹੈ ਮਜਬੂਰੀ ਦੀ,
ਬੇਸ਼ਰਮੀ ਨਾਲ ਜੀਣਾ, ਹੈ ਕੰਮ ਗ਼ਦਾਰਾਂ ਦਾ।

ਪਿਛਲੱਗ ਤਾਂ ਬਹੁਤੇ ਆਮ, ਟਕਿਆਂ 'ਤੇ ਵਿੱਕ ਜਾਂਦੇ,
ਕੌਮਾਂ ਦੇ ਰਹਿਬਰ ਬਣਨਾ, ਹੈ ਕੰਮ ਸਰਦਾਰਾਂ ਦਾ।

ਝੂਠ ਦਾ ਚਾਰਾ ਚਰਦੇ, ਖੁਦ ਵੀ ਚਰੇ ਜਾਂਦੇ,
ਵਾਰਸ ਵਿਰਲਾ ਕੋਈ ਲੱਭਦਾ, ਅਣਖੀ ਪਰਿਵਾਰਾਂ ਦਾ।

ਸ਼ਹਾਦਤਾਂ ਕੁਰਬਾਨੀਆਂ, ਵਿਕਦੀਆਂ ਨਹੀਂ ਕਦੀ,
ਸੌਦੇਬਾਜ਼ੀਆਂ ਕਰਨਾ, ਹੈ ਕੰਮ ਗੰਵਾਰਾਂ ਦਾ।

ਬੰਨ੍ਹ ਲਵੋ ਹੁਣ ਸਿਰਾਂ 'ਤੇ, ਹੈ ਸਮਾਂ ਦਸਤਾਰਾਂ ਦਾ,
ਜਦ ਫਰਕਣ ਲੱਗਣ ਬੁੱਲ੍ਹ ਤਾਂ, ਹੈ ਸਮਾਂ ਇਜ਼ਹਾਰਾਂ ਦਾ।



-ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
(Punjab Mail USA)




REALTY ONE GROUP

Gurjatinder S. Randhawa

REALTOR CA DRE licence # 01490567



Gurjatinder S. Randhawa

REALTOR CA DRE licence # 01490567

FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa

916-320-9444

web: www.RealtorRandhawa.com

garysingh123@yahoo.com